ਵੀਰਵਾਰ, 24 ਅਪ੍ਰੈਲ, 2025
12 ਵਿਸਾਖ { ਨਾਨਕਸ਼ਾਹੀ 557, ਬਿਕਰਮੀ 2082 }
ਜਿਲਦ/VOL. : 73
ਅੰਕ/NO. : 323

ਰੋਜ਼ਾਨਾ
# ਨਵਾਂ ਜ਼ਮਾਨਾ
DAILY NAWAN ZAMANA • THURSDAY, 24 APRIL, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160
YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਕਸ਼ਮੀਰੀਆਂ ਵੱਲੋਂ ਦਹਿਸ਼ਤਗਰਦਾਂ ਨੂੰ ਲਾਹਨਤਾਂ



## ਕਤਲੇਆਮ ਖਿਲਾਫ ਵਾਦੀ 'ਚ ਆਪ-ਮੁਹਾਰਾ ਬੰਦ, ਥਾਂ-ਥਾਂ ਪ੍ਰੋਟੈੱਸਟ ਮਾਰਚ

**ਸ੍ਰੀਨਗਰ** : ਪਹਿਲਗਾਮ ਨੇੜੇ 26 ਸੈਲਾਨੀਆਂ ਸਣੇ 27 ਲੋਕਾਂ ਦੇ ਕਤਲੇਆਮ ਖਿਲਾਫ ਕਸ਼ਮੀਰ ਵਾਦੀ ਬੁੱਧਵਾਰ ਮੁਕੰਮਲ ਬੰਦ ਰਹੀ। ਅਜਿਹਾ 35 ਸਾਲਾਂ ਵਿੱਚ ਪਹਿਲੀ ਵਾਰ ਦੇਖਣ ਨੂੰ ਮਿਲਿਆ। ਮਸਜਿਦ ਤੋਂ ਲੋਕਾਂ ਨੂੰ ਬੰਦ ਕਰਨ ਦੀਆਂ ਅਪੀਲਾਂ ਕੀਤੀਆਂ ਗਈਆਂ ਤੇ ਲੋਕਾਂ ਨੇ ਆਪਮੁਹਾਰੇ ਸੜਕਾਂ/ਗਲੀਆਂ ਵਿੱਚ ਨਿਕਲ ਕੇ ਦਹਿਸ਼ਤਗਰਦਾਂ ਨੂੰ ਭੰਡਿਆ। ਸ੍ਰੀਨਗਰ ਤੋਂ ਅਨੰਤਨਾਗ, ਸ਼ੋਪੀਆਂ ਤੋਂ ਬਾਰਾਮੂਲਾ ਤੱਕ ਲੋਕਾਂ ਨੇ ਪ੍ਰੋਟੈੱਸਟ ਮਾਰਚ ਕੀਤੇ। ਧਾਰਾ 370 ਤੋਂ ਬਾਅਦ ਕਿਸੇ ਵੀ ਤਰ੍ਹਾਂ ਦੇ ਪ੍ਰੋਟੈੱਸਟ ਦੀ ਆਗਿਆ ਨਾ ਦੇਣ ਵਾਲੇ ਅਧਿਕਾਰੀਆਂ ਨੇ ਕਿਸੇ ਨੂੰ ਵੀ ਪ੍ਰੋਟੈੱਸਟ ਕਰਨ ਤੋਂ ਨਹੀਂ ਰੋਕਿਆ।

ਸ੍ਰੀਨਗਰ ਵਿੱਚ ਪ੍ਰੋਟੈੱਸਟ ਮਾਰਚ ਦੀ ਅਗਵਾਈ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫਤੀ ਨੇ ਕੀਤੀ। ਲਾਲ ਚੌਕ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ—ਇਹ ਹਮਲਾ ਸੈਲਾਨੀਆਂ 'ਤੇ ਨਹੀਂ, ਸਗੋਂ ਕਸ਼ਮੀਰ ਦੀ ਆਤਮਾ 'ਤੇ ਹੈ।

ਸਭ ਤੋਂ ਖ਼ੂਬਸੂਰਤ ਸੈਰਗਾਹ ਪਹਿਲਗਾਮ ਵਿੱਚ ਦੁਕਾਨਦਾਰਾਂ ਤੇ ਹੋਟਲਾਂ ਵਾਲਿਆਂ ਨੇ ਪ੍ਰੋਟੈੱਸਟ ਮਾਰਚ ਕੀਤਾ। ਉਨ੍ਹਾਂ ਹਿੰਦੁਸਤਾਨ ਜ਼ਿੰਦਾਬਾਦ ਤੇ 'ਮੈਂ ਹਿੰਦੁਸਤਾਨੀ ਹਾਂ' ਦੇ ਨਾਅਰੇ ਬੁਲੰਦ ਕੀਤੇ। ਉਨ੍ਹਾਂ ਕਿਹਾ ਕਿ ਉਹ ਫਸੇ ਸੈਲਾਨੀਆਂ ਨੂੰ 15 ਦਿਨਾਂ ਤੱਕ ਮੁਫਤ ਰਿਹਾਇਸ਼ ਦੇਣਗੇ। ਇੱਕ ਹੋਟਲ ਮਾਲਕ ਆਸਿਫ ਬੁਰਜਾ ਨੇ ਕਿਹਾ—ਹਮਲਾ ਇਨਸਾਨੀਅਤ ਖਿਲਾਫ ਸੀ। ਇਹ ਸੈਰ-ਸਪਾਟੇ, ਅਰਥਚਾਰੇ ਦੀ ਗੱਲ ਨਹੀਂ, ਸਾਡੇ ਸਿਰ ਸ਼ਰਮ ਨਾਲ ਝੁਕ ਗਏ ਹਨ। ਮਰਨ ਵਾਲਿਆਂ ਦਾ ਕੀ ਕਸੂਰ ਸੀ? ਉਹ ਤਾਂ ਇੱਥੇ ਘੁੰਮਣ-ਫਿਰਨ ਆਏ ਸਨ।

ਗੰਦਰਬਲ ਵਿੱਚ ਪ੍ਰੋਟੈੱਸਟਰ ਫਾਰੂਕ ਡਾਰ ਨੇ ਕਿਹਾ—ਅਸੀਂ ਅਮਨਪਸੰਦ ਲੋਕ ਹਾਂ। ਹਿੰਸਾ ਦੇ ਵਿਰੋਧੀ ਹਾਂ। ਖ਼ੂਨ-ਖਰਾਬਾ ਬੰਦ ਹੋਣਾ ਚਾਹੀਦਾ ਹੈ।

ਹੁਰੀਅਤ ਕਾਨਫਰੰਸ ਦੇ ਚੇਅਰਮੈਨ ਮੀਰਵਾਇਜ਼ ਉਮਰ ਫਾਰੂਕ ਨੇ ਕੁਰਾਨ ਦੇ ਹਵਾਲੇ ਨਾਲ ਕਿਹਾ—ਜੋ ਵੀ ਬੇਗੁਨਾਹ ਆਤਮਾ ਨੂੰ ਮਾਰਦਾ ਹੈ, ਉਹ ਸਮੁੱਚੀ ਇਨਸਾਨੀਅਤ ਦਾ ਕਤਲ ਕਰਦਾ ਹੈ। ਹਮਲੇ ਤੋਂ ਬਾਅਦ ਜੰਮੂ-ਸ੍ਰੀਨਗਰ ਹਾਈਵੇ ਬੰਦ ਕਰ ਦਿੱਤੇ ਜਾਣ ਕਾਰਨ ਰਾਜੌਰੀ ਜ਼ਿਲ੍ਹੇ ਵਿੱਚ ਮਸਜਿਦਾਂ ਦੇ ਦਰਵਾਜ਼ੇ ਰਾਤ ਭਰ ਖੁੱਲ੍ਹੇ ਰੱਖੇ ਗਏ, ਤਾਂ ਕਿ ਫਸੇ ਸੈਲਾਨੀ ਪਨਾਹ ਲੈ ਸਕਣ। ਲਾਊਡ ਸਪੀਕਰਾਂ ਤੋਂ ਐਲਾਨ ਕੀਤਾ ਗਿਆ ਕਿ ਬੁੱਧਵਾਰ ਦੇ ਬੰਦ ਦੇ ਸੱਦੇ ਦੀ ਲੋਕ ਹਮਾਇਤ ਕਰਨ। ਵਾਦੀ ਵਿੱਚ ਕਸ਼ਮੀਰੀਆਂ ਨੇ ਹਮਲੇ ਦੇ ਵਿਰੋਧ ਵਿੱਚ ਦੁਕਾਨਾਂ, ਪੈਟਰੋਲ ਪੰਪ ਤੇ ਵਪਾਰਕ ਅਦਾਰੇ ਬੰਦ ਰੱਖੇ। ਇਹ ਹਮਲਾ ਉਦੋਂ ਹੋਇਆ, ਜਦੋਂ ਪਿਛਲੇ ਸਾਲ 30 ਲੱਖ ਲੋਕਾਂ ਨੇ ਕਸ਼ਮੀਰ ਦਾ ਦੌਰਾ ਕੀਤਾ ਸੀ ਤੇ ਟੂਰਿਜ਼ਮ ਸੀਜ਼ਨ ਸਿਖਰ 'ਤੇ ਸੀ।

## ਦਹਿਸ਼ਤਗਰਦਾਂ ਦੇ ਸਕੈੱਚ ਜਾਰੀ



**ਸ੍ਰੀਨਗਰ** : ਸੁਰੱਖਿਆ ਏਜੰਸੀਆਂ ਨੇ ਬੁੱਧਵਾਰ ਉਨ੍ਹਾਂ ਤਿੰਨ ਮਸ਼ਕੂਕਾਂ ਦੇ ਸਕੈੱਚ ਜਾਰੀ ਕੀਤੇ ਹਨ, ਜਿਨ੍ਹਾਂ ਉਤੇ ਮੰਗਲਵਾਰ ਨੂੰ ਪਹਿਲਗਾਮ ਨੇੜੇ ਹੋਏ ਅੱਤਵਾਦੀ ਹਮਲੇ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ। ਇਹ ਆਦਮੀ ਆਸਿਫ ਫੌਜੀ, ਸੁਲੇਮਾਨ ਸ਼ਾਹ ਅਤੇ ਅਬੂ ਤਲਹਾ ਹਨ। ਤਿੰਨਾਂ ਅੱਤਵਾਦੀਆਂ ਦੇ ਕੋਡ ਨਾਂਅ ਮੂਸਾ, ਯੂਨਸ ਅਤੇ ਆਸਿਫ ਹਨ। ਇਹ ਪੁਣਛ ਵਿੱਚ ਹੋਈਆਂ ਅੱਤਵਾਦ ਨਾਲ ਸੰਬੰਧਤ ਘਟਨਾਵਾਂ ਵਿੱਚ ਸ਼ਾਮਲ ਸਨ। ਅਧਿਕਾਰੀਆਂ ਨੇ ਕਿਹਾ ਕਿ ਸਕੈੱਚ ਦਹਿਸ਼ਤੀ ਹਮਲੇ ਦੌਰਾਨ ਬਚੇ ਲੋਕਾਂ ਦੀ ਮਦਦ ਨਾਲ ਤਿਆਰ ਕੀਤੇ ਗਏ।

ਪਾਕਿਸਤਾਨ ਸਥਿਤ ਪਾਬੰਦੀਸ਼ੁਦਾ ਦਹਿਸ਼ਤੀ ਤਨਜ਼ੀਮ ਲਸ਼ਕਰ-ਏ-ਤਈਬਾ ਨਾਲ ਸੰਬੰਧਤ ਇਕ ਲੁਕਵੇਂ ਅੱਤਵਾਦੀ ਸਮੂਹ 'ਦਾ ਰਜਿਸਟੈਂਸ ਫਰੰਟ' ਨੇ ਹਮਲੇ ਦੀ ਜ਼ਿੰਮੇਵਾਰੀ ਲਈ ਸੀ।

## ਦਲੇਰੀ ਦਿਖਾਈ

**ਪਹਿਲਗਾਮ** : ਸੈਲਾਨੀਆਂ ਤੋਂ ਇਲਾਵਾ ਜਿਹੜਾ ਸਈਅਦ ਆਦਿਲ ਹੁਸੈਨ ਸ਼ਾਹ ਮਾਰਿਆ ਗਿਆ, ਉਹ ਖੱਚਰ 'ਤੇ ਸੈਲਾਨੀਆਂ ਨੂੰ ਸੈਰ ਕਰਾਉਂਦਾ ਸੀ। ਸ਼ਾਹ ਨੇ ਹਮਲੇ ਦੌਰਾਨ ਇੱਕ ਦਹਿਸ਼ਤਗਰਦ ਤੋਂ ਬੰਦੂਕ ਖੋਹਣ ਦੀ ਕੋਸ਼ਿਸ਼ ਕੀਤੀ, ਪਰ ਬਦਕਿਸਮਤੀ ਨਾਲ ਉਹ ਵੀ ਦਹਿਸ਼ਤਗਰਦ ਹੱਥੋਂ ਮਾਰਿਆ ਗਿਆ। ਉਸ ਦੇ ਪਰਵਾਰ ਵਿੱਚ ਮਾਂ, ਬਾਪ, ਪਤਨੀ ਤੇ ਬੱਚੇ ਹਨ। ਉਹ ਹੀ ਇੱਕੋ-ਇੱਕ ਕਮਾਊ ਜੀਅ ਸੀ। ਪਿਤਾ ਸਈਅਦ ਹੈਦਰ ਸ਼ਾਹ ਨੇ ਦੱਸਿਆ—ਮੇਰਾ ਬੇਟਾ ਮੰਗਲਵਾਰ ਪਹਿਲਗਾਮ ਕੰਮ 'ਤੇ ਗਿਆ। ਕਰੀਬ ਤਿੰਨ ਵਜੇ ਅਸੀਂ ਹਮਲੇ ਦੀ ਖਬਰ ਸੁਣੀ। ਅਸੀਂ ਉਸ ਨੂੰ ਫੋਨ ਕੀਤਾ, ਪਰ ਸਵਿੱਚ ਆਫ ਆਇਆ। ਸ਼ਾਮੀਂ 4 ਵੱਜ ਕੇ 40 ਮਿੰਟ 'ਤੇ ਫੋਨ ਵੱਜਿਆ, ਪਰ ਕਿਸੇ ਨੇ ਜਵਾਬ ਨਹੀਂ ਦਿੱਤਾ। ਅਸੀਂ ਥਾਣੇ ਵੱਲ ਭੱਜੇ ਤੇ ਉੱਥੇ ਉਸ ਦੇ ਗੋਲੀ ਲੱਗਣ ਦਾ ਪਤਾ ਲੱਗਾ, ਜਿਸ ਨੇ ਵੀ ਇਹ ਕੀਤਾ, ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

## ਦੋ ਘੁਸਪੈਠੀਏ ਮਾਰੇ

**ਸ੍ਰੀਨਗਰ** : ਬੁੱਧਵਾਰ ਤੜਕੇ ਜੰਮੂ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ 'ਤੇ ਘੁਸਪੈਠ ਦੀ ਕੋਸ਼ਿਸ਼ ਨੂੰ ਨਾਕਾਮ ਕਰਦਿਆਂ ਜਵਾਨਾਂ ਨੇ ਦੋ ਅੱਤਵਾਦੀ ਮਾਰ ਦਿੱਤੇ। ਚਿਨਾਰ ਕੋਰ ਨੇ ਦੱਸਿਆ ਕਿ 2-3 ਅਣਪਛਾਤੇ ਅੱਤਵਾਦੀਆਂ ਨੇ ਉੜੀ ਨਾਲਾ ਵਿਖੇ ਜਨਰਲ ਏਰੀਆ ਸਰਜੀਵਨ ਰਾਹੀਂ ਘੁਸਪੈਠ ਕਰਨ ਦੀ ਕੋਸ਼ਿਸ਼ ਕੀਤੀ।

## ਫਿਰਕੂ ਪਾੜੇ ਪਾਉਣ ਦਾ ਨਤੀਜਾ : ਵਾਡਰਾ

**ਨਵੀਂ ਦਿੱਲੀ** : ਪ੍ਰਿਅੰਕਾ ਗਾਂਧੀ ਦੇ ਬਿਜ਼ਨਸਮੈਨ ਪਤੀ ਰਾਬਰਟ ਵਾਡਰਾ ਨੇ ਕਿਹਾ ਹੈ ਕਿ ਪਹਿਲਗਾਮ ਦਾ ਹਮਲਾ ਭਾਰਤ ਵਿੱਚ ਵੱਖ-ਵੱਖ ਭਾਈਚਾਰਿਆਂ ਵਿਚਾਲੇ ਪਾਈ ਜਾ ਰਹੀ ਵੰਡ ਦਾ ਨਤੀਜਾ ਹੈ। ਮਾਰੇ ਜਾਣ ਵਾਲਿਆਂ ਤੇ ਜ਼ਖ਼ਮੀ ਹੋਣ ਵਾਲਿਆਂ ਦੇ ਪਰਵਾਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਵਾਡਰਾ ਨੇ ਕਿਹਾ—ਸਾਡੇ ਦੇਸ਼ ਵਿੱਚ ਅਸੀਂ ਦੇਖਦੇ ਹਾਂ ਕਿ ਸਰਕਾਰ ਹਿੰਦੁਤਵ ਦੀ ਗੱਲ ਕਰਦੀ ਹੈ ਅਤੇ ਘੱਟ ਗਿਣਤੀਆਂ ਅਸਹਿਜ ਮਹਿਸੂਸ ਕਰ ਰਹੀਆਂ ਹਨ, ਜੇ ਤੁਸੀਂ ਇਸ ਹਮਲੇ ਦੀ ਚੀਰਫਾੜ ਕਰੋ ਤਾਂ ਦੇਖੋਗੇ ਕਿ ਦਹਿਸ਼ਤਗਰਦਾਂ ਨੇ ਸੈਲਾਨੀਆਂ ਦੀ ਪਛਾਣ ਕਿਉਂ ਪੁੱਛੀ? ਇਸ ਕਰਕੇ ਕਿਉਂਕਿ ਦੇਸ਼ ਵਿੱਚ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਪਾੜਾ ਪਾ ਦਿੱਤਾ ਗਿਆ ਹੈ। ਦਹਿਸ਼ਤਗਰਦ ਜਥੇਬੰਦੀਆਂ ਸਮਝਦੀਆਂ ਹਨ ਕਿ ਹਿੰਦੂ ਸਾਰੇ ਮੁਸਲਮਾਨਾਂ ਲਈ ਮੁਸ਼ਕਲ ਪੈਦਾ ਕਰ ਰਹੇ ਹਨ। ਪਛਾਣ ਪੁੱਛ ਕੇ ਮਾਰਨਾ ਪ੍ਰਧਾਨ ਮੰਤਰੀ ਲਈ ਸੁਨੇਹਾ ਹੈ, ਕਿਉਂਕਿ ਮੁਸਲਮਾਨ ਖੁਦ ਨੂੰ ਕਮਜ਼ੋਰ ਹੋ ਗਏ ਮਹਿਸੂਸ ਕਰ ਰਹੇ ਹਨ। ਘੱਟ ਗਿਣਤੀਆਂ ਖੁਦ ਨੂੰ ਕਮਜ਼ੋਰ ਮਹਿਸੂਸ ਕਰ ਰਹੀਆਂ ਹਨ।

## ਸਿਆਸਤ ਦਾ ਵੇਲਾ ਨਹੀਂ, ਮੂੰਹ-ਤੋੜ ਜਵਾਬ ਦੇਣ ਦੀ ਲੋੜ : ਖੜਗੇ

ਬੇਂਗਲੁਰੂ : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਇੱਥੇ ਕਿਹਾ ਕਿ ਸਰਕਾਰ ਨੂੰ ਪਹਿਲਗਾਮ ਅੱਤਵਾਦੀ ਹਮਲੇ ਦੇ ਮੱਦੇਨਜ਼ਰ ਸਰਬ-ਪਾਰਟੀ ਮੀਟਿੰਗ ਸੱਦ ਕੇ ਸਾਰੀਆਂ ਧਿਰਾਂ ਨਾਲ ਅੱਤਵਾਦ ਦੀ ਚੁਣੌਤੀ ਨਾਲ ਨਜਿੱਠਣ ਬਾਰੇ ਚਰਚਾ ਕਰਨੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਅੱਤਵਾਦ ਖਿਲਾਫ ਲੜਾਈ 'ਚ ਸਾਰੇ ਲੋਕ ਸਰਕਾਰ ਨਾਲ ਇਕਜੁੱਟ ਹੋ ਕੇ ਖੜ੍ਹੇ ਹਨ ਅਤੇ ਅੱਤਵਾਦੀਆਂ ਦੀ ਇਸ ਕਾਰਵਾਈ ਦਾ ਮੂੰਹ-ਤੋੜ ਜਵਾਬ ਦੇਣ ਦੀ ਲੋੜ ਹੈ।

ਖੜਗੇ ਨੇ ਕਿਹਾ, 'ਪਹਿਲਗਾਮ ਹਮਲਾ ਸਾਡੇ ਦੇਸ਼ ਦੀ ਏਕਤਾ ਅਤੇ ਅਖੰਡਤਾ 'ਤੇ ਕਾਇਰਾਨਾ ਹਮਲਾ ਹੈ। ਸਾਲ 2000 ਵਿੱਚ ਹੋਏ ਚਿੱਟੀਸਿੰਘਪੁਰਾ ਕਤਲੇਆਮ ਮਗਰੋਂ ਇਹ ਹਮਲਾ ਅੱਤਵਾਦੀਆਂ ਅਤੇ ਵੱਖਵਾਦੀਆਂ ਵੱਲੋਂ ਕੀਤੇ ਗਏ ਸਭ ਤੋਂ ਘਿਨਾਉਣੇ ਹਮਲਿਆਂ 'ਚ ਇੱਕ ਹੈ। ਅਸੀਂ ਦ੍ਰਿੜ੍ਹਤਾ ਨਾਲ ਦੁਹਰਾਉਂਦੇ ਹਾਂ ਕਿ ਨਿਹੱਥੇ ਅਤੇ ਨਿਰਦੋਸ਼ ਨਾਗਰਿਕਾਂ ਦੀ ਹੱਤਿਆ ਕਰਨ ਵਾਲੇ ਇਨਸਾਨ ਨਹੀਂ ਹੋ ਸਕਦੇ।' ਕਾਂਗਰਸ ਪ੍ਰਧਾਨ ਨੇ ਦੱਸਿਆ ਕਿ ਉਨ੍ਹਾ ਬੁੱਧਵਾਰ ਦੇਰ ਸ਼ਾਮ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੇ ਹੋਰ ਸਥਾਨਕ ਨੇਤਾਵਾਂ ਨਾਲ ਗੱਲਬਾਤ ਵੀ ਕੀਤੀ। ਖੜਗੇ ਨੇ ਕਿਹਾ ਕਿ ਇਸ ਘਟਨਾ ਸੰਬੰਧੀ ਕਾਂਗਰਸ ਕਾਰਜਕਾਰੀ ਕਮੇਟੀ ਵੀਰਵਾਰ ਸਵੇਰੇ 11 ਵਜੇ ਨਵੀਂ ਦਿੱਲੀ ਵਿੱਚ ਮੀਟਿੰਗ ਕਰੇਗੀ।

ਉਨ੍ਹਾ ਇਸ ਗੱਲ 'ਤੇ ਜ਼ੋਰ ਦਿੱਤਾ, 'ਇਹ ਵੇਲਾ ਕੋਈ ਸਿਆਸਤ ਕਰਨ ਦਾ ਨਹੀਂ। ਸਾਡੇ ਸੈਲਾਨੀਆਂ ਨੂੰ ਇਨਸਾਫ ਦਿਵਾਉਣ ਦਾ ਹੈ।' ਕਾਂਗਰਸ ਪ੍ਰਧਾਨ ਨੇ ਕਿਹਾ, 'ਇਸ ਸਮੇਂ ਅਸੀਂ ਸਭ ਇਕਜੁੱਟ ਹਾਂ। ਇਹ ਭਾਰਤੀ ਰਾਜ 'ਤੇ ਸਿੱਧਾ ਹਮਲਾ ਹੈ। ਪਾਕਿਸਤਾਨੀ ਅੱਤਵਾਦੀ ਸੰਗਠਨ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਸਾਨੂੰ ਇਸ ਦਾ ਮੂੰਹ-ਤੋੜ ਜਵਾਬ ਦੇਣਾ ਪਵੇਗਾ।'

ਖੜਗੇ ਨੇ ਕਿਹਾ ਕਿ ਸਰਕਾਰ ਨੂੰ ਆਪਣੀ ਸਾਰੀ ਤਾਕਤ ਲਗਾ ਕੇ ਅੱਤਵਾਦੀਆਂ ਨੂੰ ਲੱਭਣਾ ਚਾਹੀਦਾ ਹੈ। ਉਨ੍ਹਾ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਰਕਾਰ ਨੂੰ ਸਰਬ-ਪਾਰਟੀ ਮੀਟਿੰਗ ਸੱਦ ਕੇ ਸਲਾਹ ਲੈਣੀ ਚਾਹੀਦੀ ਹੈ। ਖੜਗੇ ਨੇ ਕਿਹਾ, 'ਇਹ ਸਿਆਸਤ ਨਹੀਂ ਅਤੇ ਅਸੀਂ ਇਸ ਸਥਿਤੀ 'ਚ ਸਿਆਸਤ ਨਹੀਂ ਚਾਹੁੰਦੇ।'

## ਕਤਲੇਆਮ ਦੀ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਜ਼ੋਰਦਾਰ ਨਿੰਦਾ

**ਜਲੰਧਰ**—ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਫੁੱਲਾਂ ਲੱਦੀ ਕਸ਼ਮੀਰ ਦੀ ਘਾਟੀ ਅੰਦਰ ਸੈਲਾਨੀਆਂ ਨੂੰ ਚੋਣਵਾਂ ਨਿਸ਼ਾਨਾ ਬਣਾ ਕੇ ਕੀਤੀ ਗੋਲੀਆਂ ਦੀ ਵਾਛੜ ਨੇ ਦੇਸ਼ ਦੁਨੀਆ ਵਿੱਚ ਵਸਦੇ ਲੋਕ ਦਰਦੀ, ਅਮਨ ਪਸੰਦ ਅਤੇ ਸਮਾਜਿਕ ਭਾਈਚਾਰਕ ਸਾਂਝ ਪ੍ਰਤੀ ਸੰਵੇਦਨਸ਼ੀਲ ਹਰ ਵਿਅਕਤੀ ਦਾ ਕਲੇਜਾ ਵਲੂੰਧਰ ਕੇ ਰੱਖ ਦਿੱਤਾ ਹੈ।ਦੇਸ਼ ਭਗਤ ਯਾਦਗਾਰ ਕਮੇਟੀ ਦਾ ਕਹਿਣਾ ਹੈ ਕਿ ਬੇਦੋਸ਼ੇ, ਨਿਹੱਥੇ ਅਤੇ ਕਸ਼ਮੀਰ ਦੀਆਂ ਖ਼ੁਸ਼ਬੋਈਆਂ ਨਾਲ਼ ਮਹਿਕਦੀਆਂ ਹਵਾਵਾਂ ਦਾ ਆਨੰਦ ਮਾਨਣ ਲਈ ਘਰਾਂ ਤੋਂ ਆਏ ਸੈਲਾਨੀਆਂ ਨੂੰ ਸਦਾ ਦੀ ਨੀਂਦ ਸੁਲਾ ਦੇਣ ਦੇ ਖ਼ੂਨੀ ਕਾਰੇ ਦੀ ਪੁਰਜ਼ੋਰ ਨਿੰਦਾ ਕਰਨਾ ਹਰ ਨਾਗਰਿਕ ਦਾ ਨੈਤਿਕ ਫਰਜ਼ ਹੈ। ਉਹਨਾਂ ਕਿਹਾ ਕਿ ਮ੍ਰਿਤਕ ਅਤੇ ਜ਼ਖਮੀਆਂ ਦੇ ਪਰਵਾਰਾਂ, ਸਾਕ-ਸੰਬੰਧੀਆਂ ਅਤੇ ਸੰਗੀ ਸਾਥੀਆਂ ਦੇ ਗਹਿਰੇ ਦੁੱਖ 'ਚ ਦੇਸ਼ ਭਗਤ ਯਾਦਗਾਰ ਕਮੇਟੀ ਸ਼ਰੀਕ ਹੈ।

ਕਮੇਟੀ ਨੇ ਲੋਕਾਂ ਖਿਲਾਫ਼ ਹਥਿਆਰ ਬਣਾ ਕੇ ਵਰਤੀ ਜਾਂਦੀ ਹਰ ਤਰ੍ਹਾਂ ਦੀ ਹਿੰਸਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਹ ਵੀ ਕਿਹਾ ਹੈ ਕਿ ਹਰ ਨਾਗਰਿਕ ਲਈ ਇਹ ਵੀ ਅਤਿ ਜ਼ਰੂਰੀ ਹੈ ਕਿ ਉਹ ਇਸ ਘਟਨਾ ਦੀ ਜਾਗਦੀ ਨਜ਼ਰ ਨਾਲ਼ ਵਿਗਿਆਨਕ ਨਜ਼ਰੀਏ ਤੋਂ ਘੋਖਵੀਂ ਪੜਤਾਲ ਕਰਨ ਦਾ ਆਪਣਾ ਹੱਕ ਜਿਤਾਵੇ ਅਤੇ ਬੀਤੇ ਇਤਿਹਾਸ ਦੀਆਂ ਪੈੜਾਂ ਨੂੰ ਸਾਹਮਣੇ ਰੱਖਦਿਆਂ ਘੋਖ-ਪੜਤਾਲ ਕਰਨ ਅਤੇ ਬੇਬਾਕੀ ਨਾਲ਼ ਸੁਲਘਦੇ ਸੁਆਲਾਂ ਦੇ ਜਵਾਬ ਤਲਾਸ਼ਣ ਲਈ ਆਵਾਮ ਨੂੰ ਜਾਗਰੂਕ ਕਰਨ ਲਈ ਅੱਗੇ ਆਏ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਕਿਹਾ ਕਿ ਬੀਤੇ ਸਮੇਂ ਦੀਆਂ

ਬਾਕੀ ਸਫ਼ਾ 2 'ਤੇ

## ਸੁਚੱਜੇ ਤੇ ਦ੍ਰਿੜ੍ਹ ਜਵਾਬ ਦੀ ਲੋੜ : ਸੀ ਪੀ ਆਈ



**ਤਿਰੂਅਨੰਤਪੁਰਮ** : ਭਾਰਤੀ ਕਮਿਊਨਿਸਟ ਪਾਰਟੀ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ, ਜਿਸ ਕਾਰਨ ਘੱਟੋ-ਘੱਟ 28 ਬੇਗੁਨਾਹ ਜਾਨਾਂ ਗਈਆਂ ਹਨ ਅਤੇ ਕਈ ਹੋਰ ਜ਼ਖਮੀ ਹੋ ਗਏ ਹਨ। ਨਾਗਰਿਕਾਂ ਅਤੇ ਸੈਲਾਨੀਆਂ ਦਾ ਇਹ ਭਿਆਨਕ ਕਤਲੇਆਮ ਇੱਕ ਘਿਣਾਉਣਾ ਕਾਰਾ ਹੈ, ਜਿਸ ਦਾ ਕਿਸੇ ਵੀ ਸੱਭਿਅਕ ਸਮਾਜ ਵਿੱਚ ਕੋਈ ਸਥਾਨ ਨਹੀਂ ਹੈ।ਸੀ ਪੀ ਆਈ ਨੇ ਪੀੜਤਾਂ ਦੇ ਪਰਵਾਰਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ ਅਤੇ ਇਸ ਦੁਖਾਂਤ ਤੋਂ ਪ੍ਰਭਾਵਿਤ ਸਾਰੇ ਲੋਕਾਂ ਨਾਲ ਪੂਰੀ ਏਕਤਾ ਪ੍ਰਗਟਾਈ ਹੈ।

ਪਾਰਟੀ ਦੀ ਰਾਸ਼ਟਰੀ ਕਾਰਜਕਾਰਨੀ ਨੇ ਤਿਰੂਵਨੰਤਪੁਰਮ ਵਿਖੇ ਪਾਰਟੀ ਦੇ ਕੇਰਲਾ ਰਾਜ ਸਕੱਤਰ ਕਾਮਰੇਡ ਬਿਨੋਏ ਵਿਸ਼ਵਮ ਦੀ ਪ੍ਰਧਾਨਗੀ ਹੇਠ ਹੋਈ ਆਪਣੀ ਮੀਟਿੰਗ ਵਿੱਚ ਜਨਰਲ ਸਕੱਤਰ ਡੀ. ਰਾਜਾ ਦੁਆਰਾ ਪੇਸ਼ ਕੀਤੇ ਗਏ ਮਤੇ 'ਚ ਕੇਂਦਰ ਸਰਕਾਰ ਅਤੇ ਜੰਮੂ-ਕਸ਼ਮੀਰ ਦੇ ਕੇਂਦਰ ਸ਼ਾਸਤ ਪ੍ਰਦੇਸ਼ ਦੀ ਸਰਕਾਰ, ਦੋਵਾਂ ਤੋਂ ਪੀੜਤਾਂ ਅਤੇ ਉਨ੍ਹਾਂ ਦੇ ਪਰਵਾਰਾਂ ਲਈ ਤੁਰੰਤ ਅਤੇ ਪੂਰੀ ਸਹਾਇਤਾ-ਡਾਕਟਰੀ, ਵਿੱਤੀ ਅਤੇ ਭਾਵਨਾਤਮਕ ਦੇਣ ਦੀ ਮੰਗ ਕੀਤੀ ਹੈ।ਇਹ ਬੇਰਹਿਮ ਹਮਲਾ ਸੁਰੱਖਿਆ ਅਤੇ ਖੁਫੀਆ ਜਾਣਕਾਰੀ ਵਿੱਚ ਕਮੀਆਂ ਦੀ ਜਾਂਚ ਦੇ ਨਾਲ-ਨਾਲ ਇੱਕ ਸੁਚੱਜੇ ਅਤੇ ਦ੍ਰਿੜ੍ਹ ਜਵਾਬ ਦੀ ਮੰਗ ਕਰਦਾ ਹੈ।

ਇਸ ਦੇ ਪਿੱਛੇ ਦੋਸ਼ੀਆਂ ਅਤੇ ਯੋਜਨਾਕਾਰਾਂ ਦੀ ਪਛਾਣ ਕੀਤੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਜਲਦੀ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ।ਧਾਰਾ 370 ਨੂੰ ਰੱਦ ਕਰਨ ਤੋਂ ਬਾਅਦ ਜੰਮੂ-ਕਸ਼ਮੀਰ ਵਿੱਚ ਹੁਣ ਇੱਕ ਚੁਣੀ ਹੋਈ ਸਰਕਾਰ ਦੇ ਨਾਲ ਕੇਂਦਰ ਸਰਕਾਰ ਨੂੰ ਤੁਰੰਤ ਰਾਜ ਸਰਕਾਰ ਅਤੇ ਸਾਰੇ ਸੰਬੰਧਤ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ ਕਰਕੇ ਵਿਆਪਕ ਵਿਸ਼ਵਾਸ-ਨਿਰਮਾਣ ਉਪਾਅ ਸ਼ੁਰੂ ਕਰਨੇ ਚਾਹੀਦੇ ਹਨ। ਖੇਤਰ ਵਿੱਚ ਸਥਾਈ ਸ਼ਾਂਤੀ ਅਤੇ ਆਮ ਸਥਿਤੀ ਨੂੰ ਬਹਾਲ ਕਰਨ ਲਈ ਲੋਕਾਂ ਦੀ ਸੁਰੱਖਿਆ, ਵਿਸ਼ਵਾਸ ਅਤੇ ਜਮਹੂਰੀ ਅਧਿਕਾਰਾਂ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।

## ਪਹਿਲਗਾਮ ਹਮਲੇ ਨਾਲ ਸਾਡਾ ਕੋਈ ਲੈਣਾ-ਦੇਣਾ ਨਹੀਂ : ਪਾਕਿਸਤਾਨ

**ਇਸਲਾਮਾਬਾਦ** : ਪਾਕਿਸਤਾਨ ਨੇ ਪਹਿਲਗਾਮ ਹਮਲੇ 'ਤੇ ਆਪਣੀ ਪਹਿਲੀ ਪ੍ਰਤੀਕਿਰਿਆ ਵਿੱਚ ਦਾਅਵਾ ਕੀਤਾ ਹੈ ਕਿ ਉਸ ਦਾ ਇਸ ਘਟਨਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਨਾਲ ਹੀ ਇਹ ਵੀ ਕਿਹਾ ਕਿ ਉਹ ਹਰ ਰੂਪ ਦੇ ਅੱਤਵਾਦ ਨੂੰ ਰੱਦ ਕਰਦਾ ਹੈ। ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ ਨੇ ਕਿਹਾ, 'ਪਾਕਿਸਤਾਨ ਦਾ ਪਹਿਲਗਾਮ ਅੱਤਵਾਦੀ ਹਮਲੇ ਨਾਲ ਕੋਈ ਸੰਬੰਧ ਨਹੀਂ ਹੈ। ਭਾਰਤ ਵਿੱਚ ਕੇਂਦਰ ਸਰਕਾਰ ਨੂੰ ਨਾਗਾਲੈਂਡ, ਮਨੀਪੁਰ, ਕਸ਼ਮੀਰ ਅਤੇ ਛੱਤੀਸਗੜ੍ਹ ਸਮੇਤ ਕਈ ਰਾਜਾਂ ਵਿੱਚ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਘਰੇਲੂ ਪੱਧਰ 'ਤੇ ਪੈਦਾ ਹੋਇਆ ਹੈ, ਕਿਉਂਕਿ ਸਰਕਾਰ ਬਹੁਤ ਸਾਰੇ ਲੋਕਾਂ ਦਾ ਸ਼ੋਸ਼ਣ ਕਰ ਰਹੀ ਹੈ। ਅਸੀਂ ਕਿਸੇ ਵੀ ਰੂਪ ਵਿਚ ਅੱਤਵਾਦ ਦਾ ਸਮਰਥਨ ਨਹੀਂ ਕਰਦੇ ਅਤੇ ਸਥਾਨਕ ਲੋਕਾਂ ਨੂੰ ਅੱਤਵਾਦੀਆਂ ਦਾ ਨਿਸ਼ਾਨਾ ਨਹੀਂ ਹੋਣਾ ਚਾਹੀਦਾ ਅਤੇ ਸਾਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਹੈ।' ਆਸਿਫ ਨੇ ਕਿਹਾ, 'ਹਾਲਾਂਕਿ, ਜੇ ਸਥਾਨਕ ਤਾਕਤਾਂ ਭਾਰਤ ਸਰਕਾਰ ਨੂੰ ਨਿਸ਼ਾਨਾ ਬਣਾ ਰਹੀਆਂ ਹਨ ਤਾਂ ਪਾਕਿਸਤਾਨ ਨੂੰ ਨਿਸ਼ਾਨਾ ਬਣਾਉਣਾ ਆਸਾਨ ਹੋ ਜਾਂਦਾ ਹੈ।'

## ਵੈਂਸ ਫੈਮਿਲੀ ਨੇ ਤਾਜ ਮਹਿਲ ਦੇਖਿਆ



**ਆਗਰਾ** : ਅਮਰੀਕੀ ਉਪ-ਰਾਸ਼ਟਰਪਤੀ ਜੇਡੀ ਵੈਂਸ ਨੇ ਬੁੱਧਵਾਰ ਆਪਣੀ ਪਤਨੀ ਊਸ਼ਾ ਵੈਂਸ ਅਤੇ ਤਿੰਨ ਬੱਚਿਆਂ ਨਾਲ ਤਾਜ ਮਹਿਲ ਦਾ ਦੌਰਾ ਕੀਤਾ। ਵੈਂਸ ਨੇ ਆਪਣੀ ਫੇਰੀ ਤੋਂ ਬਾਅਦ ਵਿਜ਼ਟਰ ਡਾਇਰੀ ਵਿਚ ਲਿਖਿਆ, 'ਤਾਜ ਮਹਿਲ ਸ਼ਾਨਦਾਰ ਹੈ। ਸੱਚੇ ਪਿਆਰ, ਮਨੁੱਖੀ ਪ੍ਰਤਿਭਾ ਅਤੇ ਭਾਰਤ ਦੇ ਮਹਾਨ ਦੇਸ਼ ਨੂੰ ਸ਼ਰਧਾਂਜਲੀ ਦਾ ਪ੍ਰਮਾਣ।'

## ਗਿਰੀਸ਼ ਦਿਆਲਨ ਡੀ ਜੀ ਸਕੂਲ ਸਿੱਖਿਆ ਬਣਾਏ ਗਏ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਬੁੱਧਵਾਰ ਛੇ ਆਈ ਏ ਐੱਸ ਅਤੇ ਇੱਕ ਪੀ ਸੀ ਐੱਸ ਅਧਿਕਾਰੀ ਦਾ ਤਬਾਦਲਾ ਕਰ ਦਿਤਾ। ਆਈ ਏ ਐੱਸ ਅਧਿਕਾਰੀ ਗਿਰੀਸ਼ ਦਿਆਲਨ ਹੁਣ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਹੋਣਗੇ, ਜਿਨ੍ਹਾ ਨੂੰ ਡਾਇਰੈਕਟਰ ਉਚੇਰੀ ਸਿੱਖਿਆ ਦਾ ਵੀ ਵਾਧੂ ਚਾਰਜ ਦਿੱਤਾ ਗਿਆ ਹੈ। ਉਹ ਇਸ ਤੋਂ ਪਹਿਲਾਂ ਮਾਰਕਫੈੱਡ ਦੇ ਮੈਨੇਜਿੰਗ ਡਾਇਰੈਕਟਰ ਸਨ। ਰਾਜੀਵ ਪਰਾਸ਼ਰ ਨੂੰ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦਾ ਸਕੱਤਰ ਲਾਇਆ ਗਿਆ ਹੈ, ਜਦੋਂ ਕਿ ਵਿਨੈ ਬੁਬਲਾਨੀ ਨੂੰ ਕਮਿਸ਼ਨਰ ਪਟਿਆਲਾ ਡਵੀਜ਼ਨ ਲਾਇਆ ਗਿਆ ਹੈ। ਇਸੇ ਤਰ੍ਹਾਂ ਮੋਹਿੰਦਰ ਪਾਲ ਨੂੰ ਉਦਯੋਗ ਤੇ ਕਾਮਰਸ ਵਿਭਾਗ ਦੇ ਸਕੱਤਰ ਤੋਂ ਇਲਾਵਾ ਸੂਚਨਾ ਤਕਨੀਕ ਉਦਯੋਗ ਤਰੱਕੀ ਵਿਭਾਗ ਦੇ ਡਾਇਰੈਕਟਰ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਗੁਰਿੰਦਰਪਾਲ ਸਿੰਘ ਸਹੋਤਾ ਨੂੰ ਪੰਜਾਬ ਪੱਛੜੀਆਂ ਸ਼੍ਰੇਣੀਆਂ ਭੂਮੀ ਵਿਕਾਸ ਅਤੇ ਵਿੱਤ ਨਿਗਮ ਵਿੱਚ ਕਾਰਜਕਾਰੀ ਡਾਇਰੈਕਟਰ ਵਜੋਂ ਤਾਇਨਾਤ ਕੀਤਾ ਹੈ।

ਜਤਿੰਦਰ ਜੋਰਵਾਲ ਦੀ ਵਧੀਕ ਕਮਿਸ਼ਨਰ (ਆਬਕਾਰੀ) ਪਟਿਆਲਾ ਵਾਧੂ ਚਾਰਜ ਵਧੀਕ ਕਮਿਸ਼ਨਰ ਕਰ-1 ਪਟਿਆਲਾ ਅਤੇ ਵਾਧੂ ਚਾਰਜ ਆਬਕਾਰੀ ਕਮਿਸ਼ਨਰ ਪੰਜਾਬ ਅਤੇ ਇਸੇ ਤਰ੍ਹਾਂ ਵਾਧੂ ਚਾਰਜ ਕਰ ਕਮਿਸ਼ਨਰ ਪੰਜਾਬ ਵਜੋਂ ਤਾਇਨਾਤੀ ਕੀਤੀ ਗਈ ਹੈ। ਪੀ ਸੀ ਐੱਸ ਅਧਿਕਾਰੀ ਮਨਜੀਤ ਸਿੰਘ ਚੀਮਾ ਨੂੰ ਆਬਾਦਕਾਰੀ ਵਿਭਾਗ ਦਾ ਡਾਇਰੈਕਟਰ ਲਾਇਆ ਗਿਆ ਹੈ।

## ਅੱਜ-ਨਾਮਾ

ਸਾਰੇ ਦੇਸ਼ ਵਿੱਚ ਦੁੱਖ ਦੀ ਲਹਿਰ ਛਾਈ,
ਮਾੜੀ ਖਬਰ ਕਸ਼ਮੀਰ ਤੋਂ ਆਈ ਭਾਈ।
ਘੁੰਮਣ-ਫਿਰਨ ਨੂੰ ਲੋਕ ਸੀ ਗਏ ਓਧਰ,
ਕਾਤਲਾਂ ਗੋਲੀ ਜਦ ਆਣ ਚਲਾਈ ਭਾਈ।
ਗੋਲੀਆਂ ਮਾਰ ਕੇ ਮਾਰ'ਤੇ ਆਮ ਲੋਕੀਂ,
ਵਹਿਸ਼ੀ ਖੇਡ ਹੈ ਗਈ ਵਰਤਾਈ ਭਾਈ।
ਸਮਾਂ ਤਾਂ ਪੀੜਤਾਂ ਦੇ ਦੁੱਖੜੇ ਜਾਨਣੇ ਦਾ,
ਫਿਰਦੇ ਆਗੂ ਹਨ ਸਿੰਗ ਫਸਾਈ ਭਾਈ।
ਮਿਹਣਾ ਦੇਣ ਦੇ ਮੌਕੇ ਆ ਬੜੇ ਆਉਣੇ,
ਅੱਜ ਇਹ ਘੜੀ ਹੈ ਹੱਥ ਮਿਲਾਵਣੇ ਦੀ।
ਖਤਰੇ ਵਿੱਚ ਜਦ ਦੇਸ਼ ਦਾ ਅਮਨ ਜਾਪੇ,
ਸਮੇਂ ਦੀ ਮੰਗ ਆ ਮੁਲਕ ਬਚਾਵਣੇ ਦੀ।

-ਤੀਸ ਮਾਰ ਖਾਂ

## ਕਸ਼ਮੀਰ 'ਚ ਹਮਲੇ ਤੋਂ ਬਾਅਦ ਪੰਜਾਬ ਨੇ ਚੌਕਸੀ ਵਧਾਈ

**ਚੰਡੀਗੜ੍ਹ. (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪਹਿਲਗਾਮ (ਜੰਮੂ-ਕਸ਼ਮੀਰ) ਵਿੱਚ ਹੋਏ ਅੱਤਵਾਦੀ ਹਮਲੇ ਦੀ ਮੰਦਭਾਗੀ ਘਟਨਾ ਦੀ ਨਿੰਦਾ ਕਰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੁੱਧਵਾਰ ਨੂੰ ਕਿਹਾ ਕਿ ਪੰਜਾਬ ਪੂਰੀ ਤਰ੍ਹਾਂ ਚੌਕਸ ਹੈ ਅਤੇ ਪੰਜਾਬ ਵਿੱਚ ਕਾਨੂੰਨ-ਵਿਵਸਥਾ ਬਣਾਈ ਰੱਖਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ।



ਸਿਵਲ ਅਤੇ ਪੁਲਸ ਪ੍ਰਸ਼ਾਸਨ ਦੇ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਬੇਦੋਸ਼ੇ ਸੈਲਾਨੀਆਂ 'ਤੇ ਇਹ ਅੱਤਵਾਦੀ ਹਮਲਾ ਇੱਕ ਜ਼ਾਲਮਾਨਾ ਅਤੇ ਅਣਮਨੁੱਖੀ ਕਾਰਵਾਈ ਹੈ। ਉਨ੍ਹਾ ਕਿਹਾ ਕਿ ਇਸ ਘਟਨਾ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਅੱਤਵਾਦੀਆਂ ਦਾ ਕੋਈ ਧਰਮ ਨਹੀਂ ਹੁੰਦਾ ਅਤੇ ਉਨ੍ਹਾਂ ਦਾ ਇੱਕੋ-ਇੱਕ ਉਦੇਸ਼ ਲੋਕਾਂ ਵਿੱਚ ਦਹਿਸ਼ਤ ਫੈਲਾਉਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅੰਤਰਰਾਜੀ ਅਤੇ ਇੱਕ ਜ਼ਿਲ੍ਹੇ ਨੂੰ ਦੂਜੇ ਜ਼ਿਲ੍ਹੇ ਨਾਲ ਜੋੜਦੇ ਪੁਆਇੰਟਾਂ 'ਤੇ ਖ਼ਾਸ ਕਰਕੇ ਸੰਵੇਦਨਸ਼ੀਲ ਇਲਾਕਿਆਂ 'ਤੇ ਚੈਕਿੰਗ ਅਤੇ ਗਸ਼ਤ ਪਹਿਲਾਂ ਹੀ ਤੇਜ਼ ਕਰ ਦਿੱਤੀ ਗਈ ਹੈ। ਸੈਲਾਨੀਆਂ ਨੂੰ ਵਾਪਸ ਲਿਆਉਣ ਲਈ ਜੰਮੂ-ਕਸ਼ਮੀਰ ਸਰਕਾਰ ਨਾਲ ਲਗਾਤਾਰ ਸੰਪਰਕ ਵਿੱਚ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਪੰਜਾਬ ਭਰ ਵਿੱਚ ਸਖ਼ਤ ਚੌਕਸੀ ਰੱਖੀ ਜਾ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਕਾਨੂੰਨ ਦੀ ਉਲੰਘਣਾ ਨਾ ਕਰੇ।ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਵਿੱਚ ਸੈਰ-ਸਪਾਟਾ ਸਥਾਨਾਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਕਿਸੇ ਨੂੰ ਵੀ ਸੂਬੇ ਵਿੱਚ ਕਾਨੂੰਨ ਵਿਵਸਥਾ ਭੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀਆਂ ਸਰਹੱਦਾਂ ਪਹਿਲਾਂ ਹੀ ਸੀਲ ਕਰ ਦਿੱਤੀਆਂ ਗਈਆਂ ਹਨ ਅਤੇ ਪੁਲਸ ਨੂੰ ਰੈੱਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਉਨ੍ਹਾ ਇਹ ਵੀ ਕਿਹਾ ਕਿ 160 ਤੋਂ ਵੱਧ ਸਿੱਖਿਆ ਸੰਸਥਾਵਾਂ ਵਿੱਚ ਚੌਕਸੀ ਵਧਾ ਦਿੱਤੀ ਗਈ ਹੈ, ਜਿੱਥੇ ਕਸ਼ਮੀਰ ਦੇ ਵਿਦਿਆਰਥੀ ਪੜ੍ਹ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਾਕਿਸਤਾਨ ਸਪਾਂਸਰਡ ਪੰਜਾਬ-ਵਿਰੋਧੀ ਅਤੇ ਅਪਰਾਧੀਆਂ ਦੇ ਦੇਸ਼-ਵਿਰੋਧੀ ਗਠਜੋੜ ਦੁਆਰਾ ਚਲਾਈ ਗਈ ਕਿਸੇ ਵੀ ਅਜਿਹੀ ਅਸਿੱਧੀ ਜੰਗ ਨਾਲ ਨਜਿੱਠਣ ਲਈ ਸੂਬਾ ਸਰਕਾਰ ਪੂਰੀ ਤਰ੍ਹਾਂ ਸਮਰੱਥ ਹੈ।ਇਸ ਮੌਕੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਡੀ.ਜੀ.ਪੀ. ਗੌਰਵ ਯਾਦਵ ਅਤੇ ਹੋਰ ਮੌਜੂਦ ਸਨ।

## ਬਰਾੜ ਤੇ ਧਾਲੀਵਾਲ ਵੱਲੋਂ 20 ਮਈ ਦੀ ਕੁਲ ਹਿੰਦ ਹੜਤਾਲ ਨੂੰ ਸਫਲ ਬਣਾਉਣ ਦਾ ਸੱਦਾ

**ਚੰਡੀਗੜ੍ਹ** : ਪੰਜਾਬ ਏਟਕ ਦੇ ਪ੍ਰਧਾਨ ਬੰਤ ਸਿੰਘ ਬਰਾੜ ਅਤੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ ਨੇ ਕਿਹਾ ਕਿ 10 ਕੇਂਦਰੀ ਟਰੇਡ ਯੂਨੀਅਨਾਂ, ਅਜ਼ਾਦ ਫੈਡਰੇਸ਼ਨਾਂ ਤੇ ਐਸੋਸੀਏਸ਼ਨਾਂ ਵੱਲੋਂ 20 ਮਈ ਨੂੰ ਇੱਕ ਰੋਜ਼ਾ ਦੇਸ਼-ਵਿਆਪੀ ਹੜਤਾਲ ਮੋਦੀ ਸਰਕਾਰ ਦੀਆਂ ਮੁਲਾਜ਼ਮ-ਮਜ਼ਦੂਰ ਅਤੇ ਗਰੀਬ ਵਿਰੋਧੀ ਆਰਥਿਕ ਅਤੇ ਸਨਅਤੀ ਨੀਤੀਆਂ ਦੇ ਵਿਰੁੱਧ ਕੀਤੀ ਜਾ ਰਹੀ ਹੈ। ਜਿਹਨਾਂ ਮੰਗਾਂ ਨੂੰ ਲੈ ਕੇ ਇਹ ਹੜਤਾਲ ਕੀਤੀ ਜਾ ਰਹੀ ਹੈ, ਉਨ੍ਹਾਂ ਵਿੱਚ ਮੁੱਖ ਤੌਰ 'ਤੇ ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡਜ਼ ਰੱਦ ਕਰਨੇ, ਘੱਟੋ-ਘੱਟ ਉਜਰਤ 26000 ਰੁਪਏ ਕਰਨਾ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨਾ, ਕੰਟਰੈਕਟ/ ਆਊਟ ਸੋਰਸ ਵਰਕਰਜ਼ ਨੂੰ ਰੈਗੂਲਰ ਕਰਨਾ, ਮਨਰੇਗਾ ਅਧੀਨ ਕੰਮ 200 ਦਿਨ ਪ੍ਰਤੀ ਸਾਲ ਦੇਣਾ ਅਤੇ ਮਨਰੇਗਾ ਸ਼ਹਿਰਾਂ ਵਿੱਚ ਵੀ ਲਾਗੂ ਕਰਨਾ, ਪਬਲਿਕ ਸੈਕਟਰ ਦਾ ਨਿੱਜੀਕਰਨ ਬੰਦ ਕਰਨਾ, ਬੇਰੁਜ਼ਗਾਰੀ ਦੂਰ ਕਰਨਾ, ਮਹਿੰਗਾਈ 'ਤੇ ਕਾਬੂ ਪਾਉਣਾ, ਸਮਾਜਿਕ ਸੁਰੱਖਿਆ ਯਕੀਨੀ ਬਣਾਉਣਾ ਆਦਿ ਸ਼ਾਮਲ ਹਨ।

ਬਰਾੜ ਤੇ ਧਾਲੀਵਾਲ ਨੇ ਦੱਸਿਆ ਕਿ ਮੋਦੀ ਸਰਕਾਰ ਦੀਆਂ ਦੇਸ਼ ਵਿਰੋਧੀ, ਗਰੀਬ ਵਿਰੋਧੀ ਅਤੇ ਮਜ਼ਦੂਰ ਵਿਰੋਧੀ ਨੀਤੀਆਂ ਦੇ ਵਿਰੁੱਧ ਮਜ਼ਦੂਰ ਜਮਾਤ ਵਿੱਚ ਗੁੱਸੇ ਦੀ ਲਹਿਰ ਪਾਈ ਜਾ ਰਹੀ ਹੈ, ਜਿਸ ਦਾ ਇਜ਼ਹਾਰ ਉਹ ਇਸ ਦੇਸ਼-ਵਿਆਪੀ ਹੜਤਾਲ ਨੂੰ ਵੱਡੇ ਪੈਮਾਨੇ 'ਤੇ ਸਫਲ ਬਣਾ ਕੇ ਕਰਨਗੇ। ਪੰਜਾਬ ਵਿੱਚ ਇਸ ਹੜਤਾਲ ਦਾ ਵਿਆਪਕ ਅਸਰ ਵੇਖਣ ਨੂੰ ਮਿਲੇਗਾ। ਬਿਜਲੀ ਮੁਲਾਜ਼ਮ, ਟਰਾਂਸਪੋਰਟ ਵਰਕਰਜ਼, ਕੰਟਰੈਕਟ ਵਰਕਰਜ਼, ਆਂਗਣਵਾੜੀ, ਆਸ਼ਾ ਵਰਕਰਜ਼, ਮਿਡ ਡੇ ਮੀਲ ਵਰਕਰਜ਼, ਖੇਤ

ਬਾਕੀ ਸਫ਼ਾ 2 'ਤੇ

# ਸੜੀ ਕਣਕ ਦਾ 70 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ : ਛਾਂਗਾ ਰਾਏ

## ● ਨੌਜਵਾਨਾਂ/ਵਿਦਿਆਰਥੀਆਂ ਮੁੱਖ ਮੰਤਰੀ ਪੰਜਾਬ ਨੂੰ ਭੇਜੇ ਮੰਗ ਪੱਤਰ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਸਰਬ ਭਾਰਤ ਨੌਜਵਾਨ ਸਭਾ ਤੇ ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਨਾਮ ਮੰਗ ਪੱਤਰ ਭੇਜ ਕੇ ਮੰਗ ਕੀਤੀ ਗਈ ਹੈ ਕਿ ਪਿਛਲੇ ਦੋ ਦਿਨਾਂ ਵਿੱਚ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਅੱਗ ਨਾਲ ਤਬਾਹ ਹੋਈ ਕਣਕ ਦਾ ਮੁਆਵਜ਼ਾ ਪੀੜਤ ਕਿਸਾਨਾਂ ਨੂੰ ਦੇਣ ਸਬੰਧੀ ਮੰਗ ਕੀਤੀ ਹੈ। ਇਸ ਸੰਬੰਧੀ ਇੱਥੇ ਨੌਜਵਾਨਾਂ ਤੇ ਵਿਦਿਆਰਥੀਆਂ ਦੇ ਆਗੂਆਂ ਨੇ ਐੱਸ.ਡੀ.ਐੱਮ. ਗੁਰੂ ਹਰਸਹਾਏ ਨੂੰ ਮੰਗ ਪੱਤਰ ਸੌਂਪਿਆ। ਇਸ ਵਫਦ ਦੀ ਅਗਵਾਈ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਨੇ ਕੀਤੀ। ਮੰਗ ਪੱਤਰ ਦੇਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਪਿਛਲੇ ਦੋ ਦਿਨਾਂ ਤੋਂ ਲਗਾਤਾਰ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿੱਚ ਭਿਆਨਕ ਅੱਗ ਲੱਗਣ ਨਾਲ ਕਿਸਾਨਾਂ ਦੀ ਹਜ਼ਾਰਾਂ ਏਕੜ ਕਣਕ ਦੀ ਫਸਲ, ਨਾੜ, ਘਰਬਾਰ, ਪਸ਼ੂ ਤੇ ਖੇਤੀ ਦੇ ਸੰਦ (ਟਰੈਕਟਰ, ਕੰਬਾਈਨ) ਸੜ ਕੇ ਸਵਾਹ ਹੋ ਗਏ ਹਨ, ਜਿਸ ਨਾਲ ਕਿਸਾਨਾਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ। ਆਗੂਆਂ ਨੇ ਕਿਹਾ ਕਿ ਇਸ ਭਾਰੀ ਨੁਕਸਾਨ ਦੀ ਵੱਡੀ ਜ਼ਿੰਮੇਵਾਰ ਪ੍ਰਸ਼ਾਸਨ ਕੋਲ ਫਾਇਰ ਬ੍ਰਿਗੇਡ ਦੀ ਘਾਟ ਹੈ। ਅੱਗ ਲੱਗਣ ਦੇ ਕਈ ਕਈ ਘੰਟੇ ਬਾਅਦ ਵੀ ਫਾਇਰ ਬ੍ਰਿਗੇਡ ਨਹੀਂ ਪਹੁੰਚੀ ਅਤੇ ਕਿਸਾਨਾਂ ਤੇ ਆਮ ਲੋਕਾਂ ਨੂੰ ਖੁਦ ਹੀ ਜੱਦੋ ਜਹਿਦ ਕਰਨੀ ਪਈ। ਕਿਸਾਨਾਂ ਨੇ ਆਪਣੀਆਂ ਜਾਨਾਂ ਖਤਰੇ ਵਿੱਚ ਪਾ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ, ਪਰ ਮੌਕੇ 'ਤੇ ਕੋਈ ਵੀ ਪ੍ਰਸ਼ਾਨਕ ਅਧਿਕਾਰੀ ਜਾਂ ਸਰਕਾਰ ਦਾ ਨੁਮਾਇੰਦਾ ਨਹੀਂ ਪਹੁੰਚ ਸਕਿਆ। ਆਗੂਆਂ ਨੇ ਮੰਗ ਪੱਤਰ ਰਾਹੀਂ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਅੱਗ ਵਿੱਚ ਨੁਕਸਾਨ ਹੋਈ ਕਣਕ ਦੀ ਫਸਲ ਤੇ ਤੂੜੀ ਵਾਲੇ ਨਾੜ ਦਾ 70 ਹਜ਼ਾਰ ਮੁਹਾਵਜ਼ਾ ਦਿੱਤਾ ਜਾਵੇ ਤੇ ਹਲਕਾ ਗੁਰੂ ਹਰਸਹਾਏ ਵਿੱਚ ਫਾਇਰ ਬ੍ਰਿਗੇਡ ਸਟੇਸ਼ਨ ਬਣਾਇਆ ਜਾਵੇ। ਇਸ ਮੌਕੇ ਉਨ੍ਹਾਂ ਨਾਲ ਕੁੱਲ ਹਿੰਦ ਕਿਸਾਨ ਸਭਾ ਦੇ ਬਲਾਕ ਸਕੱਤਰ ਰਾਜ ਕੁਮਾਰ ਬਹਾਦਰ ਕੇ, ਬਲਾਕ ਕਿਸਾਨ ਆਗੂ ਛਿੰਦਰ ਸਰੂਪੇ ਵਾਲਾ, ਬਲਵਿੰਦਰ ਸਰੂਪੇਵਾਲਾ, ਮਨਜੀਤ ਛਾਂਗਾ ਰਾਏ ਵੀ ਹਾਜ਼ਰ ਸਨ।

# ਪਿਛਲੇ 4 ਮਹੀਨਿਆਂ ਤੋਂ ਨਰੇਗਾ ਮਜ਼ਦੂਰਾਂ ਨੂੰ ਪੈਸੇ ਨਹੀਂ ਮਿਲੇ : ਗੋਰਾ ਪਿਪਲੀ



**ਕੋਟਕਪੂਰਾ (ਰਛਪਾਲ ਭੁੱਲਰ)**- ਨਰੇਗਾ ਕਨੂੰਨ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ 'ਚ ਕੇਂਦਰ ਅਤੇ ਪੰਜਾਬ ਸਰਕਾਰ ਦੋਵੇਂ ਹੀ ਫੇਲ ਸਾਬਤ ਹੋਈਆਂ ਹਨ। ਪਿਛਲੇ 4 ਮਹੀਨਿਆਂ ਤੋਂ ਕੀਤੇ ਕੰਮ ਦੇ ਪੈਸੇ ਨਾ ਜਾਰੀ ਕਰਨਾ ਨਰੇਗਾ ਕਨੂੰਨ ਦੀ ਸ਼ਰੇਆਮ ਉਲੰਘਣਾ ਹੈ।ਨਰੇਗਾ ਕਨੂੰਨ ਨੂੰ ਖਤਮ ਕਰਨ ਲਈ ਇਹ ਦੋਵੇਂ ਸਰਕਾਰਾਂ ਇੱਕ ਮਤ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਪੰਜਾਬ ਦੇ ਮੀਤ ਸਕੱਤਰ ਕਾਮਰੇਡ ਗੋਰਾ ਸਿੰਘ ਪਿਪਲੀ ਨੇ ਢਿਲਵਾਂ, ਸਿਰਸੜੀ, ਨੱਥੇਵਾਲਾ ਆਦਿ ਪਿੰਡਾਂ ਵਿੱਚ ਨਰੇਗਾ ਮਜ਼ਦੂਰਾਂ ਦੀਆਂ ਮੀਟਿੰਗਾਂ ਦੌਰਾਨ ਕੀਤਾ।ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪੱਪੀ ਸਿੰਘ ਢਿਲਵਾਂ, ਮੀਤ ਪ੍ਰਧਾਨ ਚਰਨਜੀਤ ਸਿੰਘ ਚਮੇਲੀ ਆਦਿ ਆਗੂਆਂ ਨੇ ਵੀ ਸੰਬੋਧਨ ਕਰਦਿਆਂ ਕਿਹਾ ਕਿ ਨਰੇਗਾ ਮਜ਼ਦੂਰਾਂ ਨੇ ਜਨਵਰੀ ਤੋਂ ਲੈ ਕੇ ਹੁਣ ਤੱਕ ਕਈ-ਕਈ ਮਸਟਰੋਲ ਕੰਮ ਕੀਤਾ ਹੈ, ਪਰ ਉਨ੍ਹਾਂ ਨੂੰ ਕੀਤੇ ਕੰਮ ਦੇ ਪੈਸੇ ਨਹੀਂ ਮਿਲੇ, ਜਿਸ ਕਰਕੇ ਮਜ਼ਦੂਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਪਿਛਲੇ 2-3 ਮਹੀਨਿਆਂ ਤੋਂ ਪੈਨਸ਼ਨਾਂ ਵੀ ਮਹੀਨੇ ਦੇ ਆਖਰੀ ਤਰੀਕ ਵਿੱਚ ਪੈਂਦੀਆਂ ਹਨ, ਜਿਸ ਕਰਕੇ ਮਜ਼ਦੂਰ ਬਜ਼ੁਰਗਾਂ ਦਾ ਜਿਉਣਾ ਮੁਹਾਲ ਹੋਇਆ ਪਿਆ ਹੈ। ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਅੰਨ ਸੁਰੱਖਿਆ ਕਨੂੰਨ ਤਹਿਤ ਦਿੱਤੀ ਜਾਣ ਵਾਲੀ ਕਣਕ ਨੂੰ ਵੀ ਸਹੀ ਸਮੇਂ ਸਿਰ ਨਹੀਂ ਵੰਡਿਆ ਜਾ ਰਿਹਾ, ਜਿਸ ਕਰਕੇ ਮਜ਼ਦੂਰ ਕੰਮ ਕਰਨ ਦੇ ਬਾਵਜੂਦ ਵੀ ਭੁੱਖੇ ਮਰਨ ਲਈ ਮਜਬੂਰ ਹੋ ਰਹੇ ਹਨ। ਜੇਕਰ ਸਰਕਾਰ ਨੇ ਤੁਰੰਤ ਮਜ਼ਦੂਰਾਂ ਦੀਆਂ ਇਹਨਾਂ ਮੰਗਾਂ ਪ੍ਰਤੀ ਧਿਆਨ ਨਾ ਦਿੱਤਾ ਤਾਂ ਮਜ਼ਦੂਰ ਵੱਡੇ ਪੱਧਰ 'ਤੇ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਆਗੂਆਂ ਨੇ ਪਿਛਲੇ ਦਿਨਾਂ ਵਿੱਚ ਗੜ੍ਹੇ ਮਾਰੀ ਅਤੇ ਅੱਗ ਨਾਲ ਹੋਏ ਕਣਕ ਤੇ ਸੰਦਾਂ ਦੇ ਨੁਕਸਾਨ ਦਾ ਤੁਰੰਤ ਮੁਆਵਜ਼ਾ ਜਾਰੀ ਕਰਨ ਦੀ ਵੀ ਮੰਗ ਕੀਤੀ। ਇਸ ਸਮੇਂ ਮਜ਼ਦੂਰ ਆਗੂਆਂ ਤੋਂ ਇਲਾਵਾ ਮਨਜੀਤ ਕੌਰ ਨੱਥੇਵਾਲਾ, ਸੋਨਾ ਸਿਰਸੜੀ, ਬਲੀ ਸਿੰਘ ਢਿਲਵਾਂ, ਵੀਰਪਾਲ ਕੌਰ ਮਹਿਲੜ ਆਦਿ ਆਗੂ ਵੀ ਹਾਜ਼ਰ ਸਨ।

# ਨਾਇਬ ਤਹਿਸੀਲਦਾਰ ਤੇ ਪਟਵਾਰੀ ਰਿਸ਼ਵਤ ਲੈਂਦੇ ਵਿਜੀਲੈਂਸ ਵੱਲੋਂ ਕਾਬੂ



**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਬਠਿੰਡਾ ਦੇ ਕਸਬਾ ਸੰਗਤ ਮੰਡੀ ਦੇ ਰਜਿੰਦਰ ਕੁਮਾਰ ਵੱਲੋਂ ਕੰਪਲੇਂਟ ਕੀਤੀ ਗਈ ਸੀ ਕਿ ਤਿੰਨ ਕਨਾਲਾਂ ਦੀ ਗਿਰਦਾਵਰੀ ਕਰਵਾਉਣ ਬਦਲੇ ਪਟਵਾਰੀ ਤੇ ਨਾਇਬ ਤਹਿਸੀਲਦਾਰ 8 ਹਜ਼ਾਰ ਰੁਪਏ ਬਤੌਰ ਰਿਸ਼ਵਤ ਮੰਗ ਰਿਹਾ ਹੈ ਤੇ 5000 ਰੁਪਏ ਵਿੱਚ ਗੱਲ ਹੋ ਗਈ। ਅੱਜ 5 ਹਜ਼ਾਰ ਰੁਪਏ ਰਿਸ਼ਵਤ ਲੈਂਦੇ ਹੋਏ ਦੋਨਾਂ ਨੂੰ ਬਠਿੰਡਾ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ ਕੀਤਾ ਗਿਆ।ਡੀਐਸਪੀ ਕੁਲਵੰਤ ਸਿੰਘ ਦਾ ਕਹਿਣਾ ਹੈ ਕਿ ਸੰਗਤ ਮੰਡੀ ਦੇ ਰਜਿੰਦਰ ਕੁਮਾਰ ਵੱਲੋਂ ਸਾਨੂੰ ਸ਼ਿਕਾਇਤ ਕੀਤੀ ਗਈ ਸੀ ਕਿ ਨਾਇਬ ਤਹਿਸੀਲਦਾਰ ਤੇ ਪਟਵਾਰੀ ਮੇਰੀ ਤਿੰਨ ਕਨਾਲਾਂ ਕੁਝ ਮਰਲੇ ਦੀ ਗਿਰਦਾਵਰੀ ਬਦਲੇ 8000 ਰੁਪਏ ਬਤੌਰ ਰਿਸ਼ਵਤ ਮੰਗ ਰਹੇ ਹਨ, ਜਿਸ ਦੀ ਕੰਪਲੇਂਟ 'ਤੇ ਅੱਜ ਅਸੀਂ ਉਨ੍ਹਾਂ ਨੂੰ ਪੰਜ ਹਜ਼ਾਰ ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਮੌਕੇ 'ਤੇ ਫੜ ਲਿਆ। ਉਕਤ ਦੋਵਾਂ ਉੱਪਰ ਭ੍ਰਿਸ਼ਟਾਚਾਰ ਰੋਕੂ ਐਕਟ ਅਧੀਨ ਮਾਮਲਾ ਦਰਜ ਕਰ ਲਿਆ ਹੈ ਅਤੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਨਾਇਬ ਤਹਿਸੀਲਦਾਰ ਦੀ ਸੰਗਤ ਤੋਂ ਬਾਲਿਆਂ ਵਾਲੀ ਸਬ ਤਹਿਸੀਲ ਬਦਲੀ ਹੋ ਚੁੱਕੀ ਹੈ ਤੇ ਅੱਜ ਚਾਰਜ ਛੱਡਣਾ ਸੀ ਅਤੇ ਅਗਲੇ ਮਹੀਨੇ ਇਸ ਦੀ ਰਿਟਾਇਰਮੈਂਟ ਵੀ ਹੈ। ਇਸ ਦੇ ਘਰ ਤੇ ਜਾਇਦਾਦ ਦੀ ਵੀ ਚੈਕਿੰਗ ਕੀਤੀ ਜਾਵੇਗੀ।

# ਸਟੀਫਨ ਇੰਟਰਨੈਸ਼ਨਲ ਸਕੂਲ 'ਚ ਅੰਤਰ-ਕਲਾਸ ਭਾਸ਼ਣ ਮੁਕਾਬਲੇ

**ਸ਼ਹੀਦ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸਟੀਫਨ ਇੰਟਰਨੈਸ਼ਨਲ ਸਕੂਲ 'ਚ ਨੌਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਅੰਤਰ-ਕਲਾਸ ਭਾਸ਼ਣ ਮੁਕਾਬਲਾ ਕਰਵਾਇਆ ਗਿਆ। ਇਸ ਸਮਾਗਮ ਦਾ ਉਦੇਸ਼ ਭਾਗੀਦਾਰਾਂ ਵਿੱਚ ਜਨਤਕ ਬੋਲਣ ਦੇ ਹੁਨਰ, ਆਤਮਵਿਸ਼ਵਾਸ ਤੇ ਰਚਨਾਤਮਕਤਾ ਨੂੰ ਉਤਸ਼ਾਹਤ ਕਰਨਾ ਸੀ। ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਸਮਾਜਿਕ



ਮੁੱਦੇ ਤੇ ਜਾਗਰੂਕਤਾ, ਵਾਤਾਵਰਣ ਸੰਭਾਲ, ਰਾਸ਼ਟਰੀ ਤੇ ਅੰਤਰਰਾਸ਼ਟਰੀ ਮੌਜੂਦਾ ਘਟਨਾਵਾਂ ਜਾਂ ਪ੍ਰੇਰਨਾਦਾਇਕ ਸ਼ਖ਼ਸੀਅਤਾਂ ਅਤੇ ਉਨ੍ਹਾਂ ਦੇ ਯੋਗਦਾਨ ਸਮੇਤ ਵੱਖ-ਵੱਖ ਵਿਸ਼ਿਆਂ 'ਤੇ ਭਾਵੁਕ ਭਾਸ਼ਣ ਦਿੱਤੇ, ਜਿਸ 'ਚ ਨੌਵੀਂ ਜਮਾਤ ਤੋਂ ਪ੍ਰਾਚੀ ਨੇ ਪਹਿਲਾ ਸਥਾਨ, ਦਸਵੀਂ ਜਮਾਤ ਤੋਂ ਅਰਮਾਨਪ੍ਰੀਤ ਕੌਰ ਨੇ ਦੂਜਾ ਸਥਾਨ ਤੇ ਨੌਵੀਂ ਜਮਾਤ ਤੋਂ ਐਸ਼ਵਰਿਆ ਅਤੇ ਰਵਨੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸਕੂਲ ਪ੍ਰਿੰਸੀਪਲ ਸ੍ਰੀਮਤੀ ਮੋਨਿਕਾ ਸ਼ਰਮਾ ਨੇ ਜੇਤੂਆਂ ਤੇ ਭਾਗੀਦਾਰਾਂ ਨੂੰ ਵਧਾਈ ਦਿੱਤੀ ਤੇ ਅੱਜ ਦੇ ਸੰਸਾਰ ਵਿੱਚ ਜਨਤਕ ਬੋਲਣ ਦੇ ਹੁਨਰ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਮੁਕਾਬਲੇ ਦਾ ਉਦੇਸ਼ ਸਾਡੇ ਵਿਦਿਆਰਥੀਆਂ ਵਿੱਚ ਆਤਮਵਿਸ਼ਵਾਸ, ਰਚਨਾਤਮਕਤਾ ਤੇ ਆਲੋਚਨਾਤਮਕ ਸੋਚ ਨੂੰ ਉਤਸ਼ਾਹਤ ਕਰਨਾ ਸੀ। ਸਾਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ 'ਤੇ ਮਾਣ ਹੈ ਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਹੋਰ ਵੀ ਨਿਖਾਰਨ ਦੀ ਉਮੀਦ ਹੈ।

# 10 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ

**ਜਲਾਲਾਬਾਦ (ਜੀਤ ਕੁਮਾਰ)** ਥਾਣਾ ਸਦਰ ਦੀ ਪੁਲਸ ਵੱਲੋਂ 10 ਗ੍ਰਾਮ ਹੈਰੋਇਨ ਸਣੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਤੇ ਵਹੀਕਲਾਂ ਦੀ ਚੈਕਿੰਗ ਕਰਨ ਦੇ ਸਬੰਧ ਵਿੱਚ ਥਾਣਾ ਸਦਰ ਦੇ ਪਿੰਡ ਢੰਡੀਕੇ, ਫੁੱਤੂਵਾਲਾ ਹੁੰਦੇ ਹੋਏ ਹਜ਼ਾਰਾ ਰਾਮ ਸਿੰਘ ਵਾਲਾ ਦੇ ਨਜ਼ਦੀਕ ਪੁੱਜੇ ਤਾਂ ਇਕ ਨੌਜਵਾਨ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਵੇਖ ਕੇ ਇਕਦਮ ਡੱਗਣ ਲੱਗਾ, ਪਰ ਪੁਲਸ ਪਾਰਟੀ ਨੇ ਰੋਸ਼ਨ ਸਿੰਘ ਉਰਫ ਰੋਸ਼ੀ ਪੁੱਤਰ ਮੱਖਣ ਸਿੰਘ ਵਾਸੀ ਹਜ਼ਾਰਾ ਰਾਮ ਸਿੰਘ ਵਾਲਾ ਨੂੰ 10 ਗ੍ਰਾਮ ਹੈਰੋਇਨ ਸਮੇਤ ਕਾਬੂ ਕਰ ਲਿਆ ਗਿਆ, ਜਿਸ ਦੇ ਖਿਲਾਫ ਪੁਲਸ ਵੱਲੋਂ ਮੁਕੱਦਮਾ ਥਾਣਾ ਸਦਰ ਵਿਖੇ ਦਰਜ ਕੀਤਾ ਗਿਆ ਹੈ।

# ਲਿਟਰਾ ਜ਼ੀ ਸਕੂਲ ਵਿਖੇ 'ਇੰਗਲਿਸ਼ ਐਲੋਕੇਸ਼ਨ' ਇੰਟਰ ਹਾਊਸ ਮੁਕਾਬਲੇ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਸੀ.ਬੀ.ਐਸ.ਈ. ਬੋਰਡ ਨਵੀਂ ਦਿੱਲੀ ਤੋਂ ਐਫਿਲੀਏਟਡ ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਵਿਖੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ 'ਚ 'ਇੰਗਲਿਸ਼ ਐਲੋਕੇਸ਼ਨ' ਇੰਟਰ ਹਾਊਸ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਦਿੱਤੇ ਗਏ ਵਿਸ਼ੇ ਨਾਲ ਸਬੰਧਤ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।ਇਸ ਮੁਕਾਬਲੇ ਵਿੱਚ ਛੇਵੀਂ ਜਮਾਤ ਵਿੱਚੋਂ ਕਰਨ 'ਦਾ ਵਿੰਚੀ' ਹਾਊਸ ਤੇ ਹਰਗੁਣ 'ਗਾਂਧੀ ਹਾਊਸ' ਨੇ ਪਹਿਲਾ, ਸੰਚੀਤਾ 'ਆਇਨਸਟਾਈਨ ਹਾਊਸ' ਨੇ ਦੂਜਾ, ਦਵਜੀਤ 'ਦਾ ਵਿੰਚੀ ਹਾਊਸ' ਤੇ ਲਵਲੀਨ 'ਗਾਂਧੀ ਹਾਊਸ' ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਸੱਤਵੀਂ ਜਮਾਤ ਵਿੱਚੋਂ ਰਵਨੂਰ 'ਦਾ ਵਿੰਚੀ ਹਾਊਸ' ਤੇ ਯਾਦਵੀ 'ਕੋਲੰਬਸ ਹਾਊਸ' ਨੇ ਪਹਿਲਾ, ਦਮਨ 'ਦਾ ਵਿੰਚੀ ਹਾਊਸ' ਨੇ ਦੂਜਾ ਤੇ ਸਿਆ 'ਆਇਨਸਟਾਈਨ ਹਾਊਸ' ਤੇ ਗੁਰਸ਼ਾਨ ਸਿੰਘ 'ਕੋਲੰਬਸ ਹਾਊਸ' ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਅੱਠਵੀਂ ਜਮਾਤ ਵਿਚ ਪ੍ਰਭਨੂਰ 'ਕੋਲੰਬਸ ਹਾਊਸ' ਨੇ ਪਹਿਲਾ, ਅਵਕਰਨ 'ਗਾਂਧੀ ਹਾਊਸ' ਨੇ ਦੂਜਾ ਤੇ ਸਨਾਇਆ 'ਦਾ ਵਿੰਚੀ ਹਾਊਸ' ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਦੂਜੇ ਪਾਸੇ ਨੌਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੰਟਰ ਹਾਊਸ 'ਕੋਲਾਜ ਮੇਕਿੰਗ' ਮੁਕਾਬਲਾ ਕਰਵਾਇਆ ਗਿਆ, ਜਿਸ ਦਾ ਵਿਸ਼ਾ 'ਯੂਨੈਸਕੋ ਵਰਡ ਹੈਰੀਟੇਜ ਸਾਇਟਜ਼' ਸੀ, ਜਿਸ ਰਾਹੀਂ ਵਿਦਿਆਰਥੀਆਂ ਨੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਬੜੇ ਹੀ ਅਨੋਖੇ ਅੰਦਾਜ਼ ਵਿੱਚ ਕੀਤਾ।ਇਸ ਮੁਕਾਬਲੇ ਵਿੱਚ 'ਆਇਨਸਟਾਈਨ ਹਾਊਸ' ਨੇ ਪਹਿਲਾ, 'ਦਾ ਵਿੰਚੀ ਹਾਊਸ' ਨੇ ਦੂਜਾ ਤੇ 'ਕੋਲੰਬਸ ਹਾਊਸ' ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਦੇ ਨਾਲ ਹੀ ਛੇਵੀਂ ਤੋਂ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਅੰਤਰ-ਹਾਊਸ ਬੈਡਮਿੰਟਨ ਮੁਕਾਬਲੇ ਕਰਵਾਏ ਗਏ, ਜਿਸ ਵਿੱਚ 'ਗਾਂਧੀ ਹਾਊਸ' ਪਹਿਲੇ, 'ਕੋਲੰਬਸ ਹਾਊਸ' ਦੂਜੇ ਅਤੇ 'ਆਇਨਸਟਾਈਨ ਹਾਊਸ' ਤੇ 'ਦਾ ਵਿੰਚੀ ਹਾਊਸ' ਤੀਜੇ ਸਥਾਨ 'ਤੇ ਰਿਹਾ।ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਗੀਤਾ ਪਿੰਕੀ ਨੇ ਕਿਹਾ ਕਿ ਮਾਊਂਟ ਲਿਟਰਾ ਜ਼ੀ ਸਕੂਲ ਦਾ ਮੁੱਖ ਉਦੇਸ਼ ਇਲਾਕੇ ਦੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ ਤਾਂ ਜੋ ਉਨ੍ਹਾਂ ਦੇ ਸਕੂਲ ਤੋਂ ਪਾਸ ਆਊਟ ਹੋਣ ਵਾਲਾ ਹਰ ਵਿਦਿਆਰਥੀ ਜੀਵਨ ਵਿੱਚ ਅੱਗੇ ਵਧ ਸਕੇ।ਉਨ੍ਹਾਂ ਕਿਹਾ ਕਿ ਉਹ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਸਕੂਲ ਦਾ ਹਰ ਵਿਦਿਆਰਥੀ ਇੱਕ ਸਫਲ ਵਿਅਕਤੀ ਬਣੇ ਤੇ ਜੀਵਨ ਦੇ ਹਰ ਖੇਤਰ ਵਿੱਚ ਤਰੱਕੀ ਕਰੇ ਤਾਂ ਜੋ ਸਕੂਲ, ਦੇਸ਼ ਤੇ ਮਾਪੇ ਉਨ੍ਹਾਂ 'ਤੇ ਮਾਣ ਮਹਿਸੂਸ ਕਰ ਸਕਣ।



# ਅੱਗ ਨਾਲ ਸੜੀ ਕਣਕ ਦੇ ਮੁਆਵਜ਼ੇ ਲਈ ਕੇਕੇਯੂ ਦਾ ਵਫਦ ਸਰਾਰੀ ਨੂੰ ਮਿਲਿਆ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਪਿਛਲੇ ਦਿਨੀਂ ਇਲਾਕੇ ਅੰਦਰ ਅਚਾਨਕ ਅੱਗ ਲੱਗਣ ਨਾਲ ਕਈ ਪਿੰਡਾਂ ਦੇ ਸੈਂਕੜੇ ਏਕੜ ਕਣਕ ਦੀ ਫਸਲ ਤੇ ਖੇਤੀ ਸੰਦ ਤਬਾਹ ਹੋ ਗਏ ਹਨ, ਜਿਸ ਨਾਲ ਇਲਾਕੇ ਦੇ ਕਿਸਾਨਾਂ ਨੂੰ ਵੱਡਾ ਨੁਕਸਾਨ ਹੋਇਆ ਹੈ। ਇਨ੍ਹਾਂ ਕਿਸਾਨਾਂ ਦੇ ਹੋਏ ਨੁਕਸਾਨ ਦੀ ਤੁਰੰਤ ਭਰਪਾਈ ਲਈ ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਕੇਕੇਯੂ) ਦਾ ਵਫਦ ਹਲਕਾ ਵਿਧਾਇਕ ਫੌਜਾ ਸਿੰਘ ਸਰਾਰੀ ਨੂੰ ਮਿਲਿਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ ਨੇ ਦੱਸਿਆ ਕਿ ਵੱਖ-ਵੱਖ ਕਾਰਨਾਂ ਕਰਕੇ ਲੱਗੀ ਅੱਗ ਨਾਲ ਹਲਕਾ ਗੁਰੂ ਹਰਸਹਾਏ ਅੰਦਰ ਪੈਂਦੇ ਕਈ ਪਿੰਡਾਂ ਦੇ ਸੈਂਕੜੇ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ ਹੈ ਅਤੇ ਸੈਂਕੜੇ ਏਕੜ ਕਣਕ ਤੇ ਤੂੜੀ ਲਈ ਰੱਖਿਆ ਨਾੜ ਸੜ ਕੇ ਸਵਾਹ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਦੀ ਬਲਾਕ ਟੀਮ ਵੱਲੋਂ ਪਿੰਡਾਂ ਦਾ ਦੌਰਾ ਕੀਤਾ ਗਿਆ ਤੇ ਪੀੜਤ ਕਿਸਾਨਾਂ ਦੀਆਂ ਲਿਸਟਾਂ ਤਿਆਰ ਕੀਤੀਆਂ ਗਈਆਂ ਹਨ, ਜੋ ਅੱਜ ਹਲਕਾ ਵਿਧਾਇਕ ਫੌਜਾ ਸਿੰਘ ਸਰਾਰੀ ਨੂੰ ਸੌਂਪੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ 'ਕੱਲੇ ਦਿਲਾਰਾਮ ਪਿੰਡ ਵਿੱਚ ਹੀ 20 ਕਿਸਾਨਾਂ ਦੀ 103 ਏਕੜ ਕਣਕ ਸੜੀ ਹੈ ਤੇ ਸੈਂਕੜੇ ਏਕੜ ਨਾੜ ਵੀ ਖਤਮ ਹੋਇਆ ਹੈ। ਇਕੱਤਰ ਕਿਸਾਨਾਂ ਵੱਲੋਂ ਹਲਕਾ ਵਿਧਾਇਕ ਤੋਂ 60 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਕਰਨ ਦੀ ਮੰਗ ਕੀਤੀ ਗਈ।ਸੱਤਾਧਿਰ ਦੇ ਨਾਲ ਨਾਲ ਉਨ੍ਹਾਂ ਵੱਲੋਂ ਦੂਜੀਆਂ ਰਾਜਨੀਤਕ ਪਾਰਟੀਆਂ ਨੂੰ ਵੀ ਸਿਰਫ ਰਾਜਨੀਤੀ ਕਰਨ ਦੀ ਬਜਾਏ ਕਿਸਾਨਾਂ ਦੀ ਆਰਥਿਕ ਮਦਦ ਕਰਨ ਦੀ ਅਪੀਲ ਕੀਤੀ ਗਈ। ਇਸ ਮੌਕੇ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ ਤੋਂ ਇਲਾਵਾ, ਬਲਾਕ ਪ੍ਰਧਾਨ ਗੁਰਭੇਜ ਸਿੰਘ ਲੋਹੜਾ ਨਵਾਬ, ਰੇਸ਼ਮ ਸਿੰਘ ਦਿਲਾਰਾਮ, ਗੁਰਨਾਮ ਸਿੰਘ ਚੱਕ ਸੋਮੀਆ ਵਾਲਾ, ਰਾਜ ਸਿੰਘ ਜੰਗ, ਗੁਰਸੇਵਕ ਸਿੰਘ ਜੰਗ, ਨਿਰਭੈ ਸਿੰਘ ਟਾਹਲੀ ਵਾਲਾ ਆਦਿ ਸਮੇਤ ਕਈ ਕਿਸਾਨ ਆਗੂ ਹਾਜ਼ਰ ਸਨ।

# ਰੋਕੀ ਸਹੋਤਾ ਸਰਬਸੰਮਤੀ ਨਾਲ ਪ੍ਰਧਾਨ ਚੁਣੇ

**ਦੋਰਾਹਾ (ਹਰਮਿੰਦਰ ਸੇਠ)**- ਨਗਰ ਕੌਂਸਲ ਦੋਰਾਹਾ ਦੇ ਸਫਾਈ ਸੇਵਕਾਂ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਨਗਰ ਕੌਂਸਲ ਸਫਾਈ ਸੇਵਕਾਂ ਦੇ ਪ੍ਰਧਾਨ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਇਸ ਮੀਟਿੰਗ ਵਿੱਚ ਦੋਰਾਹਾ ਨਗਰ ਕੌਂਸਲ ਦੇ ਲਗਭਗ 70 ਦੇ ਕਰੀਬ ਸਫਾਈ ਕਰਮਚਾਰੀ ਸ਼ਾਮਲ ਹੋਏ ਅਤੇ



ਸਾਰਿਆਂ ਨੇ ਇੱਕ-ਸੁਰ ਨਾਲ ਰੋਕੀ ਸਹੋਤਾ ਨੂੰ ਨਗਰ ਪਾਲਿਕਾ ਦਾ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ। ਇਹ ਮੀਟਿੰਗ ਟਰੇਨ ਆਗੂ ਸਾਥੀ ਕਰਮ ਸਿੰਘ ਜਟਾਣਾ ਤੇ ਹਰਮਿੰਦਰ ਸਿੰਘ ਸੇਠ ਅਤੇ ਅਨਿਲ ਕੁਮਾਰ ਦੀ ਰਹਿਨੁਮਾਈ ਹੇਠ ਹੋਈ। ਇਸ ਮੀਟਿੰਗ ਵਿੱਚ ਦੀਪਕ ਕੁਮਾਰ, ਦੀਪਕ, ਮੋਤੀ ਲਾਲ, ਅਸ਼ਵਨੀ ਕੁਮਾਰ, ਗੁਰਪ੍ਰੀਤ ਸਿੰਘ, ਮਨੀ ਪੂਨਮ, ਵਿਜੇ ਕੁਮਾਰੀ, ਬਰਸ਼ਾ ਆਦਿ ਹਾਜ਼ਰ ਸਨ।

# ਪਿੰਡ ਵਾਂਦਰ 'ਚ ਪੁੱਜੀ ਚੇਅਰਮੈਨ ਦੀਦਰੇਵਾਲਾ ਵੱਲੋਂ ਵਿਕਾਸ ਪੱਖੀ ਲਹਿਰ ਦੀ ਸ਼ੁਰੂਆਤ



**ਬਾਘਾ ਪੁਰਾਣਾ (ਮਨੀ ਸਿਗਲਾ)**- ਆਮ ਆਦਮੀ ਪਾਰਟੀ ਜ਼ਿਲ੍ਹਾ ਮੋਗਾ ਦੇ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਹਰਮਨਜੀਤ ਸਿੰਘ ਦੀਦਰੇਵਾਲਾ ਵੱਲੋਂ ਜ਼ਿਲ੍ਹੇ ਭਰ ਵਿੱਚ ਸ਼ੁਰੂ ਕੀਤੀ ਵਿਕਾਸ ਪੱਖੀ ਲਹਿਰ ਹੁਣ ਹਲਕਾ ਬਾਘਾ ਪੁਰਾਣਾ ਦੇ ਪਿੰਡ ਵਾਂਦਰ ਪੁੱਜੀ ਹੈ।ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਰਮਨ ਮਿੱਤਲ ਰਿੰਪੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇੱਥੇ ਜ਼ਿਲ੍ਹਾ ਯੋਜਨਾ ਬੋਰਡ ਦੇ ਦਫ਼ਤਰ ਵਿਖੇ ਪਿੰਡ ਦੇ ਵਿਕਾਸ ਲਈ 4 ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਦਿਆਂ ਚੇਅਰਮੈਨ ਦੀਦਰੇਵਾਲਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਘੜੀਆਂ ਨੀਤੀਆਂ ਤਹਿਤ ਪਿੰਡਾਂ ਨੂੰ ਸ਼ਹਿਰੀ ਤਰਜ਼ 'ਤੇ ਅਗਲੇ ਦੋ ਵਰ੍ਹਿਆਂ ਦੌਰਾਨ ਆਧੁਨਿਕ ਸਹੂਲਤਾਂ ਮੁਹੱਈਆਂ ਕਰਵਾਉਣ ਦੀ ਰਣਨੀਤੀ ਘੜੀ ਗਈ ਹੈ, ਜਿਸ ਤਹਿਤ ਹੀ ਵਿਕਾਸ ਕਾਰਜ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡਾਂ ਦਾ ਕੋਈ ਕੰਮ ਪਿੱਛੇ ਨਹੀਂ ਰਹੇਗਾ, ਕਿਉਂਕਿ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਤੋਟ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਚੇਅਰਮੈਨ ਰਿੰਪੀ ਮਿੱਤਲ, ਜ਼ਿਲ੍ਹਾ ਸਕੱਤਰ ਪਿਆਰਾ ਸਿੰਘ ਬੱਧਨੀ, ਬਲਾਕ ਪ੍ਰਧਾਨ ਯਾਦਵਿੰਦਰ ਸਿੰਘ ਵਾਂਦਰ, ਸਰਪੰਚ ਜੋਰਾ ਸਿੰਘ, ਸੁਖਜਿੰਦਰ ਸਿੰਘ ਪੰਚ ਵੀ ਹਾਜ਼ਰ ਸਨ।

# ਵਿਰੋਧਤਾਵਾਂ ਲਈ ਹਥਿਆਰ ਨਹੀਂ ਵਿਚਾਰ ਚਾਹੀਦਾ ਹੈ : ਡਾ. ਸਵਰਾਜ



**ਸੰਗਰੂਰ (ਪ੍ਰਵੀਨ ਸਿੰਘ)**- ਮਾਲਵਾ ਰਿਸਰਚ ਸੈਂਟਰ ਪਟਿਆਲਾ (ਰਜਿ.) ਤੇ ਅਦਾਰਾ ਜਾਗੋ ਇੰਟਰਨੈਸ਼ਨਲ ਵੱਲੋਂ ਅਮਰ ਗਰਗ ਕਲਮਦਾਨ ਦੀ ਪੁਸਤਕ ਸਲੋਚਨਾ ਦਾ ਲੋਕ ਅਰਪਣ, ਵਿਚਾਰ ਚਰਚਾ ਤੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ।ਗਰੀਨਵੁੱਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਹੋਏ ਭਾਵਪੂਰਤ ਸਮਾਗਮ ਦੀ ਪ੍ਰਧਾਨਗੀ ਪਵਨ ਹਰਚੰਦਪੁਰੀ ਨੇ ਕੀਤੀ।ਉਦਘਾਟਨ ਡਾ. ਲਖਵਿੰਦਰ ਸਿੰਘ ਜੌਹਲ, ਆਸ਼ੀਰਵਾਦ ਡਾ. ਤੇਜਵੰਤ ਮਾਨ ਸਾਹਿਤ ਰਤਨ ਨੇ ਦਿੱਤਾ, ਜਦਕਿ ਮੁੱਖ ਮਹਿਮਾਨ ਦੇ ਤੌਰ ਤੇ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ, ਡਾ. ਦਰਸ਼ਨ ਸਿੰਘ ਆਸ਼ਟ ਵਿਸ਼ੇਸ਼ ਮਹਿਮਾਨ ਤੇ ਪ੍ਰਧਾਨਗੀ ਮੰਡਲ ਵਿੱਚ ਡਾ. ਭਗਵੰਤ ਸਿੰਘ ਮੁੱਖ ਸੰਪਾਦਕ ਉਨ੍ਹਾਂ ਨਾਲ ਸ਼ਾਮਲ ਹੋਏ।ਡਾ. ਜਗਦੀਪ ਕੌਰ ਆਹੂਜਾ, ਜੋਗਿੰਦਰ ਕੌਰ ਅਗਨੀਹਤਰੀ ਨੇ ਪੁਸਤਕ ਉੱਪਰ ਪੇਪਰ ਪੜ੍ਹੇ।ਸੁਖਦੇਵ ਔਲਖ, ਡਾ. ਕਮਲਜੀਤ ਸਿੰਘ ਟਿੱਬਾ, ਡਾ. ਗੁਰਮੀਤ ਸਿੰਘ, ਗੁਲਜ਼ਾਰ ਸਿੰਘ ਸ਼ੌਂਕੀ, ਬੀਰਇੰਦਰ ਸਿੰਘ ਬਨਭੌਰੀ, ਮੇਘਰਾਜ ਸ਼ਰਮਾ, ਡਾ. ਭਗਵੰਤ ਸਿੰਘ, ਜਗਦੀਪ ਸਿੰਘ ਗੰਧਾਰਾ, ਬਲਵਿੰਦਰ ਸਿੰਘ ਭੱਟੀ, ਅਨੋਖ ਸਿੰਘ ਵਿਰਕ, ਦਵਿੰਦਰ ਪਟਿਆਲਵੀ, ਇੰਜ. ਸਤਨਾਮ ਸਿੰਘ ਮੱਟੂ, ਸੁਰਿੰਦਰ ਸ਼ਰਮਾ ਨਾਗਰਾ, ਗੋਪਾਲ ਸ਼ਰਮਾ, ਸੁਖਦੇਵ ਅਲਾਲ, ਡਾ. ਰਾਜੀਵ ਪੁਰੀ, ਜੋਗਾ ਸਿੰਘ ਧਨੌਲਾ ਨੇ ਚਰਚਾ ਵਿੱਚ ਭਾਗ ਲਿਆ ਤੇ ਬਹੁਤ ਉੱਚ ਪੱਧਰੀ ਵਿਚਾਰ ਪ੍ਰਗਟ ਕੀਤੇ।ਇਸ ਮੌਕੇ ਲੋਕ ਕਲਾਕਾਰਾਂ ਦੇ ਗਿੱਧੇ ਤੇ ਬੋਲੀਆਂ ਨਾਲ ਸਮਾਗਮ ਦਾ ਆਗਾਜ਼ ਹੋਇਆ, ਮੀਤ ਸਕਰੌਦੀ, ਨਾਹਰ ਸਿੰਘ ਮੁਬਾਰਕਪੁਰੀ, ਮਨਜੀਤ ਕੌਰ ਸੰਧੂ, ਗੁਰਨਾਮ ਸਿੰਘ, ਜੋਗਾ ਸਿੰਘ ਧਨੌਲਾ, ਸੁਖਦੇਵ ਸਿੰਘ ਅਲਾਲ, ਦੇਸ਼ ਭੂਸ਼ਨ, ਪ੍ਰੇਮ ਕੁਮਾਰ, ਨਿਰਮਲਾ ਗਰਗ, ਗੁਰਚਰਨ ਸਿੰਘ ਢੀਂਡਸਾ, ਅਮਰਜੀਤ ਸਿੰਘ ਅਮਨ, ਅਨੀਤਾ ਗਰਗ, ਪ੍ਰਿੰ. ਪ੍ਰੇਮਲਤਾ, ਸ਼ੇਰ ਸਿੰਘ ਬੇਨੜਾ, ਮਲਕੀਤ ਸਕਰੌਦੀ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ।ਇਸ ਅਵਸਰ ਤੇ ਮਾਲਵਾ ਰਿਸਰਚ ਸੈਂਟਰ ਵੱਲੋਂ ਅਨੋਖ ਸਿੰਘ ਵਿਰਕ, ਬਲਵਿੰਦਰ ਸਿੰਘ ਭੱਟੀ, ਜੋਗਾ ਸਿੰਘ ਧਨੌਲਾ, ਗੁਰਨਾਮ ਸਿੰਘ, ਜੋਰਾ ਸਿੰਘ ਮੰਡੇਰ, ਅਮਰ ਗਰਗ ਕਲਮਦਾਨ, ਨਿਰਮਲਾ ਗਰਗ, ਪ੍ਰਿੰ. ਪ੍ਰੇਮਲਤਾ ਤੇ ਗੁਰਦਿਆਲ ਨਿਰਮਾਣ ਦਾ ਸਨਮਾਨ ਕੀਤਾ ਗਿਆ। ਡਾ. ਲਖਵਿੰਦਰ ਸਿੰਘ ਜੌਹਲ ਨੇ ਕਿਹਾ ਕਿ ਅੱਜ ਦਾ ਸਮਾਗਮ ਬਹੁ ਵਿਧਾਈ ਹੈ, ਕਲਮਦਾਨ ਨੇ ਆਪਣੀਆਂ ਕਹਾਣੀਆਂ ਵਿੱਚ ਚੰਗੀਆਂ ਚੀਜ਼ਾਂ ਨੂੰ ਉਭਾਰਿਆ ਹੈ।ਡਾ. ਤੇਜਵੰਤ ਮਾਨ ਦਾ ਮੰਨਣਾ ਸੀ ਕਿ ਕਲਮਦਾਨ ਨੇ ਲੋਕ ਭਾਵਨਾਵਾਂ ਨੂੰ ਗ੍ਰਹਿਣ ਕੀਤਾ ਹੈ।ਡਾ. ਸਵਰਾਜ ਸਿੰਘ ਨੇ ਕਿਹਾ ਕਿ ਅੱਜ ਲੋਕ ਕੁਦਰਤ, ਸਮਾਜ ਤੇ ਆਪਣੇ ਆਪ ਨਾਲੋਂ ਟੁੱਟ ਰਹੇ ਹਨ, ਪਰ ਕਲਮਦਾਨ ਕੁੱਲ ਲੋਕਾਈ ਨੂੰ ਸੱਭਿਆਚਾਰ ਨਾਲ ਜੋੜ ਰਿਹਾ ਹੈ।ਪਵਨ ਹਰਚੰਦਪੁਰੀ ਤੇ ਡਾ. ਦਰਸ਼ਨ ਸਿੰਘ ਆਸ਼ਟ ਨੇ ਸੱਭਿਆਚਾਰ ਦੇ ਸੰਦਰਭ ਵਿੱਚ ਗੱਲ ਕਰਦੇ ਹੋਏ ਮਾਲਵਾ ਰਿਸਰਚ ਸੈਂਟਰ ਦੀ ਪ੍ਰਸੰਸਾ ਕੀਤੀ।ਡਾ. ਭਗਵੰਤ ਸਿੰਘ ਨੇ ਸਮਾਗਮ ਦੀ ਰੂਪ ਰੇਖਾ ਬਾਰੇ ਦੱਸਦੇ ਹੋਏ ਕਿਹਾ ਕਿ ਮਾਲਵਾ ਰਿਸਰਚ ਸੈਂਟਰ ਤੇ ਜਾਗੋ ਇੰਟਰਨੈਸ਼ਨਲ ਅਣਗੌਲੇ ਸਾਹਿਤਕਾਰਾਂ ਅਤੇ ਸਾਹਿਤਕ ਵਿਧਾਵਾਂ ਦੀ ਪੁਨਰ ਸੁਰਜੀਤੀ ਤੇ ਵਿਸ਼ਵ ਵਿੱਚ ਵੱਡਾ ਮੁਕਾਮ ਹਾਸਲ ਕਰਵਾਉਣ ਲਈ ਯਤਨਸ਼ੀਲ ਹਨ।ਜਗਦੀਪ ਸਿੰਘ ਗੰਧਾਰਾ ਨੇ ਸਭ ਦਾ ਧੰਨਵਾਦ ਕੀਤਾ।ਗੁਰਨਾਮ ਸਿੰਘ ਨੇ ਭਾਵਪੂਰਤ ਮੰਚ ਸੰਚਾਲਨਾ ਕੀਤੀ।ਪ੍ਰਿੰ. ਨਿਰਮਲਾ ਗਰਗ ਨੇ ਕਵਿਸ਼ਰੀ ਦੇ ਉਚੇਚੇ ਰੰਗ ਬਿਖੇਰੇ।ਅਮਰ ਗਰਗ ਕਲਮਦਾਨ ਨੇ ਸਮਾਗਮ ਨੂੰ ਆਪਣੇ ਸਾਹਿਤਕ ਜੀਵਨ ਦਾ ਵੱਡਮੁੱਲਾ ਹਾਸਲ ਪੱਖ ਦੱਸਿਆ।

# ਅੱਗ ਲੱਗਣ ਕਾਰਨ ਪ੍ਰਵਾਸੀ ਮਜ਼ਦੂਰਾਂ ਦੀਆਂ ਝੁੱਗੀਆਂ ਸੜੀਆਂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)** - ਮੰਡੀ ਬਰੀਵਾਲਾ ਵਿਖੇ ਮੰਗਲਵਾਰ ਦੁਪਹਿਰ ਸਮੇਂ ਗਰੀਬ ਪ੍ਰਵਾਸੀ ਮਜ਼ਦੂਰਾਂ ਦੀਆਂ ਝੁੱਗੀਆਂ ਨੂੰ ਅੱਗ ਲੱਗ ਗਈ।ਅੱਗ ਲੱਗਣ ਕਾਰਨ ਗਰੀਬਾਂ ਦੀਆਂ ਸਾਰੀਆਂ ਝੁੱਗੀਆਂ ਝੋਪੜੀਆਂ ਸੜ ਕੇ ਸੁਆਹ ਹੋ ਗਈਆਂ।ਜਿਸ ਸਮੇਂ ਅੱਗ ਲੱਗੀ, ਉਸ ਸਮੇਂ ਝੁੱਗੀਆਂ ਅੰਦਰ ਕੋਈ ਵੀ ਨਹੀਂ ਸੀ। ਸਾਰੇ ਝੁੱਗੀਆਂ ਵਾਲੇ ਗਰੀਬ ਪਰਿਵਾਰ ਮੰਡੀ 'ਚ ਮਜ਼ਦੂਰੀ ਕਰਨ ਗਏ ਸਨ, ਜਿਨ੍ਹਾਂ ਦੇ ਬੱਚੇ ਵੀ ਨਾਲ ਹੀ ਸਨ।ਜਿਵੇਂ ਹੀ ਝੁੱਗੀਆਂ ਵਾਲੇ ਲੋਕਾਂ ਨੂੰ ਅੱਗ ਲੱਗਣ ਦਾ ਪਤਾ ਲੱਗਾ ਤਾਂ ਉਹ ਤੁਰੰਤ ਉੱਥੇ ਪੁੱਜੇ ਤੇ ਅੱਗ ਬਝਾਉਣ ਦੀ ਕੋਸ਼ਿਸ਼ ਜੁਟ ਗਏ।ਲੋਕਾਂ ਵੱਲੋਂ ਤੁਰੰਤ ਫਾਇਰ ਬ੍ਰਿਗੇਡ ਵਿਭਾਗ ਨੂੰ ਸੂਚਿਤ ਕੀਤਾ ਗਿਆ।ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਦੀ ਗੱਡੀ ਮੌਕੇ 'ਤੇ ਪੁੱਜੀ ਤੇ ਫਾਇਰ ਕਰਮਚਾਰੀਆਂ ਵੱਲੋਂ ਅੱਗ 'ਤੇ ਕਾਬੂ ਪਾਇਆ ਗਿਆ, ਪਰ ਉਦੋਂ ਤੱਕ ਝੁੱਗੀਆਂ ਪੂਰੀ ਤਰ੍ਹਾਂ ਨਾਲ ਸੜ ਚੁੱਕੀਆਂ ਸੀ।ਮੌਕੇ 'ਤੇ ਇਕੱਤਰ ਝੁੱਗੀਆਂ ਵਾਲੇ ਲੋਕਾਂ ਨੇ ਦੱਸਿਆ ਕਿ ਉਹ ਬਹੁਤੇ ਗਰੀਬ ਪਰਿਵਾਰ ਹਨ ਅਤੇ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਰਹੇ ਹਨ।ਅੱਜ ਜਦ ਉਹ ਮੰਡੀ 'ਚ ਮਜ਼ਦੂਰੀ ਕਰਨ ਲਈ ਗਏ ਸਨ ਤਾਂ ਪਿੱਛੋਂ ਝੁੱਗੀਆਂ ਨੂੰ ਅੱਗ ਲੱਗ ਗਈ।ਅੱਗ ਲੱਗਣ ਕਾਰਨ ਝੁੱਗੀਆਂ ਪੂਰੀ ਤਰ੍ਹਾਂ ਸੜ ਗਈਆਂ ਤੇ ਅੰਦਰ ਪਿਆ ਘਰੇਲੂ ਸਮਾਨ ਕੱਪੜੇ, ਭਾਂਡੇ, ਖਾਣ-ਪੀਣ ਦਾ ਸਾਮਾਨ ਤੇ ਮਜ਼ਦੂਰੀ ਕਰ ਕੇ ਜੋੜ ਕੇ ਰੱਖੀ ਨਕਦੀ ਵੀ ਸੜ ਕੇ ਸੁਆਹ ਹੋ ਗਈ।ਉਨ੍ਹਾਂ ਰੌਂਦਿਆਂ-ਕਰਲਾਉਂਦਿਆਂ ਦੱਸਿਆ ਕਿ ਉਨ੍ਹਾਂ ਦਾ ਸਾਰਾ ਕੁਝ ਲੁੱਟ ਗਿਆ ਹੈ।ਉਨ੍ਹਾਂ ਕੋਲ ਖਾਣ-ਪੀਣ ਤੱਕ ਦਾ ਸਮਾਨ ਨਹੀਂ ਬਚਿਆ।ਅੱਗ ਲੱਗਣ ਦੇ ਕਾਰਨਾਂ ਦਾ ਕੋਈ ਪਤਾ ਨਹੀਂ ਲੱਗ ਸਕਿਆ ਹੈ।ਉਨ੍ਹਾਂ ਮੰਗ ਕੀਤੀ ਕਿ ਹੋਏ ਨੁਕਸਾਨ ਲਈ ਉਨ੍ਹਾਂ ਦੀ ਮਦਦ ਕੀਤੀ ਜਾਵੇ।

AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025
Registered Office: 'Trishul', 3rd Floor, opposite Samartheswar Temple, Law garden, Ellisbridge, Ahmadabad- 380006

ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਣਨ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ। ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ [illegible]

| ਲੜੀ ਨੰ. | ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਮ | ਮੰਗ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ / ਬਕਾਇਆ ਰਕਮ |
| --- | --- | --- |
| 1. | (1) ਸ੍ਰੀ ਦਿਲਜਾਨ ਚੌਧਰੀ ਪੁੱਤਰ ਓਮ ਪ੍ਰਕਾਸ਼ (ਕਰਜ਼ਦਾਰ/ਗਹਿਣਕਾਰ) ਅਤੇ (2) ਸ੍ਰੀਮਤੀ ਪ੍ਰੀਤਾ ਦੇਵੀ ਪਤਨੀ ਦਿਲਜਾਨ ਚੌਧਰੀ (ਸਹਿ-ਕਰਜ਼ਦਾਰ) | 01 ਫਰਵਰੀ 2025/24 ਜਨਵਰੀ 2025; 21 ਅਪ੍ਰੈਲ 2025; ਰੁਪਏ 6,81,539/- [illegible] |

ਗਹਿਣਕਸ਼ੁਦਾ ਜਾਇਦਾਦ ਦਾ ਵੇਰਵਾ: [illegible] 2020-21/102/1/1366 ਮਿਤੀ 27 ਮਾਰਚ 2020 [illegible] ਵਸੀਕਾ ਨੰ. 650 [illegible]

ਮਿਤੀ 24.04.2025, ਸਥਾਨ : ਲੁਧਿਆਣਾ
ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਕ੍ਰਿਸ਼ਨਾ ਕਾਲਜ ਰੱਲੀ ਵਿਖੇ ਯੁੱਧ ਨਸ਼ਿਆਂ ਵਿਰੁੱਧ ਵਿਸ਼ੇ 'ਤੇ ਸੈਮੀਨਾਰ



**ਬਰੇਟਾ (ਰੀਤਵਾਲ)**- ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਤ ਕ੍ਰਿਸ਼ਨਾ ਕਾਲਜ ਆਫ ਹਾਇਰ ਐਜੂਕੇਸ਼ਨ ਰੱਲੀ (ਬੁਢਲਾਡਾ) ਵਿਖੇ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਸੈਮੀਨਾਰ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿੱਚ ਮੁੱਖ ਬੁਲਾਰੇ ਦੇ ਤੌਰ 'ਤੇ ਅਮਰੀਕ ਸਿੰਘ ਐੱਸ ਐੱਚ ਓ ਥਾਣਾ ਸਦਰ ਬੁਢਲਾਡਾ ਨੇ ਸ਼ਿਰਕਤ ਕੀਤੀ।ਉਨ੍ਹਾਂ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਕਾਰ ਵੱਲੋਂ ਮੋਬਾਇਲ ਨੰਬਰ ਜਾਰੀ ਕੀਤਾ ਗਿਆ ਹੈ ਤੇ ਇਸ ਸਮੱਸਿਆ ਨਾਲ ਪੀੜਤ ਲੋਕਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਨਸ਼ਾ ਛੁਡਾਊ ਤੇ ਪੁਨਰਵਾਸ ਕੇਂਦਰ ਸਥਾਪਤ ਕੀਤੇ ਗਏ ਹਨ।ਪ੍ਰੋਗਰਾਮ ਦੇ ਅਖੀਰ ਵਿੱਚ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਕਮਲ ਸਿੰਗਲਾ, ਚੇਅਰਮੈਨ ਸੁਖਵਿੰਦਰ ਸਿੰਘ ਚਹਿਲ, ਸਕੱਤਰ ਸ੍ਰੀ ਸਤਪਾਲ ਸਿੰਘ ਚਹਿਲ ਤੇ ਪ੍ਰਧਾਨ ਡਾਕਟਰ ਵਿਜੇ ਸਿੰਗਲਾ ਵੱਲੋਂ ਆਏ ਹੋਏ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਕਾਲਜ ਸੁਪਰਡੈਂਟ ਜਗਸੀਰ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਪ੍ਰੋਗਰਾਮ ਦੌਰਾਨ ਮੰਚ ਸੰਚਾਲਨ ਪ੍ਰੋਫੈਸਰ ਸਰਬਜੀਤ ਸਿੰਘ ਸਰਾਂ (ਪੰਜਾਬੀ ਵਿਭਾ) ਵੱਲੋਂ ਕੀਤਾ ਗਿਆ।

# ਸਕੂਲਾਂ 'ਚ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ : ਵਿਧਾਇਕ ਬੁੱਧ ਰਾਮ

## ● ਸ਼ੇਰਖਾਂ ਵਾਲਾ ਤੇ ਰਾਮਗੜ੍ਹ ਸ਼ਾਹਪੁਰੀਆ ਵਿਖੇ ਵਿਕਾਸ ਕੰਮਾਂ ਦੇ ਕੀਤੇ ਉਦਘਾਟਨ



**ਬੋਹਾ (ਨਿਰੰਜਣ ਬੋਹਾ)**- ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਸਰਕਾਰੀ ਸਕੂਲਾਂ 'ਚ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਬਹੁਤ ਜ਼ਰੂਰੀ ਹੈ, ਜਿਸ ਸਦਕਾ ਉਹ ਆਧੁਨਿਕ ਸਿੱਖਿਆ ਪ੍ਰਾਪਤ ਕਰਕੇ ਚੰਗਾ ਮੁਕਾਮ ਹਾਸਲ ਕਰਨ ਦੇ ਯੋਗ ਬਣਦੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਬੁੱਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਖੇਤਰ ਦੇ ਪਿੰਡਾਂ ਸ਼ੇਰਖਾਂ ਵਾਲਾ ਤੇ ਰਾਮਗੜ੍ਹ ਸ਼ਾਹਪੁਰੀਆ ਵਿਖੇ 49 ਲੱਖ 18 ਹਜ਼ਾਰ ਰੁਪਏ ਦੀ ਲਾਗਤ ਨਾਲ ਹੋਏ ਕੰਮਾਂ ਦੇ ਉਦਘਾਟਨ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਪੜ੍ਹਾਈ ਕਰਵਾਈ ਜਾ ਰਹੀ ਹੈ, ਉੱਥੇ ਹੀ ਖੇਡਾਂ ਦਾ ਵੀ ਖਾਸ ਧਿਆਨ ਰੱਖਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ ਨਵੇਂ ਕਲਾਸ ਰੂਮਾਂ, ਸਕੂਲਾਂ ਦੀ ਮਜ਼ਬੂਤ ਚਾਰਦੀਵਾਰੀ, ਸਾਇੰਸ ਲੈਬ, ਕਿਤਾਬ ਘਰ ਤੇ ਹੋਰ ਜ਼ਰੂਰੀ ਸਹੂਲਤਾਂ ਵੱਲ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਮੌਕੇ ਬਲਾਕ ਸਿੱਖਿਆ ਕੋਆਰਡੀਨੇਟਰ ਸੁਭਾਸ਼ ਨਾਗਪਾਲ, ਉਪ-ਜ਼ਿਲ੍ਹਾ ਸਿੱਖਿਆ ਅਫਸਰ ਪਰਮਜੀਤ ਸਿੰਘ ਭੋਗਲ, ਸਰਪੰਚ ਮਨਜੀਤ ਕੌਰ, ਬਲਜਿੰਦਰ ਕੌਰ, ਨਗਰ ਪੰਚਾਇਤ ਬੋਹਾ ਦੇ ਪ੍ਰਧਾਨ ਕਮਲਦੀਪ ਸਿੰਘ ਬਾਵਾ, ਦਰਸ਼ਨ ਘਾਰੂ, ਹਰੁਫਲ ਸਿੰਘ, ਮਨਜਿੰਦਰ ਕੌਰ, ਸਰਪੰਚ ਸੋਨੀ ਚਹਿਲ, ਚੇਅਰਮੈਨ ਸ਼ਿੰਗਾਰਾ ਸਿੰਘ, ਸਰਪੰਚ ਸਤਨਾਮ ਸਿੰਘ, ਸਕੂਲ ਮੁਖੀ ਸੁਰਿੰਦਰ ਕੁਮਾਰ, ਵਰਿੰਦਰ ਪਾਲ, ਰਾਜਿੰਦਰ ਸਿੰਘ, ਗੁਰਦੀਪ ਸਿੰਘ, ਕੁਲਵੰਤ ਸਿੰਘ, ਸਮਾਜ ਸੇਵੀ ਡੀ. ਸੀ. ਸਿੰਘ, ਡਾ. ਗਮਦੂਰ ਸਿੰਘ, ਜਸਪਾਲ ਸਿੰਘ, ਰੇਸ਼ਮ ਸਿੰਘ, ਬਘੇਲ ਸਿੰਘ, ਪੰਚ ਗੁਰਮੀਤ ਸਿੰਘ, ਚਮਨਦੀਪ ਸਿੰਘ, ਪਿਆਰਾ ਸਿੰਘ ਅਵਤਾਰ ਮਘਾਣੀਆ ਆਦਿ ਮੌਜੂਦ ਸਨ।

# ਰਾਜਪੁਰਾ-ਪਟਿਆਲਾ ਰੋਡ 'ਤੇ ਕਾਫੀ ਮਾਤਰਾ 'ਚ ਲੱਗੇ ਬੋਰਡਾਂ ਕਾਰਨ ਹੋ ਸਕਦੈ ਹਾਦਸਾ



**ਰਾਜਪੁਰਾ (ਰਮੇਸ਼ ਕਟਾਰੀਆ)**: ਰਾਜਪੁਰਾ-ਪਟਿਆਲਾ ਰੋਡ 'ਤੇ ਪਿੰਡ ਢੀਂਡਸਾ ਤੋਂ ਲੈ ਕੇ ਗਾਜ਼ੀਪੁਰ ਤੱਕ ਕਾਫੀ ਵੱਡੀ ਮਾਤਰਾ ਵਿੱਚ ਬੋਰਡ ਲੱਗੇ ਹੋਏ ਹਨ, ਜੋ ਕਿਸੇ ਵਕਤ ਵੀ ਵੱਡੇ ਹਾਦਸੇ ਨੂੰ ਸੱਦਾ ਦੇ ਸਕਦੇ ਹਨ। ਹਨੇਰੀ ਕਾਰਨ ਕਿਸੇ ਵਕਤ ਵੀ ਇਹ ਪ੍ਰਾਈਵੇਟ ਬੋਰਡ ਡਿੱਗ ਸਕਦੇ ਹਨ। ਪਤਾ ਲੱਗਾ ਹੈ ਕਿ ਇੱਕ ਪ੍ਰਾਈਵੇਟ ਵਿਅਕਤੀ ਵੱਲੋਂ ਇਨ੍ਹਾਂ ਬੋਰਡਾਂ ਰਾਹੀਂ ਭਾਰੀ ਰਕਮ ਵਸੂਲੀ ਜਾ ਰਹੀ ਹੈ, ਜੋ ਕਿ ਆਪਣੇ ਆਪ ਨੂੰ ਬਹੁਤ ਵੱਡਾ ਬੰਦਾ ਦੱਸਦਾ ਹੈ, ਇਨ੍ਹਾਂ ਬੋਰਡਾਂ ਨੂੰ ਸਰਕਾਰੀ ਜਗ੍ਹਾ 'ਤੇ ਲਗਾਇਆ ਗਿਆ ਹੈ ਅਤੇ ਪ੍ਰਸ਼ਾਸਨ ਬਿਲਕੁਲ ਖਮੋਸ਼ ਹੈ। ਰਾਜਪੁਰਾ ਦੀਆਂ ਵੱਖ ਵੱਖ ਸਮਾਜਿਕ ਸੰਸਥਾਵਾਂ ਨੇ ਇਨ੍ਹਾਂ ਬੋਰਡਾਂ ਨੂੰ ਛੇਤੀ ਤੋਂ ਛੇਤੀ ਹਟਾਉਣ ਦੀ ਮੰਗ ਕੀਤੀ ਹੈ ਤੇ ਕਿਹਾ ਹੈ ਕਿ ਇਹ ਬੋਰਡ ਦੁਬਾਰਾ ਨਾ ਲੱਗ ਸਕਣ, ਇਸ ਨੂੰ ਯਕੀਨੀ ਬਣਾਇਆ ਜਾਵੇ।

## ...ਸਫ਼ਾ 1 ਦੇ ਬਾਕੀ

### ਕਤਲੇਆਮ ਦੀ ਦੇਸ਼ ਭਗਤ ਯਾਦਗਾਰ ਕਮੇਟੀ...

ਹਿਰਦੇਵੇਦਕ ਘਟਨਾਵਾਂ ਅਤੇ ਕੌੜੀਆਂ ਹਕੀਕਤਾਂ ਸੋਚਣ ਲਈ ਮਜਬੂਰ ਕਰਦੀਆਂ ਹਨ ਕਿ ਪੁਲਵਾਮਾ ਅਤੇ ਚਿੱਠੀ ਸਿੰਘਪੁਰਾ ਵਰਗੀਆਂ ਕਤਲੇਆਮ ਦੀਆਂ ਵਾਰਦਾਤਾਂ ਦੇ ਮੁਜਰਮਾਂ ਦੀਆਂ ਪੈੜਾਂ ਰਾਜ ਦਰਬਾਰ ਵੱਲ ਜਾਂਦੀਆਂ ਜੱਗ-ਜ਼ਾਹਰ ਹੋਈਆਂ ਹਨ। ਗੁਜਰਾਤ, ਸ਼ਾਹੀਨ ਬਾਗ਼ ਦਿੱਲੀ ਇੱਕ ਫਿਰਕੇ ਦੇ ਖੇਡੇ ਸ਼ਿਕਾਰ, ਪੰਜਾਬ ਅੰਦਰ ਦਹਾਕੇ ਤੋਂ ਵੱਧ ਅਰਸਾ ਜਿਵੇਂ ਫਿਰਕੂ ਅਤੇ ਹਕੂਮਤੀ ਦਹਿਸ਼ਤਗਰਦੀ ਦੇ ਸ਼ਿਕਾਰ ਲੋਕਾਂ ਨੇ ਬੇਹਿਸਾਬ ਲੋਥਾਂ ਆਪਣੇ ਮੋਢਿਆਂ 'ਤੇ ਢੋਈਆਂ ਅਤੇ ਅਣਪਛਾਤੀਆਂ ਲਾਸ਼ਾਂ ਕਹਿ ਕੇ ਸਾੜੀਆਂ ਅਤੇ ਖੁਰਦ-ਬੁਰਦ ਕੀਤੀਆਂ ਗਈਆਂ, ਹਾਕਮਾਂ ਦੇ ਕਾਲੇ ਇਤਿਹਾਸ ਦੇ ਅਜਿਹੇ ਵਰਕੇ ਪਹਿਲਗਾਮ ਦੀ ਤਾਜ਼ਾ ਘਟਨਾ ਦੀ ਹਕੀਕਤ ਜਾਨਣ ਲਈ ਵੀ ਸੈਨਤਾਂ ਕਰਦੇ ਹਨ।ਕਮੇਟੀ ਦਾ ਕਹਿਣਾ ਹੈ ਕਿ ਸਿਤਮਜ਼ਰੀਫੀ ਦੀ ਗੱਲ ਹੈ ਕਿ ਕਸ਼ਮੀਰ, ਜਿੱਥੇ ਹਰ ਬੂਹੇ ਅੱਗੇ, ਹਰ ਮੋੜ 'ਤੇ ਸੰਗੀਨਾਂ ਦੀ ਛਾਂ ਹੈ, ਜਿਸ ਘਾਟੀ ਬਾਰੇ ਹਾਕਮਾਂ ਦਾ ਦਾਅਵਾ ਹੈ ਕਿ ਕੋਈ ਪਰਿੰਦਾ ਪਰ ਨਹੀਂ ਮਾਰ ਸਕਦਾ, ਓਥੇ ਐਡੀ ਵੱਡੀ ਅਤੇ ਘਿਨਾਉਣੀ ਵਾਰਦਾਤ ਕਿਵੇਂ ਵਾਪਰ ਗਈ। ਕੀ ਇਸ ਦੀ ਹਕੂਮਤ, ਸਿਵਲ ਅਤੇ ਪੁਲਸ ਪ੍ਰਸ਼ਾਸਨ ਸਿਰ ਕੋਈ ਜ਼ਿੰਮੇਵਾਰੀ ਨਹੀਂ?

ਕਮੇਟੀ ਦਾ ਕਹਿਣਾ ਹੈ ਕਿ ਫਿਰਕੂ ਹਨੇਰੀ 'ਤੇ ਸਵਾਰ ਹੋ ਕੇ ਸਰੇਆਮ ਹਿੰਸਕ ਭੀੜਾਂ ਅਤੇ ਕਾਤਲੀ ਗਰੋਹਾਂ, ਨਿਜੀ ਸੈਨਾਵਾਂ ਦੀਆਂ ਧਾੜਾਂ ਨੂੰ ਥਾਪੜਾ ਦੇ ਕੇ ਸਮੂਹਿਕ ਕਤਲੇਆਮ, ਸਾੜ-ਫੂਕ ਅਤੇ ਉਜਾੜਾ ਕਰਨ ਦੇ ਬੇਸ਼ੁਮਾਰ ਚਿੱਠੇ ਹਾਕਮਾਂ ਦੀ ਭੂਮਿਕਾ ਉਪਰ ਪਹਿਲਾਂ ਹੀ ਉਂਗਲ ਧਰਦੇ ਹਨ, ਫਿਰ ਪਹਿਲਗਾਮ ਕਾਂਡ ਬਾਰੇ ਸੁਆਲ ਪੁੱਛਣਾ ਵੀ ਲੋਕਾਂ ਦਾ ਅਧਿਕਾਰ ਹੈ।ਭਾਜਪਾ ਹਕੂਮਤ ਅਜਿਹੀਆਂ ਵਾਰਦਾਤਾਂ ਦੀ ਰੋਕਥਾਮ ਦੀ ਬਜਾਏ ਇਹਨਾਂ ਦੇ ਹਵਾਲੇ ਨਾਲ ਆਪਣੇ ਰਾਜਨੀਤਕ ਮਨੋਰਥਾਂ ਦੀਆਂ ਰੋਟੀਆਂ ਸੇਕਦੀ ਆ ਰਹੀ ਹੈ ਅਤੇ ਹੁਣ ਵੀ ਸੇਕੇਗੀ।ਕਮੇਟੀ ਦਾ ਕਹਿਣਾ ਹੈ ਕਿ ਵਕਫ਼ ਬੋਰਡ ਵਰਗੇ ਮੁੱਦੇ ਅਤੇ ਬਸਤਰ ਆਦਿਵਾਸੀ ਖੇਤਰਾਂ ਵਿਚ ਹੱਲੇ ਬੋਲਣ ਖ਼ਿਲਾਫ਼ ਲੋਕਾਂ ਦਾ ਧਿਆਨ ਪਾਸੇ ਕਰਨ ਅਤੇ ਇੱਕ ਤੀਰ ਨਾਲ ਕਈ ਨਿਸ਼ਾਨੇ ਵਿੰਨ੍ਹਣ ਦੀ ਸ਼ੌਕੀਨ ਮੋਦੀ-ਸ਼ਾਹ ਹਕੂਮਤ ਦੀਆਂ ਕੁਚਾਲਾਂ ਤੋਂ ਦੇਸ਼ ਵਾਸੀਆਂ ਨੂੰ ਚੁਕੰਨੇ ਰਹਿਣ ਦੀ ਲੋੜ ਹੈ।

### ਬਰਾੜ ਤੇ ਧਾਲੀਵਾਲ ਵੱਲੋਂ 20 ਮਈ ...

ਮਜ਼ਦੂਰ, ਮਨਰੇਗਾ ਵਰਕਰ, ਸਨਅਤੀ ਵਰਕਰਜ਼, ਬੈਂਕਾਂ ਅਤੇ ਇੰਸ਼ੋਰੈਂਸ ਸੈਕਟਰ ਦੇ ਕਰਮਚਾਰੀ, ਗੈਰ-ਜਥੇਬੰਦਕ ਖੇਤਰ ਦੇ ਕਾਮੇ ਆਦਿ ਖੇਤਰਾਂ ਦੇ ਮੁਲਾਜ਼ਮ-ਮਜ਼ਦੂਰ ਇਸ ਹੜਤਾਲ ਦੀ ਲਾਮਬੰਦੀ ਵਿੱਚ ਜੁਟੇ ਹੋਏ ਹਨ। ਕਿਸਾਨ ਜਥੇਬੰਦੀਆਂ ਇਸ ਹੜਤਾਲ ਦਾ ਸੜਕਾਂ 'ਤੇ ਉਤਰ ਕੇ ਭਰਪੂਰ ਸਮਰਥਨ ਕਰਨਗੀਆਂ।

ਆਗੂਆਂ ਨੇ ਪੰਜਾਬ ਦੀਆਂ ਸਮੁੱਚੀਆਂ ਮਜ਼ਦੂਰ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਇਸ ਹੜਤਾਲ ਦੀ ਤਿਆਰੀ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ।ਤਿੰਨ ਮਈ ਨੂੰ ਸਭ ਜਥੇਬੰਦੀਆਂ 20 ਮਈ ਦੀ ਹੜਤਾਲ ਸੰਬੰਧੀ ਪ੍ਰਬੰਧਕਾਂ ਨੂੰ ਨੋਟਿਸ ਦੇਣ ਅਤੇ ਪਹਿਲੀ ਮਈ ਦੇ ਮਜ਼ਦੂਰ ਦਿਹਾੜੇ ਦੇ ਪ੍ਰੋਗਰਾਮਾਂ ਸਮੇਂ ਹੜਤਾਲ ਦੀ ਸਫਲਤਾ 'ਤੇ ਵਿਸ਼ੇਸ਼ ਧਿਆਨ ਕੇਂਦਰਤ ਕੀਤਾ ਜਾਵੇ।

# ਆਸ਼ਿਆਨਾ ਸੋਸ਼ਲ ਸਰਵਿਸ ਸੁਸਾਇਟੀ ਵੱਲੋਂ ਸਕੂਲ਼ ਨੂੰ ਆਰ ਓ ਭੇਟ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**- ਆਸ਼ਿਆਨਾ ਸੋਸ਼ਲ ਸਰਵਿਸ ਸੋਸਾਇਟੀ ਨੇ ਯਸ਼ ਕੁਮਾਰ ਗਰਗ, ਸਹਾਇਕ ਜਨਰਲ ਮੈਨੇਜਰ ਤੇ ਡਾਇਰੈਕਟਰ ਐੱਸ ਬੀ ਆਈ ਐੱਲ ਡੀ, ਸਟੇਟ ਬੈਂਕ ਆਫ਼ ਇੰਡੀਆ ਪਟਿਆਲਾ ਦੇ ਸਹਿਯੋਗ ਨਾਲ ਸਰਕਾਰੀ ਹਾਈ ਸਕੂਲ ਆਲਮਦੀਪੁਰ ਨੂੰ ਵਾਟਰ ਫਿਲਟਰ ਆਰ ਓ ਦਾਨ ਕਰਕੇ ਸਿੱਖਿਆ ਲਈ ਆਪਣਾ ਸਮਰਥਨ ਜਾਰੀ ਰੱਖਿਆ। ਲਗਭਗ 30 ਨਵੇਂ ਭਰਤੀ ਹੋਏ ਪ੍ਰੋਬੇਸ਼ਨਰੀ ਅਫਸਰਾਂ ਨੇ ਸਕੂਲ ਦਾ ਦੌਰਾ ਕੀਤਾ ਤੇ ਲਗਭਗ 200 ਵਿਦਿਆਰਥੀਆਂ ਨੂੰ ਮਠਿਆਈਆਂ ਵੰਡੀਆਂ।ਸੋਸਾਇਟੀ ਦੇ ਪ੍ਰਧਾਨ ਸ਼੍ਰੀ ਸਨਮੀਤ ਸਿੰਘ ਨੇ ਸਕੂਲ ਦੇ ਮਾਹੌਲ ਦੀ ਪ੍ਰਸੰਸਾ ਕੀਤੀ, ਇਸ ਦੀਆਂ ਖੇਡਾਂ, ਵਿਗਿਆਨ ਤੇ ਕੰਪਿਊਟਰ ਸਹੂਲਤਾਂ ਨੂੰ ਉਜਾਗਰ ਕੀਤਾ।ਉਨ੍ਹਾਂ ਸਟਾਫ ਦੀ ਦੋਸਤਾਨਾ ਮਾਹੌਲ ਬਣਾਉਣ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ।ਸ਼੍ਰੀ ਯਸ਼ ਕੁਮਾਰ ਗਰਗ ਨੇ ਕੈਰੀਅਰ ਬਣਾਉਣ ਤੇ ਸਮਾਜ ਵਿੱਚ ਯੋਗਦਾਨ ਪਾਉਣ ਵਿੱਚ ਸਿੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਸਕੂਲ ਪ੍ਰਿੰਸੀਪਲ ਜਸਮਿੰਦਰ ਸਿੰਘ ਨੇ ਸ੍ਰੀ ਗਰਗ ਦਾ ਗੁਲਦਸਤੇ ਤੇ ਯਾਦਗਾਰੀ ਚਿੰਨ੍ਹ ਨਾਲ ਸਵਾਗਤ ਕੀਤਾ।

ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਕ੍ਰਮਾਂਕ:- 770-W/169/WA/FZR/2025-26 ਤਰੀਕ: 22.04.2025

Sr.DEN-IV/FZR ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੇ ਲਈ ਕੰਮ ਕਰਦੇ ਹੋਏ ਹੇਠਾਂ ਦਿੱਤੀਆਂ ਕੰਮਾਂ ਲਈ ਈ-ਨਿਵਿਦਾਵਾਂ ਮੰਗ ਕਰਦੇ ਹਨ [illegible] www.ireps.gov.in ਤੇ ਉਪਲਬਧ ਹਨ [illegible] 12.05.2025 ਤੱਕ 15:00 ਘੰਟੇ [illegible] www.ireps.gov.in [illegible]

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਨਿਵਿਦਾ ਪ੍ਰਣਾਲੀ |
| --- | --- | --- |
| ਖੁਲ੍ਹਾ | ਕੰਮ | ਸਿੰਗਲ ਪੈਕਿਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਨਿਵਿਦਾ ਸ਼ੁਰੂ ਹੋਣ ਦੀ ਮਿਤੀ | ਨਿਵਿਦਾ ਬੰਦ ਹੋਣ ਦੀ ਮਿਤੀ/ਸਮਾਂ |
| 19.04.2025 | 28.04.2025 | 12.05.2025 15:00 |

| ਲ. | ਟੈਂਡਰ ਨੰ. | ਨਿਵਿਦਾ ਦਾ ਵੇਰਵਾ |
| --- | --- | --- |
| 1. | 02-2025-26-MCTM-DRM-JAT | JAT-SVDK ਸੈਕਸ਼ਨ ਵਿਚ ਸੁਰੰਗਾਂ ਅਤੇ ਮੋੜਾਂ (>=2 ਡਿਗ੍ਰੀ) ਬਾਹਰੀ ਰੇਲ ਦੀ ERC ਦੀ ਲੁਬਰੀਕੇਸ਼ਨ Molykote ਲੁਬਰੀਕੇਂਟ ਦੇ ਨਾਲ Sr. DEN-IV/JAT ਦੇ ਅਧਿਕਾਰ ਖੇਤਰ ਦੇ ਤਹਿਤ |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲਿਡਿਟੀ | ਸਮਾਪਨ ਦੀ ਅਵਧੀ |
| --- | --- | --- | --- |
| 13439839.98 | 217200.00 | 60 ਦਿਨ | 6 ਮਹੀਨੇ |

ਕੰਮ ਦੀ ਸਮਾਨ ਸ੍ਰੇਣੀ - ''CTR/TRR/TFR/TTR ਜਿਸ ਵਿਚ ਟ੍ਰੈਕ ਨੂੰ ਉਪਰ ਚੁਕਣਾ, ਸਲੀਪਿੰਗ, ਟ੍ਰੈਕ ਨੂੰ ਡਿਸਟ੍ਰੈਸ ਕਰਨਾ, ਟ੍ਰੈਕ ਰਖ-ਰਖਾਵ ਮਸ਼ੀਨ ਜਿਵੇਂ ਟੈਂਪਿੰਗ ਮਸ਼ੀਨ/ਬੈਲਾਸਟ ਕਲੀਨਿੰਗ/ਰੇਗੂਲੇਟਿੰਗ ਮਸ਼ੀਨ [illegible] 28 ਦੁਆਰਾ''

ਨੋਟ : ਬੋਲੀ ਲਗਾਉਣ ਤੋਂ ਪਹਿਲਾਂ ਬੋਲੀ ਲਗਾਉਣ ਵਾਲਿਆਂ ਨੂੰ ਜਾਂਚ ਕਰਨੀ ਹੋਵੇਗੀ ਨਿਵਿਦਾ ਦੇ ਵਿਰੁਧ ਜਾਰੀ ਕਿਸੇ ਵੀ ਸ਼ੁਧੀਪੱਤਰ ਲਈ।

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 1203/25

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨੇ ਸਰਕਾਰ ਦੀ ਅਰਥੀ ਫੂਕੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਤਹਿਸੀਲ ਹੁਸ਼ਿਆਰਪੁਰ ਵੱਲੋਂ ਮਿਨੀ ਸਕੱਤਰੇਤ ਸਾਹਮਣੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਵੱਖ ਵੱਖ ਬੁਲਾਰਿਆਂ ਸਾਥੀ ਸਤੀਸ਼ ਰਾਣਾ, ਕੁਲਵਰਨ ਸਿੰਘ, ਡੀ.ਕੇ. ਮਹਿਤਾ, ਮੱਖਣ ਸਿੰਘ ਵਾਹਿਦਪੁਰੀ, ਓਂਕਾਰ ਸਿੰਘ, ਜਸਵੀਰ ਤਲਵਾੜਾ, ਇੰਦਰਜੀਤ ਵਿਰਦੀ, ਅਮਰੀਕ ਸਿੰਘ, ਪ੍ਰਿੰਸੀਪਲ ਅਮਨਦੀਪ ਸ਼ਰਮਾ, ਸ਼ਮਸ਼ੇਰ ਸਿੰਘ ਧਾਮੀ, ਬਲਵੀਰ ਸਿੰਘ ਸੈਣੀ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗਾਂ ਤੋਂ ਟਾਲਾ ਵੱਟਣ ਦੀ ਪਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਹਨਾਂ ਆਖਿਆ ਕਿ ਕਿ ਮੁਲਾਜ਼ਮ ਅਤੇ ਪੈਨਸ਼ਨਰ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਦਾ ਹੱਲ ਕਰਵਾਉਣ ਲਈ ਸੰਘਰਸ਼ ਦੇ ਰਾਹ ਪਏ ਹੋਏ ਹਨ। ਰੋਸ ਪ੍ਰਦਰਸ਼ਨ ਉਪਰੰਤ ਪੰਜਾਬ ਸਰਕਾਰ ਵੱਲੋਂ ਮੀਟਿੰਗ ਦਾ ਸਮਾਂ ਦਿੱਤਾ ਜਾਂਦਾ ਹੈ। ਪਰ ਐਨ ਮੌਕੇ 'ਤੇ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਇਸ ਵਾਰ ਵੀ ਬਜਟ ਸੈਸ਼ਨ ਦੌਰਾਨ 24 ਅਤੇ 25 ਮਾਰਚ ਨੂੰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਮੋਹਾਲੀ ਵਿਖੇ ਰੋਹ ਭਰਪੂਰ ਰੋਸ ਪ੍ਰਦਰਸ਼ਨ ਕੀਤੇ ਗਏ ਸਨ, ਜਿਸ ਉਪਰੰਤ ਅਧਿਕਾਰੀਆਂ ਵੱਲੋਂ ਕੈਬਨਿਟ ਸਬ ਕਮੇਟੀ ਨਾਲ 15 ਅਪ੍ਰੈਲ ਨੂੰ ਮੀਟਿੰਗ ਕਰਨ ਦਾ ਸਮਾਂ ਦਿੱਤਾ ਗਿਆ ਸੀ। ਪਰ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਦੇ ਮੀਟਿੰਗ ਲਈ ਦਿੱਤੇ ਸਮੇਂ ਤੇ ਪਹੁੰਚਣ ਉਪਰੰਤ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਪੰਜਾਬ ਸਰਕਾਰ ਦੇ ਇਸ ਵਤੀਰੇ ਦੇ ਰੋਸ ਵਜੋਂ ਹੀ ਸਾਂਝੇ ਫਰੰਟ ਵੱਲੋਂ 17 ਤੋਂ 22 ਅਪ੍ਰੈਲ ਤੱਕ ਜ਼ਿਲ੍ਹਾ ਪਧਰੀ ਰੋਸ ਪ੍ਰਦਰਸ਼ਨ ਕਰਕੇ ਪੰਜਾਬ ਸਰਕਾਰ ਦੇ ਪੁਤਲੇ ਫੂਕਣ ਦਾ ਸੱਦਾ ਦਿੱਤਾ ਗਿਆ ਸੀ ਅਤੇ ਇਸ ਸੰਘਰਸ਼ ਦੇ ਤਹਿਤ ਅੱਜ ਰੈਲੀ ਕਰਨ ਉਪਰੰਤ ਰੋਸ ਪ੍ਰਦਰਸ਼ਨ ਕਰਕੇ ਮਿਨੀ ਸਕੱਤਰੇਤ ਦੇ ਗੇਟ ਅੱਗੇ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ। ਇਸ ਮੌਕੇ ਰਕੇਸ਼ ਕੁਮਾਰ ਮਹਿਲਾਂਵਾਲੀ, ਸੁਰਜ ਪ੍ਰਕਾਸ਼ ਅਨੰਦ, ਗੁਰਪ੍ਰੀਤ ਸਿੰਘ ਮਕੀਮਪੁਰ, ਪ੍ਰਵੇਸ਼ ਕੁਮਾਰ, ਮਨਜੀਤ ਬਾਜਵਾ, ਅਮਰਜੀਤ ਕੁਮਾਰ, ਗੁਰਬਚਨ ਸਿੰਘ, ਅਮਿਤ ਸ਼ਰਮਾ, ਜਸਪਾਲ ਸਿੰਘ, ਸੁਖਦੇਵ ਜਾਜਾ, ਸੰਜੀਵ ਧੂਤ, ਵਿਕਰਮ ਸਿੰਘ, ਮਨੋਹਰ ਸਿੰਘ ਸੈਣੀ, ਰਾਜ ਕੁਮਾਰ, ਵਰਿੰਦਰ ਵਿੱਕੀ, ਓਂਕਾਰ ਸਿੰਘ ਆਦਿ ਵੀ ਹਾਜ਼ਰ ਸਨ।

# 98 ਗ੍ਰਾਮ ਅਫੀਮ ਸਮੇਤ 2 ਨੌਜਵਾਨ ਕਾਬੂ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਥਾਣਾ ਧਾਰੀਵਾਲ ਦੀ ਪੁਲਸ ਨੇ ਬੁਲਟ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੂੰ 98 ਗ੍ਰਾਮ ਅਫੀਮ ਸਮੇਤ ਕਾਬੂ ਕਰਕੇ ਉਨ੍ਹਾਂ ਵਿਰੁੱਧ ਐਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ। ਥਾਣਾ ਧਾਰੀਵਾਲ ਦੇ ਐੱਸਐੱਚਓ ਸਬ ਇੰਸਪੈਕਟਰ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਏਐੱਸਆਈ ਬਲਬੀਰ ਸਿੰਘ ਨੇ ਸਮੇਤ ਪੁਲਿਸ ਪਾਰਟੀ ਭੈੜੇ ਪੁਰਸ਼ਾਂ ਦੀ ਤਲਾਸ਼ ਵਿੱਚ ਸ਼ਾਹ ਪੈਟਰੋਲ ਪੰਪ ਦੇ ਨੇੜੇ ਜੀ. ਟੀ. ਰੋਡ ਧਾਰੀਵਾਲ ਵਿਖੇ ਲਗਾਏ ਨਾਕੇ ਦੌਰਾਨ ਸ਼ੱਕ ਦੀ ਦੇ ਅਧਾਰ 'ਤੇ ਬੁੱਲਟ ਮੋਟਰਸਾਈਕਲ ਨੰਬਰੀ ਪੀਬੀ 06 ਐਕਸ 7233 ਸਵਾਰ ਦੋ ਨੌਜਵਾਨਾਂ ਨੂੰ ਕਾਬੂ ਕਰਕੇ ਉਨ੍ਹਾਂ ਦੀ ਤਲਾਸ਼ੀ ਕੀਤੀ ਤਾਂ ਦੋਵਾਂ ਨੌਜਵਾਨਾਂ ਕੋਲੋਂ ਮਿਲੇ



ਵੱਖ-ਵੱਖ ਮੋਮੀ ਲਿਫਾਫੇ ਵਿੱਚੋਂ 49-49 ਗ੍ਰਾਮ (ਕੁੱਲ 98 ਗ੍ਰਾਮ) ਅਫੀਮ ਬਰਾਮਦ ਹੋਈ। ਮੁਲਜ਼ਮਾਂ ਦੀ ਪਛਾਣ ਅਰਸ਼ਦੀਪ ਸਿੰਘ ਪੁੱਤਰ ਦਿਲਬਾਗ ਸਿੰਘ ਵਾਸੀ ਬਡੇਹੇ ਅਤੇ ਸੁਖਦੇਵ ਸਿੰਘ ਉਰਫ ਬਿੱਲਾ ਪੁੱਤਰ ਮੱਖਣ ਸਿੰਘ ਵਾਸੀ ਖੁੰਡਾ ਵਜੋਂ ਹੋਈ। ਪੁਲਸ ਨੇ ਦੋਵਾਂ ਮੁਲਜ਼ਮਾਂ ਨੂੰ 98 ਗ੍ਰਾਮ ਅਫੀਮ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਐਨਡੀਪੀਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

# ਕੁੱਲ ਹਿੰਦ ਕਿਸਾਨ ਸਭਾ ਤੇ ਸਬਜ਼ੀ ਉਤਪਾਦਕਾਂ ਨੇ ਟਰੰਪ ਤੇ ਮੋਦੀ ਦਾ ਪੁਤਲਾ ਫੂਕਿਆ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਸੰਯੁਕਤ ਕਿਸਾਨ ਮੋਰਚਾ ਭਾਰਤ ਦੇ ਸੱਦੇ ਉੱਪਰ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਕੁੱਲ ਹਿੰਦ ਕਿਸਾਨ ਸਭਾ ਅਤੇ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਵੱਲੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਵਾਂ ਪਿੰਡ ਵਿਖੇ ਪੁਤਲਾ ਫੂਕਿਆ ਗਿਆ। ਇਸ ਸਮੇਂ ਇਕੱਠੇ ਹੋਏ ਕਿਸਾਨਾਂ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਲੱਖਬੀਰ ਸਿੰਘ ਨਿਜਾਮਪੁਰ ਅਤੇ ਭੁਪਿੰਦਰ ਸਿੰਘ ਤੀਰਥਪੁਰਾ ਨੇ ਕਿਹਾ ਕਿ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ. ਡੀ. ਵੈਂਸ ਦੀ ਭਾਰਤ ਫੇਰੀ ਅਮਰੀਕਾ ਦਾ ਸਾਮਾਨ ਭਾਰਤ ਅੰਦਰ ਵੇਚਣ ਵਾਸਤੇ ਟੈਕਸ ਫ੍ਰੀ ਮਾਰਕੀਟ ਵਾਸਤੇ ਰਾਹ ਪੱਧਰਾ ਕਰਨ ਲਈ ਹੈ ਜਿਸ ਨਾਲ ਭਾਰਤ ਅੰਦਰ ਪੈਦਾ ਹੋਣ ਵਾਲੀਆਂ ਵਸਤਾਂ ਖਾਸ ਕਰਕੇ ਖੇਤੀਬਾੜੀ ਅਤੇ ਇੰਡਸਟਰੀ ਦਾ ਸੈਕਟਰ ਪ੍ਰਭਾਵਿਤ ਹੋਵੇਗਾ।ਭਾਰਤ ਦੀ ਸਰਕਾਰ ਨੇ ਅਮਰੀਕਾ ਦੀਆਂ ਇਨ੍ਹਾਂ ਨੀਤੀਆਂ ਖਿਲਾਫ ਗੋਡੇ ਟੇਕੇ ਹੋਏ ਹਨ।ਕੇਂਦਰ ਸਰਕਾਰ ਬੜੀ ਬੇਸ਼ਰਮੀ ਨਾਲ ਅਮਰੀਕਾ ਸਰਕਾਰ ਦੀਆਂ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਲਈ ਬਕਾਇਦਾ ਆਪਣੇ ਵਣਜ ਸਕੱਤਰ ਨੂੰ ਅਮਰੀਕਾ ਨਾਲ ਗੱਲਬਾਤ ਕਰਨ ਲਈ ਵੀ ਨਿਯੁਕਤ ਕਰ ਚੁੱਕੀ ਹੈ। ਇਸ ਲਈ ਇਨ੍ਹਾਂ ਨੀਤੀਆਂ ਦੇ ਖਿਲਾਫ ਲੋਕਾਂ ਨੂੰ ਲੜਨਾ ਪਵੇਗਾ।ਸੰਯੁਕਤ ਕਿਸਾਨ ਮੋਰਚਾ ਭਾਰਤ ਲਗਾਤਾਰ ਦੇਸ਼ ਅੰਦਰ ਸਾਰੇ ਵਰਗਾਂ ਦਾ



ਸਹਿਯੋਗ ਹਾਸਲ ਕਰਨ ਲਈ ਵਿਆਪਕ ਲਾਮਬੰਦੀ ਕਰ ਰਿਹਾ ਹੈ।ਅੱਜ ਦੇ ਇਕੱਠ ਅੰਦਰ ਜੰਮੂ-ਕਸ਼ਮੀਰ ਦੇ ਸ਼ਹਿਰ ਪਹਿਲਗਾਮ ਵਿਖੇ ਨਿਰਦੋਸ਼ ਲੋਕਾਂ ਦੇ ਕਤਲ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਨਿਹੱਥੇ ਲੋਕਾਂ ਦੇ ਕਤਲ ਨੂੰ ਦੇਸ਼ ਵਿਰੋਧੀ ਤਾਕਤਾਂ ਦਾ ਕਾਰਾ ਕਰਾਰ ਦਿੰਦਿਆਂ ਲੋਕਾਂ ਨੂੰ ਆਪਸੀ ਭਾਈਚਾਰਕ ਏਕਤਾ ਨੂੰ ਕਾਇਮ ਰੱਖਣ ਦਾ ਸੱਦਾ ਦਿੱਤਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਕਰਨੈਲ ਸਿੰਘ, ਜਰਨੈਲ ਸਿੰਘ ਨਵਾਂ ਪਿੰਡ, ਬਲਵੰਤ ਸਿੰਘ, ਭੁਪਿੰਦਰ ਸਿੰਘ, ਸਤਿੰਦਰ ਸਿੰਘ ਤੀਰਥਪੁਰ, ਰਾਜਬੀਰ ਸਿੰਘ, ਮਨਦੀਪ ਸਿੰਘ ਫਤਿਹਪੁਰ, ਨਿਰਮਲ ਸਿੰਘ, ਪਾਲ ਸਿੰਘ, ਸੁਰਿੰਦਰ ਸਿੰਘ ਰਾਜੂ, ਤਰਸੇਮ ਸਿੰਘ ਨੰਗਲ, ਦਿਲਾਵਰ ਸਿੰਘ, ਜਸਵਿੰਦਰ ਸਿੰਘ, ਜਸਪਾਲ ਸਿੰਘ ਨਥੋਕੇ, ਪ੍ਰਤਾਪ ਸਿੰਘ ਛਾਪਾ ਅਤੇ ਰਿਟਾਇਰ ਡਿਪਟੀ ਡਾਇਰੈਕਟਰ ਕੁਲਦੀਪ ਸਿੰਘ ਫਤਿਹਪੁਰ ਆਦਿ ਹਾਜ਼ਰ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਮਨਾਇਆ ਵਿਸ਼ਵ ਧਰਤੀ ਦਿਵਸ



**ਝਬਾਲ (ਹਰਜਿੰਦਰ ਸਿੰਘ ਸੋਨੀ)**

ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ।ਸਵੇਰ ਦੀ ਸਭਾ ਵਿਚ ਮੈਡਮ ਗੁਰਪ੍ਰੀਤ ਵੱਲੋਂ ਵਿਸ਼ਵ ਧਰਤੀ ਦਿਵਸ ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਗਲੋਬਲ ਵਾਰਮਿੰਗ ਨਾਲ ਹੋ ਰਹੇ ਨੁਕਸਾਨ ਤੋਂ ਜਾਣੂ ਕਰਵਾਇਆ ਗਿਆ।ਧਰਤੀ 'ਤੇ ਹੋ ਰਹੇ ਪ੍ਰਦੂਸ਼ਣ ਤੇ ਇਸ ਦੇ ਮਾੜੇ ਪ੍ਰਭਾਵਾਂ ਸੰਬੰਧੀ ਪ੍ਰੀ-ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਦੀ ਚਾਰਟ ਮੇਕਿੰਗ ਐਕਟੀਵਿਟੀ ਕਰਵਾਈ ਗਈ।ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਦੁਆਰਾ ਪੌਦੇ ਲਗਾ ਕੇ ਵਾਤਾਵਰਨ ਨੂੰ ਹਰਿਆ-ਭਰਿਆ ਬਣਾਉਣ ਦਾ ਸੰਦੇਸ਼ ਦਿੱਤਾ ਗਿਆ।ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਦੇ ਲਈ ਪ੍ਰਣ ਲਿਆ ਗਿਆ।ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਪੋਸਟਰ ਮੇਕਿੰਗ ਐਕਟੀਵਿਟੀ ਦੁਆਰਾ ਪਲਾਸਟਿਕ ਦੀ ਵਰਤੋਂ ਨਾ ਕਰਨ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਅਤੇ ਆਪਣੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖਣ ਦਾ ਸੰਦੇਸ਼ ਦਿੱਤਾ।ਸਕੂਲ ਦੇ ਮੈਂਬਰ ਇੰਚਾਰਜ ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ, ਪ੍ਰਿੰ. ਅਨੁਰੀਤ ਬਾਵਾ ਅਤੇ ਹੈੱਡ ਮਿਸਟਰੈੱਸ ਸਿਮਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਪ੍ਰਦੂਸ਼ਣ ਨਾਲ ਹੋ ਰਹੇ ਨੁਕਸਾਨ ਬਾਰੇ ਜਾਣੂ ਕਰਵਾਉਂਦਿਆਂ ਵੱਧ ਤੋਂ ਵੱਧ ਰੁੱਖ ਲਗਾ ਕੇ ਧਰਤੀ ਨੂੰ ਸੁੰਦਰ ਬਣਾਉਣ ਲਈ ਪ੍ਰੇਰਿਤ ਕੀਤਾ।ਇਸ ਸਮੇਂ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਮਨਰੇਗਾ ਵਰਕਰਜ਼ ਯੂਨੀਅਨ ਦੀ ਗਿਆਰਾਂ ਮੈਂਬਰੀ ਕਮੇਟੀ ਦਾ ਗਠਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਮਨਰੇਗਾ ਵਰਕਰਜ਼ ਯੂਨੀਅਨ ਦੀ ਭਰਵੀਂ ਮੀਟਿੰਗ ਪਾਕਿਸਤਾਨ ਭਾਰਤ ਬਾਰਡਰ ਦੇ ਵਸਦੇ ਨਜ਼ਦੀਕ ਪਿੰਡ ਨੌਸ਼ਹਿਰਾ ਢਾਲਾ ਵਿਖੇ ਜ਼ਿਲ੍ਹਾ ਪ੍ਰਧਾਨ ਮੀਨਾ ਕੌਰ ਸਰਪੰਚ ਚੀਮਾ ਸ਼ੁੱਕਰ ਚੱਕ, ਸੁਖਰਾਜ ਸਿੰਘ ਨੌਸ਼ਹਿਰਾ ਬਲਵਿੰਦਰ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਮਨਰੇਗਾ ਦੇ ਬਜਟ ਵਿਚ ਕਟੌਤੀ ਕਰ ਰਹੀ ਹੈ ।ਮਨਰੇਗਾ ਕਾਮਿਆਂ ਦਾ ਪਿਛਲੇ ਸਾਲ ਦੇ ਬਕਾਏ ਅਤੇ 2025 ਸਾਲ ਜਨਵਰੀ ਮਹੀਨੇ ਤੋਂ ਕਰੀਬ ਚਾਰ ਮਹੀਨੇ ਦਾ ਮਿਹਨਤਾਨਾ ਅਜੇ ਤੱਕ ਨਹੀਂ ਮਿਲਿਆ।ਮਨਰੇਗਾ ਤੇ ਕੰਮ ਕਰਨ ਵਾਲੇ ਵਰਕਰਾਂ ਦਾ ਘਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚੱਲ ਰਿਹਾ ਹੈ । ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਰਾਜ ਕਰਦੀ ਧਿਰ ਦੇ ਆਗੂ ਵੱਲੋਂ ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਨਹੀਂ ਚੱਲਣ ਦਿੱਤਾ ਜਾ ਰਿਹਾ ਅਤੇ ਹਲਕਾ ਵਿਧਾਇਕ ਪਿੰਡਾਂ ਦੇ ਸਰਪੰਚਾਂ ਵੱਲੋਂ ਬੇਲੋੜੀ ਦਖਲ ਅੰਦਾਜ਼ੀ ਦਿੱਤੀ ਜਾ ਰਹੀ ਹੈ।ਪੰਡੋਰੀ ਨੇ ਕਿਹਾ ਕਿ ਮਨਰੇਗਾ ਸਕੀਮ ਨੂੰ ਪਾਰਦਰਸ਼ੀ ਢੰਗ ਨਾਲ ਬਿਨਾਂ ਵਿਤਕਰੇਬਾਜ਼ੀ ਤੋਂ ਚੱਲਣ ਦਿੱਤਾ ਜਾਵੇ ।ਮਨਰੇਗਾ ਵਰਕਰਾਂ ਦਾ ਮਿਹਨਤਾਨਾ ਤੁਰੰਤ ਜਾਰੀ ਕੀਤਾ ਜਾਵੇ, ਸਾਰੇ ਪ੍ਰਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ ਅਤੇ ਮਿਹਨਤਾਨਾ ਘੱਟੋ-ਘੱਟ 700 ਰੁਪਏ ਕੀਤਾ ਜਾਵੇ, ਗਰੀਬ ਲੋਕਾਂ ਦੇ ਘਰਾਂ ਦਾ ਕਿਸੇ ਨਿਰਪੱਖ ਟੀਮ ਕੋਲੋਂ ਸਰਵੇ ਕਰਵਾ ਕੇ ਲੋੜਵੰਦ ਲੋਕਾਂ ਨੂੰ ਘਰ ਬਣਾ ਕੇ ਦਿੱਤੇ ਜਾਣ ਆਦਿ ਮੰਗਾਂ ਨੂੰ ਲੈ ਕੇ ਮਨਰੇਗਾ ਵਰਕਰਜ਼ ਯੂਨੀਅਨ ਅਤੇ ਦਿਹਾਤੀ ਮਜ਼ਦੂਰ ਸਭਾ ਵੱਲੋਂ 5 ਮਈ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤਰਨ ਤਾਰਨ ਦਫ਼ਤਰ ਅੱਗੇ ਧਰਨਾ ਦਿੱਤਾ ਜਾ ਰਿਹਾ ਹੈ। ਵਰਕਰਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ।ਯੂਨੀਅਨ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਕਟੌਲ ਨੇ ਪਿੰਡ ਨੌਸ਼ਹਿਰਾ ਢਾਲਾ ਦੀ 11 ਮੈਂਬਰੀ ਕਮੇਟੀ ਦਾ ਪੈਨਲ ਪੇਸ਼ ਕੀਤਾ ਜਿਸ ਵਿੱਚ ਸੁਖਰਾਜ ਸਿੰਘ ਪ੍ਰਧਾਨ, ਰਮਨਦੀਪ ਕੌਰ ਸੀਨੀਅਰ ਮੀਤ ਪ੍ਰਧਾਨ, ਅਜੇਪਾਲ ਸਿੰਘ ਜਨਰਲ ਸਕੱਤਰ, ਲਾਭ ਸਿੰਘ ਖਜਾਨਚੀ, ਬੀਰ ਸਿੰਘ, ਸੁਲਵਿੰਦਰ ਕੌਰ, ਸੁਖਪ੍ਰੀਤ ਕੌਰ, ਕੁਲਦੀਪ ਸਿੰਘ, ਦਿਲਬਾਗ ਸਿੰਘ, ਮਨਜੀਤ ਕੌਰ, ਕਸ਼ਮੀਰ ਕੌਰ, ਅਕਾਸ਼ਦੀਪ ਸਿੰਘ ਆਦਿ ਆਗੂ ਚੁਣੇ ਗਏ।ਇਸ ਮੌਕੇ ਕੁਲਦੀਪ ਸਿੰਘ ਰਟੌਲ, ਮੰਗਲ ਸਿੰਘ ਰਟੌਲ, ਗੁਰਵੇਲ ਸਿੰਘ ਚੀਮਾ, ਜਰਨੈਲ ਸਿੰਘ ਰਸੂਲਪੁਰ, ਕਰਮਜੀਤ ਸਿੰਘ ਸੋਹਲ, ਸਾਬ ਸਿੰਘ ਸੋਹਲ ਆਦਿ ਆਗੂਆਂ ਨੇ ਆਪਣੇ ਵਿਚਾਰ ਰੱਖੇ ।

# ਕਦੋਂ ਮੁੱਕੂ ਵਿਕਾਸ ਨੂੰ ਤਰਸ ਰਹੇ ਗ੍ਰਾਮ ਪੰਚਾਇਤ ਝਬਾਲ ਪੁਖਤਾ ਦੀ ਉਡੀਕ ?

**ਝਬਾਲ (ਹਰਜਿੰਦਰ ਸਿੰਘ ਸੋਨੀ)**

ਲੰਮੇ ਸਮੇਂ ਤੋਂ ਵਿਕਾਸ ਨੂੰ ਤਰਸ ਰਹੇ ਗ੍ਰਾਮ ਪੰਚਾਇਤ ਝਬਾਲ ਪੁਖਤਾ ਵੱਲ ਕਦੋਂ ਪਵੇਗੀ ਸਰਕਾਰ ਦੀ ਸਵੱਲੀ ਨਜ਼ਰ।ਕਸਬਾ ਝਬਾਲ ਦੀ ਅਹਿਮ ਪੰਚਾਇਤ ਝਬਾਲ ਪੁਖਤਾ ਦੇ ਪਛੜੇ ਤੇ ਅਧੂਰੇ ਵਿਕਾਸ ਕਾਰਜਾਂ ਵੱਲ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਦਾ ਧਿਆਨ ਦਿਵਾਉਂਦਿਆਂ ਕਵਿਤਾ ਰਾਜਾ ਸਰਪੰਚ ਝਬਾਲ ਪੁਖਤਾ, ਚੇਅਰਮੈਨ ਰਮਨ ਕੁਮਾਰ ਝਬਾਲ ਆਦਿ ਨੇ ਕਿਹਾ ਕਿ ਝਬਾਲ ਪੁਖਤਾ ਅਨੇਕਾਂ ਸਾਲਾਂ ਤੋਂ ਵਿਕਾਸ ਪੱਖੋਂ ਬੁਰੀ ਤਰ੍ਹਾਂ ਪੱਛੜਿਆਂ ਪਿਆ ਹੈ।ਗੰਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਗਲੀਆਂ ਨਾਲੀਆਂ ਗੰਦੇ ਪਾਣੀ ਨਾਲ ਭਰੀਆਂ ਹਨ ਅਤੇ ਗੰਦੇ ਪਾਣੀ ਨਾਲ ਭਰੇ ਛੱਪੜ ਬੋ ਮਾਰ ਰਹੇ ਹਨ ਜਿਨ੍ਹਾਂ ਵਿੱਚ ਮੱਛਰ ਪਲ ਰਿਹਾ ਤੇ ਕਈ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ।ਉਨ੍ਹਾਂ ਅੱਗੇ ਕਿਹਾ ਕਿ ਪਿੰਡ ਵਾਸੀਆਂ ਨੂੰ ਸਾਫ ਸੁਥਰਾ ਪਾਣੀ ਦੇਣ ਵਾਲੀ ਪਾਣੀ ਦੀ ਟੈਂਕੀ ਵੀ ਚਿੱਟਾ ਹਾਥੀ ਸਾਬਤ ਹੋਇਆਂ ਬੜੇ ਸਾਲਾਂ ਤੋਂ ਬੰਦ ਪਈ ਹੈ।ਲੋਕ ਗੰਦਾ ਪਾਣੀ ਪੀਣ ਲਈ ਮਜਬੂਰ ਹਨ।ਸਮੂਹ ਗ੍ਰਾਮ ਪੰਚਾਇਤ ਝਬਾਲ ਪੁਖਤਾ ਨੇ ਡਿਪਟੀ ਕਮਿਸ਼ਨਰ ਤਰਨਤਾਰਨ ਤੋਂ ਮੰਗ ਕੀਤੀ ਕਿ ਪਿੰਡ ਦੇ ਵਿਕਾਸ ਨੂੰ ਪਹਿਲ ਦੇ ਅਧਾਰ ਤੇ ਕਰਵਾਉਣ ਲਈ ਜਲਦ ਤੋਂ ਜਲਦ ਗ੍ਰਾਂਟ ਜਾਰੀ ਕੀਤੀ ਜਾਵੇ ਅਤੇ ਨਾਲ ਹੀ ਪਿੰਡ ਦੇ ਛੱਪੜਾਂ ਦੀ ਸਫਾਈ ਅਤੇ ਪਿੰਡ ਵਾਸੀਆਂ ਲਈ ਬੰਦ ਪਈ ਪਾਣੀ ਵਾਲੀ ਟੈਂਕੀ ਨੂੰ ਚਾਲੂ ਕਰਵਾ ਕੇ ਸਾਫ ਸੁਥਰੇ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਵਾਇਆ ਜਾਵੇ ਤਾਂ ਜੋ ਲੋਕ ਬਿਮਾਰੀਆਂ ਤੋਂ ਬਚ ਸਕਣ।ਇਸ ਮੌਕੇ ਮੈਂਬਰ ਪੰਚਾਇਤ ਗੁਰਜੰਟ ਸਿੰਘ ਰਾਜੂ, ਨਿਰਵੈਲ ਸਿੰਘ, ਦਿਲਬਾਗ ਸਿੰਘ, ਪ੍ਰਗਟ ਸਿੰਘ, ਸੋਨੂੰ ਝਬਾਲ, ਰੂਬੀ ਝਬਾਲ, ਜੌਂਟੀ, ਬੂਟਾ ਸਿੰਘ ਅਤੇ ਮਧੂ ਬਾਲਾ ਆਦਿ ਹਾਜ਼ਰ ਸਨ।



# ਲੈਨਿਨ ਦੀ ਵਿਚਾਰਧਾਰਾ ਨੂੰ ਲੋਕਾਂ ਤੱਕ ਲੈ ਕੇ ਜਾਣਾ ਸਮੇਂ ਦੀ ਮੁੱਖ ਲੋੜ : ਵੀਰਮ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਮਹਾਨ ਕ੍ਰਾਂਤੀਕਾਰੀ ਵਲਾਦੀਮੀਰ ਇਲਿਅਚ ਉਲਿਆਨੋਵ ਲੈਨਿਨ (ਵੀ. ਆਈ. ਲੈਨਿਨ) ਦਾ ਜਨਮ ਦਿਨ ਕਾਮਰੇਡ ਫੌਜਾ ਸਿੰਘ ਭੁੱਲਰ ਹਾਲ ਵਿਖੇ ਉਘੇ ਆਰਥਿਕ ਮਾਹਰ ਰਾਜ ਬਲਬੀਰ ਸਿੰਘ ਵੀਰਮ, ਰਤਨ ਸਿੰਘ ਰੰਧਾਵਾ, ਪ੍ਰੋਫੈਸਰ ਅਮਰਜੀਤ ਸਿੰਘ ਸਿੱਧੂ, ਡਾਕਟਰ ਸਤਨਾਮ ਸਿੰਘ ਅਜਨਾਲਾ ਤੇ ਰੇਲਵੇ ਆਗੂ ਕਿਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ।ਇਸ ਸਮਾਗਮ ਵਿੱਚ ਬੋਲਦਿਆਂ ਮੁੱਖ ਬੁਲਾਰੇ ਪ੍ਰੋਫੈਸਰ ਅਮਰਜੀਤ ਸਿੰਘ ਸਿੱਧੂ ਨੇ ਲੈਨਿਨ ਦੀ ਸੰਘਰਸ਼ਮਈ ਜ਼ਿੰਦਗੀ ਤੇ ਚਾਨਣਾ ਪਾਉਂਦਿਆਂ ਰੂਸ ਦੀ ਕ੍ਰਾਂਤੀ ਵਿੱਚ ਉਨ੍ਹਾਂ ਵੱਲੋਂ ਨਿਭਾਏ ਗਏ ਰੋਲ ਅਤੇ ਕਿਰਤੀ ਸ਼੍ਰੇਣੀ ਦੀ ਅਗਵਾਈ ਵਾਲਾ ਪਹਿਲਾ ਰਾਜ ਰੂਸ ਦੇਸ਼ ਵਿਚ ਸਥਾਪਿਤ ਕਰਨ ਉਪਰੰਤ ਬਰਾਬਰਤਾ ਦਾ ਸਮਾਜ ਸਿਰਜਣ ਲਈ ਕੀਤੇ ਯਤਨਾਂ ਨੂੰ ਯਾਦ ਕੀਤਾ।ਲੈਨਿਨ ਵੱਲੋਂ ਸੰਸਾਰ ਅਮਨ ਲਈ ਅਤੇ ਫਾਸ਼ੀਵਾਦ ਵਿਰੁੱਧ ਨਿਭਾਏ ਰੋਲ ਅਤੇ ਭਾਰਤ ਸਮੇਤ ਤੀਜੀ ਦੁਨੀਆ ਦੇ ਦੇਸ਼ਾਂ ਵਿੱਚ ਲੋਕਾਂ ਦੀ ਆਜ਼ਾਦੀ ਲਈ ਲੜੇ ਗਏ ਸੰਘਰਸ਼ਾਂ ਵਿੱਚ ਸਰਗਰਮ ਹਮਾਇਤ ਵਰਨਣਯੋਗ ਹੈ।ਇਸ ਸਮੇਂ ਉਘੇ ਆਰਥਿਕ ਤੇ ਸਮਾਜਿਕ ਵਿਗਿਆਨੀ ਰਾਜਬਲਬੀਰ ਸਿੰਘ ਵੀਰਮ ਨੇ ਕਿਹਾ ਕਿ ਮੌਜੂਦਾ ਸਮੇਂ ਲੈਨਿਨ ਦੀ ਵਿਚਾਰਧਾਰਾ ਨੂੰ ਲੋਕਾਂ ਤੱਕ ਲੈ ਕੇ ਜਾਣਾ ਅਤੇ ਕਿਸਾਨਾਂ, ਮਜ਼ਦੂਰਾਂ ਦੀ ਲਹਿਰ ਨੂੰ ਮਜ਼ਬੂਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਡਾ. ਸਤਨਾਮ ਸਿੰਘ ਅਜਨਾਲਾ ਨੇ ਕਾਰਪੋਰੇਟ ਘਰਾਣਿਆਂ ਵੱਲੋਂ ਭਾਰਤ ਦੀ ਸੱਤਾ 'ਤੇ ਕਾਬਜ਼ ਹੋ ਕੇ ਮਚਾਈ ਜਾ ਰਹੀ ਅੰਨ੍ਹੀ ਲੁੱਟ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਅੱਜ ਲੈਨਿਨ ਵੱਲੋਂ ਦਿਖਾਏ ਰਾਹ ਤੇ ਚਲ ਕੇ ਫਿਰਕੂ ਤੇ ਕਾਰਪੋਰੇਟੀ ਲੁੱਟ ਵਾਲੀ ਤੇ ਸਾਮਰਾਜ ਨਾਲ ਭਾਈਵਾਲੀ ਪਾਈ ਬੈਠੀ ਬੀ ਜੇ ਪੀ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਹੀਏ ।ਇਸ ਸਮੇਂ ਹੋਰਨਾਂ ਤੋਂ ਇਲਾਵਾ ਰੇਲਵੇ ਆਗੂ ਕਿਰਪਾਲ ਸਿੰਘ, ਮੁਲਾਜ਼ਮ ਆਗੂ ਨਰਿੰਦਰ ਸਿੰਘ ਤੇ ਮੰਗਲ ਸਿੰਘ ਟਾਂਡਾ, ਸੀਟੀਯੂ ਦੇ ਆਗੂ ਜਗਤਾਰ ਸਿੰਘ ਕਰਮਪੁਰਾ, ਬਿਜਲੀ ਬੋਰਡ ਦੇ ਮੁਲਾਜ਼ਮ ਆਗੂ ਨਵਦੀਪ ਸਿੰਘ ਸੇਖੋਂ, ਕਿਸਾਨਾਂ ਦੇ ਆਗੂ ਮੁਖਤਾਰ ਸਿੰਘ ਮੁਹਾਵਾ ਤੇ ਰਤਨ ਸਿੰਘ ਰੰਧਾਵਾ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਮੀਤ ਪ੍ਰਧਾਨ ਅਮਰੀਕ ਸਿੰਘ ਦਾਊਦ ਤੇ ਸਾਥੀ ਗੁਰਨਾਮ ਸਿੰਘ ਭਿੰਡਰ, ਬਲਵਿੰਦਰ ਸਿੰਘ ਝੁਬਾਲ ਆਦਿ ਨੇ ਵੀ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਅਸੀਂ ਲੈਨਿਨ ਵਾਦੀ ਲੀਹਾਂ 'ਤੇ ਚਲਦਿਆਂ ਆਪਣੇ ਦੇਸ਼ ਵਿੱਚ ਵੀ ਕਿਰਤੀਆਂ ਦਾ ਰਾਜ ਸਥਾਪਿਤ ਕਰਨ ਲਈ ਮਰਦੇ ਦਮ ਤੱਕ ਸੰਘਰਸ਼ ਕਰਦੇ ਰਹਾਂਗੇ।ਅਖੀਰ ਵਿੱਚ ਆਏ ਸਾਥੀਆਂ ਦਾ ਜਮਹੂਰੀ ਕਿਸਾਨ ਸਭਾ ਦੇ ਪ੍ਰਧਾਨ ਅਤੇ ਜੇ .ਪੀ .ਐਮ. ਓ. ਦੇ ਕਨਵੀਨਰ ਡਾ. ਸਤਨਾਮ ਸਿੰਘ ਅਜਨਾਲਾ ਨੇ ਆਏ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਹਿਲੀ ਮਈ ਨੂੰ ਕਿਰਤੀਆਂ ਦਾ ਦਿਹਾੜਾ ਪੂਰੇ ਇਨਕਲਾਬੀ ਭਾਵਨਾ ਨਾਲ ਮਨਾਇਆ ਜਾਵੇ ਅਤੇ ਪੰਜ ਮਈ ਨੂੰ ਕਾਰਲ ਮਾਰਕਸ ਦਾ ਜਨਮ ਦਿਹਾੜਾ ਵੀ ਜੋਸ਼ੋ-ਖਰੋਸ਼ ਨਾਲ ਮਨਾਈਏ



# ਜੇ ਆਰ ਐੱਸ ਡੀਏਵੀ ਪਬਲਿਕ ਸਕੂਲ ਝਬਾਲ ਵਿਖੇ ਮਨਾਇਆ ਵਿਸ਼ਵ ਧਰਤੀ ਦਿਵਸ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਡੀ. ਏ. ਵੀ. ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਪੂਨਮ ਸੂਰੀ, ਚੇਅਰਮੈਨ ਮਹੇਸ਼ ਚੋਪੜਾ, ਨਿਰਦੇਸ਼ਕ ਵੀ. ਕੇ. ਚੋਪੜਾ, ਏ. ਆਰ. ਓ. (ਜ਼ੋਨ ਸੀ) ਮੈਡਮ ਅੰਜਨਾ ਗੁਪਤਾ, ਮੈਨੇਜਰ ਨੀਰਾ ਸ਼ਰਮਾ ਦੇ ਅਸ਼ੀਰਵਾਦ ਅਤੇ ਪ੍ਰਿੰ. ਅਸ਼ਵਨੀ ਕੁਮਾਰ ਦੀ ਯੋਗ ਅਗਵਾਈ ਵਿੱਚ 22 ਅਪ੍ਰੈਲ ਦਿਨ ਮੰਗਲਵਾਰ ਨੂੰ ਜੇ. ਆਰ. ਐੱਸ. ਡੀਏਵੀ ਸਕੂਲ ਵਿਖੇ ਵਿਸ਼ਵ ਧਰਤੀ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਮੈਡਮ ਅੰਜਨਾ ਅਤੇ ਮੈਡਮ ਮਨਪ੍ਰੀਤ ਕੌਰ ਦੀ ਅਗਵਾਈ ਵਿੱਚ ਬੱਚਿਆਂ ਦੁਆਰਾ ਭਾਸ਼ਣ, ਕਵਿਤਾਵਾਂ ਅਤੇ ਡਾਂਸ ਪੇਸ਼ ਕਰਕੇ ਰੰਗ ਬੰਨ੍ਹਿਆ ਗਿਆ। ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਕੁਮਾਰ ਨੇ ਬੱਚਿਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਅਤੇ ਪਲਾਸਟਿਕ ਦੀ ਘੱਟ ਤੋਂ ਘੱਟ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਅਨੁਸਾਰ ਇਹ ਹੀ ਧਰਤੀ ਮਾਂ ਦੀ ਸੱਚੀ ਸੇਵਾ ਹੈ।



# ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਰੈਲੀ ਨੂੰ ਘੁੰਮਣ ਕਲਾਂ 'ਚ ਮਿਲਿਆ ਭਰਵਾਂ ਹੁੰਗਾਰਾ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਪੰਜਾਬ ਸਰਕਾਰ ਵੱਲੋਂ ਆਰੰਭੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਦੀਆਂ ਅਲਾਮਤਾਂ ਤੋਂ ਜਾਣੂ ਕਰਵਾਉਣ ਲਈ ਜ਼ਿਲ੍ਹਾ ਖੇਡ ਵਿਭਾਗ ਗੁਰਦਾਸਪੁਰ ਵਲੋਂ ਪਿੰਡ ਘੁੰਮਣ ਕਲਾਂ ਵਿਖੇ ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ ਹੇਠ ਸਾਈਕਲ ਜਾਗਰੂਕਤਾ ਰੈਲੀ ਕੱਢੀ ਗਈ। ਰੈਲੀ ਦੌਰਾਨ ਖਿਡਾਰੀਆਂ ਅਤੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲੈ ਕੇ ਲੋਕਾਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ। ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਅਤੇ ਨਸ਼ੇ ਦੀ ਗ੍ਰਿਫਤ ਵਿੱਚ ਆ ਚੁੱਕੇ ਲੋਕਾਂ ਨੂੰ ਇਸ ਤੋਂ ਖਹਿੜਾ ਛੁਡਾਉਣ ਲਈ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਾਈਕਲ ਜਾਗਰੂਕਤਾ ਰੈਲੀ ਰਾਹੀਂ ਪਿੰਡਾਂ ਦੇ ਪੰਚਾਂ ਸਰਪੰਚਾਂ ਨੂੰ ਅਪੀਲ ਜਾ ਰਹੀ ਹੈ ਕਿ ਉਹ ਪਿੰਡਾਂ ਵਿੱਚ ਜੋ ਲੋਕ ਨਸ਼ੇ ਦੀ ਵਰਤੋਂ ਕਰ ਰਹੇ ਹਨ, ਉਨ੍ਹਾਂ ਨੂੰ ਸਮਝਾਉਣ ਕਿ ਨਸ਼ਾ ਇੱਕ ਬਹੁਤ ਮਾੜੀ ਚੀਜ਼ ਹੈ ਜੋ ਕਿ ਪੈਸੇ ਦੀ ਬਰਬਾਦੀ ਅਤੇ ਸਿਹਤ ਨੂੰ ਵੀ ਬਰਬਾਦ ਕਰ ਦਿੰਦਾ ਹੈ। ਇਸ ਲਈ ਉਹ ਪਿੰਡਾਂ ਵਿੱਚ ਨਸ਼ੇ ਨੂੰ ਖਤਮ ਕਰਨ ਲਈ ਵੱਧ ਤੋਂ ਵੱਧ ਉਪਰਾਲੇ ਕਰਨ ਅਤੇ ਪੰਜਾਬ ਨੂੰ ਮੁੜ ਤੰਦਰੁਸਤ ਕਰਨ ਅਤੇ ਰੰਗਲਾ ਬਣਾਉਣ। ਇਸ ਮੌਕੇ ਥਾਣਾ ਘੁੰਮਣ ਕਲਾਂ ਦੇ ਐੱਸਐੱਚਓ ਜਗਦੀਸ਼ ਸਿੰਘ ਤੇ ਹੋਰ ਪੁਲਸ ਕਰਮਚਾਰੀਆਂ ਤੋਂ ਇਲਾਵਾ ਪਿੰਡ ਦੇ ਮੋਹਤਬਰ ਆਗੂ ਅਤੇ ਲੋਕ ਹਾਜ਼ਰ ਸਨ।




# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਖੇਡ ਵਿਭਾਗ ਨੇ ਕੱਢੀ ਸਾਈਕਲ ਰੈਲੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**

ਦਲਵਿੰਦਰਜੀਤ ਸਿੰਘ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਨਸ਼ਿਆਂ ਤੋਂ ਬਚਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ, ਜਿਸਦੇ ਚੱਲਦਿਆਂ ਖੇਡ ਵਿਭਾਗ ਵਲੋਂ ਪਿੰਡ ਕਾਲਾ ਅਫਗਾਨਾ ਵਿਖੇ ਸਾਈਕਲ ਰੈਲੀ ਕੱਢੀ ਗਈ ਤੇ ਨਸ਼ਿਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਖੇਡ ਵਿਭਾਗ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਨਸ਼ਿਆਂ ਦੇ ਮਾੜੇ ਪਰਭਾਵਾਂ ਤੋਂ ਜਾਗਰੂਕ ਕਰਨ ਲਈ ਸਾਈਕਲ ਰੈਲੀ ਕੱਢੀ ਗਈ, ਜਿਸ ਵਿੱਚ ਖਿਡਾਰੀਆਂ ਨੇ ਵੱਧ ਚੜ ਕੇ ਹਿੱਸਾ ਲਿਆ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੇ ਹਰੇਕ ਪਿੰਡ ਤੇ ਸ਼ਹਿਰ ਵਿੱਚ ਲੋਕਾਂ ਨੂੰ ਨਸ਼ਿਆਂ ਦੀ ਬੁਰਾਈ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ ਅਤੇ ਜ਼ਿਲ੍ਹਾ ਵਾਸੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਇਸ ਤੋਂ ਬਚਾਅ ਲਈ ਦੱਸਿਆ ਜਾ ਰਿਹਾ ਹੈ ਅਤੇ ਨਾਲ ਹੀ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਦੱਸਣਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਜੇਕਰ ਉਨ੍ਹਾਂ ਦੇ ਆਸ-ਪਾਸ ਕੋਈ ਵਿਅਕਤੀ ਨਸ਼ਾ ਕਰਦਾ ਹੈ ਤਾਂ ਉਸਦੇ ਇਲਾਜ ਲਈ ਆਪਣੇ ਨੇੜੇ ਦੇ ਓਟ ਕੇਂਦਰ ਜਾਂ ਬਟਾਲਾ ਦੇ ਨਸ਼ਾ ਛੁਡਾਊ ਕੇਂਦਰ ਦੇ ਕੌਂਸਲਰ ਡੇਵਿਡ ਗਿੱਲ ਦੇ ਨੰਬਰ 98760-73836 ਉਪਰ ਜਾਂ ਸਿਵਲ ਹਸਪਤਾਲ ਗੁਰਦਾਸਪੁਰ ਦੇ ਨਸ਼ਾ ਛੁਡਾਊ ਕੇਂਦਰ ਦੇ ਕੌਂਸਲਰ ਰਾਹੁਲ ਦੇ ਮੋਬਾਈਲ ਨੰਬਰ 98783-64398 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਚੇਅਰਮੈਨ ਵਿਭੂਤੀ ਸ਼ਰਮਾ ਨੇ ਸਰਕਾਰੀ ਸਕੂਲਾਂ 'ਚ ਕੀਤੇ ਵੱਖ-ਵੱਖ ਪ੍ਰੋਜੈਕਟਾਂ ਦੇ ਉਦਘਾਟਨ



**ਪਠਾਨਕੋਟ (ਦਵਿੰਦਰ ਸਿੰਘ)**

ਵਿਧਾਨ ਸਭਾ ਹਲਕਾ ਪਠਾਨਕੋਟ ਅੰਦਰ ਵਿਭੂਤੀ ਸ਼ਰਮਾ ਚੇਅਰਮੈਨ ਨਗਰ ਸੁਧਾਰ ਟਰੱਸਟ-ਕਮ-ਹਲਕਾ ਇੰਚਾਰਜ ਪਠਾਨਕੋਟ ਵੱਲੋਂ ਵੱਖ-ਵੱਖ ਸਕੂਲਾਂ ਅੰਦਰ ਆਯੋਜਿਤ ਸਮਾਰੋਹਾਂ ਦੌਰਾਨ ਕਰੋੜਾਂ ਰੁਪਏ ਦੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਗਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਾਜੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੈਕੰਡਰੀ, ਕਮਲਦੀਪ ਕੌਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਐਲੀਮੈਂਟਰੀ, ਅਮਨਦੀਪ ਕੁਮਾਰ ਡਿਪਟੀ ਡੀਈਓ. ਸੈਕੰਡਰੀ, ਡੀ. ਜੀ. ਸਿੰਘ ਡਿਪਟੀ ਡੀਈਓ. ਐਲੀਮੈਂਟਰੀ, ਪਠਾਨਕੋਟ ਹਲਕਾ ਕੋਆਰਡੀਨੇਟਰ ਬੀਪੀਈਓ ਕੁਲਦੀਪ ਸਿੰਘ, ਸੰਜੀਵ ਮਨੀ, ਬਲਕਾਰ ਅੱਤਰੀ, ਪੰਕਜ ਅਰੋੜਾ ਬੀਪੀਈਓ., ਬਲਵਿੰਦਰ ਸੈਣੀ ਡੀਐੱਸਐੱਮ., ਬਲਬੀਰ ਕੁਮਾਰ ਬੀਐੱਨਓ, ਰਾਹੁਲ ਗੁਪਤਾ ਬੀਐੱਨਓ., ਕਵਿੰਦਰ ਕੁਮਾਰ, ਸੀਐੱਚਟੀ ਅਤੇ ਹੋਰ ਆਮ ਆਦਮੀ ਪਾਰਟੀ ਅਹੁਦੇਦਾਰ ਹਾਜ਼ਰ ਸਨ।ਜ਼ਿਕਰਯੋਗ ਹੈ ਕਿ ਵਿਧਾਨ ਸਭਾ ਹਲਕਾ ਪਠਾਨਕੋਟ ਵਿਖੇ ਵਿਭੂਤੀ ਸ਼ਰਮਾ ਹਲਕਾ ਇੰਚਾਰਜ ਪਠਾਨਕੋਟ-ਕਮ-ਚੇਅਰਮੈਨ ਨਗਰ ਸੁਧਾਰ ਟਰੱਸਟ ਪਠਾਨਕੋਟ ਬਤੌਰ ਮੁੱਖ ਮਹਿਮਾਨ ਹਾਜ਼ਰ ਹੋਏ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭਦਰੋਆ ਵਿਖੇ 2.55 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਐੱਮਸੀ ਬਾਜ਼ਾਰ ਪਠਾਨਕੋਟ 3.80 ਲੱਖ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਠਾਨਕੋਟ ਲੜਕੀਆਂ ਵਿਖੇ 14.02 ਲੱਖ ਰੁਪਏ ਨਾਲ ਤਿਆਰ ਕੀਤੇ ਪ੍ਰੋਜੈਕਟਾਂ ਦੇ ਉਦਘਾਟਨ ਕੀਤੇ ਗਏ।ਸਮਾਰੋਹਾਂ ਦੌਰਾਨ ਵਿਭੂਤੀ ਸ਼ਰਮਾ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਯੋਗ ਅਗਵਾਈ ਅੰਦਰ ਸਰਕਾਰੀ ਸਕੂਲਾਂ ਦੀ ਹਾਲਤ ਵਿੱਚ ਪਹਿਲਾਂ ਨਾਲੋਂ ਬਹੁਤ ਸੁਧਾਰ ਹੋਇਆ ਹੈ ਅਤੇ ਇੱਕ ਕ੍ਰਾਂਤੀ ਬਣ ਕੇ ਇਨ੍ਹਾਂ ਵਿਕਾਸ ਕਾਰਜਾਂ ਨੇ ਲੋਕਾਂ ਦੇ ਮਨਾਂ ਵਿੱਚ ਅਜਿਹੀ ਪ੍ਰੇਰਨਾ ਪੈਦਾ ਕੀਤੀ ਹੈ ਕਿ ਹੁਣ ਮਾਪੇ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਅੰਦਰ ਦਾਖਲ ਕਰਵਾ ਰਹੇ ਹਨ।ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਅਪਣੇ ਬੱਚਿਆਂ ਨੂੰ ਵਧੀਆ ਸਿੱਖਿਆ ਦੇਣ ਦੇ ਲਈ ਸਰਕਾਰੀ ਸਕੂਲਾਂ ਅੰਦਰ ਵੱਧ ਤੋਂ ਵੱਧ ਦਾਖਲਾ ਕਰਵਾਇਆ ਜਾਵੇ।

# 'ਯਾਦਾਂ ਦੀ ਸੰਦੂਕੜੀ' ਲੋਕ ਅਰਪਣ ਸਮਾਰੋਹ 27 ਨੂੰ

**ਫਤਹਿਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**-ਵਿਸ਼ਵ ਪੰਜਾਬੀ ਨਾਰੀ ਸਾਹਿਤਕ ਮੰਚ ਅਤੇ ਸੰਦਲੀ ਰੂਹਾਂ ਗਰੁੱਪ ਵੱਲੋਂ 27 ਅਪ੍ਰੈਲ ਨੂੰ ਦਸ ਤੋਂ ਇਕ ਵਜੇ ਤੱਕ ਸਾਲਾਨਾ ਸਾਹਿਤਕ ਸਮਾਗਮ ਮੀਟਿੰਗ ਹਾਲ ਗੁਰਦੁਆਰਾ ਸ਼੍ਰੀ ਫਤਹਿਗੜ੍ਹ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਲੇਖਿਕਾ ਨਿਰਮਲ ਕੌਰ ਕੋਟਲਾ ਦੀ ਕਿਤਾਬ ਯਾਦਾਂ ਦੀ ਸੰਦੂਕੜੀ ਲੋਕ ਅਰਪਣ ਕੀਤੀ ਜਾਵੇਗੀ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਨਿਰਮਲ ਕੌਰ ਕੋਟਲਾ ਨੇ ਦੱਸਿਆ ਕੇ ਇਹ ਸਮਾਗਮ ਪੰਜਾਬੀ ਸੱਥ ਬਰਵਾਲੀ ਦੇ ਪ੍ਰਧਾਨ ਗੁਰਦੀਪ ਸਿੰਘ ਕੰਗ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਮੁੱਖ ਮਹਿਮਾਨ ਅਤੇ ਮੁੱਖ ਭਾਸ਼ਣ ਸੁਪ੍ਰਸਿੱਧ ਕਹਾਣੀਕਾਰ ਜਸਵੀਰ ਸਿੰਘ ਰਾਣਾ ਵੱਲੋਂ ਹੋਵੇਗੇ।ਇਸ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪਰਮਜੀਤ ਕੌਰ ਸਰਹਿੰਦ, ਡਾ. ਹਰਦੇਵ ਸਿੰਘ ਮੁਖੀ ਸ੍ਰੀ ਗੁਰੂ ਗ੍ਰੰਥ ਸਾਹਿਬ ਯੂਨੀਵਰਸਿਟੀ ਫਤਹਿਗੜ੍ਹ ਸ਼ਿਰਕਤ ਕਰਨਗੇ।ਇਸ ਸਮਾਗਮ ਵਿੱਚ ਸਭਨਾਂ ਸਾਹਿਤਕ ਪ੍ਰੇਮੀਆਂ ਨੂੰ ਪੁੱਜਣ ਦੀ ਅਪੀਲ ਕੀਤੀ ਜਾਂਦੀ ਹੈ।



# ਦਾਤਾ ਬੰਦੀ ਛੋੜ ਪਬਲਿਕ ਸਕੂਲ ਨੇ ਮਨਾਇਆ ਫਾਇਰ ਸਰਵਿਸ ਹਫਤਾ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**

ਭਾਈ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਇਲਾਕੇ ਦੇ ਨਾਮਵਰ ਵਿਦਿਅਕ ਅਦਾਰੇ ਦਾਤਾ ਬੰਦੀ ਛੋੜ ਪਬਲਿਕ ਸਕੂਲ ਵਿਖੇ ਏਡੀਐੱਫਓ ਹੈੱਡ ਕੁਆਰਟਰ ਦੇ ਹੁਕਮਾਂ ਅਨੁਸਾਰ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਰਾਜਾਸਾਂਸੀ ਦੀ ਟੀਮ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰ ਪੈਰਾਮਿਲਟਰੀ ਸਟਾਫ ਨੂੰ ਫਾਇਰ ਸੇਫਟੀ ਬਾਰੇ ਜਾਗਰੂਕ ਕੀਤਾ। ਫਾਇਰ ਸੇਫਟੀ ਟੀਮ ਨੇ ਬੱਚਿਆਂ ਨੂੰ ਅੱਗ ਲੱਗਣ ਦੇ ਅਲੱਗ ਅਲੱਗ ਕਾਰਨਾਂ ਬਾਰੇ ਦੱਸਿਆ ਅਤੇ ਉਸ ਤੋਂ ਬਚਾਓ ਕਿਵੇਂ ਕੀਤਾ ਜਾ ਸਕਦਾ ਹੈ, ਬਾਰੇ ਵੀ ਦੱਸਿਆ। ਉਨ੍ਹਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਕਿਵੇਂ ਅਸੀਂ ਆਪਣੀ ਅਤੇ ਹੋਰ ਲੋਕਾਂ ਦੀ ਜਾਨ ਬਚਾ ਸਕਦੇ ਹਾਂ। ਇਸ ਮੌਕੇ ਕਾਰਜ ਸਾਧਕ ਅਫਸਰ ਨੇ ਦੱਸਿਆ ਇਹ ਹਫਤਾ ਫਾਇਰ ਸੇਫਟੀ ਵਜੋਂ ਮਨਾਇਆ ਜਾ ਰਿਹਾ ਹੈ। ਇਹ ਹਫਤਾ 1944 ਨੂੰ ਮੁੰਬਈ ਡੋਕਯਾਰਡ ਅੱਗ ਦੁਰਘਟਨਾ ਦੌਰਾਨ ਸ਼ਹੀਦ ਹੋਏ ਫਾਇਰ ਕਰਮੀਆਂ ਅਤੇ 20 ਨਵੰਬਰ 2017 ਸੂਫੀਆਂ ਚੌਕ ਲੁਧਿਆਣਾ ਦੌਰਾਨ ਸਹੀਦ ਹੋਏ ਫਾਇਰ ਕਰਮੀਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਡਿਪਾਰਟਮੈਂਟ ਦਾ ਮੁੱਖ ਉਦੇਸ਼ ਲੋਕਾਂ ਨੂੰ ਅੱਗ ਲੱਗਣ ਤੇ ਅਤੇ ਉਸਦੇ ਬਚਾਅ ਕਾਰਜਾਂ ਤੋਂ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਲਈ ਫਾਇਰ ਬ੍ਰਿਗੇਡ ਦੇ ਫੋਨ ਨੰਬਰ 101,01832541111 ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਪ੍ਰਿੰਸੀਪਲ ਆਰਤੀ ਸੂਦ ਨੇ ਕਾਰਜ ਸਾਧਕ ਅਫਸਰ ਅਰੁਣ ਸੈਣੀ, ਜੋਗਿੰਦਰ ਸਿੰਘ ਫਾਇਰਮੈਨ, ਮਾਨਕ ਕਨੌਜੀਆ ਫਾਇਰਮੈਨ ਦਾ ਧੰਨਵਾਦ ਕੀਤਾ।

# ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੋਸਾਇਟੀ ਵੱਲੋਂ ਕਰਵਾਏ ਅੰਮ੍ਰਿਤ ਪਾਨ ਮੌਕੇ 119 ਪ੍ਰਾਣੀ ਗੁਰੂ ਵਾਲੇ ਬਣੇ

**ਪੱਟੀ (ਬਲਦੇਵ ਸਿੰਘ ਸੰਧੂ ਕਿਰਤੋਵਾਲ)**

ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਪੰਜਾਬ ਵੱਲੋਂ ਕਰਵਾਏ ਗਏ ਅੰਮ੍ਰਿਤ ਸੰਚਾਰ ਪ੍ਰੋਗਰਾਮ ਵਿੱਚ 119 ਪ੍ਰਾਣੀ ਗੁਰੂ ਵਾਲੇ ਬਣੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਹਿਯੋਗ ਦੇਣ ਵਾਲੇ ਗ੍ਰੰਥੀ ਸਾਹਿਬਾਨ, ਪ੍ਰਬੰਧਕ ਜਨ, ਸਕੂਲਾਂ ਦੀ ਪ੍ਰਿੰਸੀਪਲ, ਅਧਿਆਪਕ ਅਤੇ ਪੱਤਰਕਾਰਾਂ ਦਾ ਧੰਨਵਾਦ ਕੀਤਾ। ਖਾਲਸਾ ਪ੍ਰਗਟ ਦਿਵਸ ਨੂੰ ਸਮਰਪਿਤ ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦਸਤੂਰ-ਇ-ਦਸਤਾਰ ਲਹਿਰ ਪੰਜਾਬ ਵੱਲੋਂ ਗੁਰਦੁਆਰਾ ਬਾਬਾ ਬੁੱਢਾ ਜੀ ਪਿੰਡ ਦਿਆਲਪੁਰਾ ਵਿਖੇ ਬਾਬਾ ਚਰਨ ਸਿੰਘ ਮੁੱਖ ਸੇਵਾਦਾਰ ਭਾਈ ਓਂਕਾਰ ਸਿੰਘ ਦੇ ਸਹਿਯੋਗ ਨਾਲ ਅੰਮ੍ਰਿਤ ਸੰਚਾਰ ਸਮਾਗਮ ਕਰਵਾਇਆ ਗਿਆ। ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪੱਟੀ, ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ ਸੁਰ ਸਿੰਘ, ਸ੍ਰੀ ਗੁਰੂ ਹਰਕ੍ਰਿਸਨ ਸੀਨੀਅਰ ਸੈਕੰਡਰੀ ਸਕੂਲ ਬੁਰਜ ਮਰਹਾਣਾ, ਆਦਰਸ਼ ਸਕੂਲ ਚੇਲਾ, ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਭਿੱਖੀਵਿੰਡ, ਕੈਂਬਰਿਜ ਇੰਟਰਨੈਸ਼ਨਲ ਸਕੂਲ ਪਹੂਵਿੰਡ ਅਤੇ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਹੋਏ 119 ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣਨਾ ਕੀਤਾ। ਧਰਮ ਪ੍ਰਚਾਰ ਕਮੇਟੀ ਅਤੇ ਸਹਿਜ ਪਾਠ ਸੇਵਾ ਸੋਸਾਇਟੀ ਅੰਮ੍ਰਿਤਸਰ ਵੱਲੋਂ ਭੇਟਾ ਰਹਿਤ ਕਕਾਰ ਦਿੱਤੇ ਗਏ। ਇਸ ਮੌਕੇ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ ਜਰਮਨ ਵਾਈਸ ਕਨਵੀਨਰ ਭਾਈ ਹਰਜੀਤ ਸਿੰਘ ਆਸਟਰੇਲੀਆ ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਸਕੱਤਰ ਭਾਈ ਨਿਰਮਲ ਸਿੰਘ ਸੁਰ ਸਿੰਘ, ਜ਼ੋਨਲ ਇੰਚਾਰਜ ਭਿੱਖੀਵਿੰਡ ਭਾਈ ਗੁਰਜੰਟ ਸਿੰਘ,ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ, ਦਸਤਾਰ ਕੋਆਰਡੀਨੇਟਰ ਭਾਈ ਹਰਜੀਤ ਸਿੰਘ ਲਹਿਰੀ, ਸੁਖਵਿੰਦਰ ਸਿੰਘ ਖਾਲੜਾ ਪ੍ਰਚਾਰਕ, ਜਗਦੀਸ ਸਿੰਘ ਭਿੱਖੀਵਿੰਡ, ਮਨਦੀਪ ਸਿੰਘ ਘੋਲੀਆਂ ਕਲਾਂ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕੀਤਾ। ਉਹਨਾਂ ਕਿਹਾ ਕਿ ਵੱਖ-ਵੱਖ ਪਿੰਡਾਂ ਦੇ ਗ੍ਰੰਥੀ ਸਾਹਿਬਾਨ ਵੱਲੋਂ ਆਪਣੇ ਪੱਧਰ ਤੇ ਪਿੰਡਾਂ ਵਿੱਚ ਸੰਗਤਾਂ ਨੂੰ ਅੰਮ੍ਰਿਤ ਛਕਣ ਦਾ ਹੋਕਾ ਦਿੱਤਾ ਜਾ ਰਿਹਾ ਸੀ। ਉਨ੍ਹਾਂ ਨੇ ਅੰਮ੍ਰਿਤ ਛਕਣ ਵਾਲੇ ਬੱਚਿਆਂ ਸੰਗਤਾਂ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਤੋਂ ਅਸੀਂ ਗੁਰੂ ਦੇ ਪੁੱਤਰ ਅਤੇ ਧੀਆਂ ਅਖਵਾਉਣ ਦਾ ਮਾਨ ਪ੍ਰਾਪਤ ਕਰ ਲਿਆ ਹੈ। ਸੁਸਾਇਟੀ ਦੇ ਪ੍ਰਬੰਧਕ ਜਨਾਂ ਵੱਲੋਂ ਸਹਿਯੋਗ ਦੇਣ ਵਾਲੇ ਗ੍ਰੰਥੀ ਭਾਈ ਗੁਰਪ੍ਰੀਤ ਸਿੰਘ ਸੁਰਵਿੰਡ, ਭਾਈ ਜਗਜੀਤ ਸਿੰਘ ਸੁਰਵਿੰਡ, ਬਾਬਾ ਬੱਗਾ, ਭਾਈ ਚਮਕੌਰ ਸਿੰਘ, ਭਾਈ ਜਗਵੰਤ ਸਿੰਘ, ਭਾਈ ਮਹਿਲ ਸਿੰਘ ਦਿਆਲਪੁਰਾ, ਭਾਈ ਸੁਖਦੇਵ ਸਿੰਘ ਭਾਈ ਭਗਵਾਨ ਸਿੰਘ ਬੁਰ ਚੰਦ, ਭਾਈ ਕੁਲਵੰਤ ਸਿੰਘ ਲਖਣਾ, ਪੱਤਰਕਾਰ ਗੁਰਦਿਆਲ ਸਿੰਘ ਸੁਰ ਸਿੰਘ, ਪੱਤਰਕਾਰ ਕਵਲਜੀਤ ਸਿੰਘ ਬੇਗੇਪੁਰ, ਸਕੂਲਾਂ ਦੇ ਪ੍ਰਿੰਸੀਪਲ, ਬੱਚੇ ਕੇ ਪਹੁੰਚੇ ਹੋਏ ਅਧਿਆਪਕ ਸਾਹਿਬਾਨ , ਭਾਈ ਅਮਨਦੀਪ ਸਿੰਘ ਸਭਰਾ, ਭਾਈ ਦਿਲਬਾਗ ਸਿੰਘ ਪ੍ਰਚਾਰਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ। ਇਸ ਮੌਕੇ ਮੀਤ ਪ੍ਰਧਾਨ ਹੀਰਾ ਸਿੰਘ ਸੋਹਲ, ਮੀਤ ਸਕੱਤਰ ਭਾਈ ਹਰਚਰਨ ਸਿੰਘ ਉਬੋਕੇ, ਕੋਆਰਡੀਨੇਟਰ ਹਰਪ੍ਰੀਤ ਸਿੰਘ, ਭਾਈ ਦਿਲਬਾਗ ਸਿੰਘ ਧਾਰੀਵਾਲ, ਆਕਾਸ਼ਦੀਪ ਸਿੰਘ, ਸਾਜਨਦੀਪ ਸਿੰਘ, ਵਜ਼ੀਰ ਸਿੰਘ, ਸੁਖਮਨਦੀਪ ਸਿੰਘ, ਹਰਮਨਦੀਪ ਸਿੰਘ, ਅਤੇ ਵੱਖ-ਵੱਖ ਪਿੰਡਾਂ ਤੋਂ ਪਹੁੰਚੇ ਹੋਏ ਪਤਵੰਤੇ ਹਾਜ਼ਰ ਸਨ।



# ਜ਼ਿਲ੍ਹੇ 'ਚ ਕਿਸਾਨਾਂ ਨੂੰ 239 ਕਰੋੜ ਰੁਪਏ ਦੀ ਅਦਾਇਗੀ : ਡਾ. ਹਿਮਾਂਸ਼ੂ

**ਜਲੰਧਰ, (ਸੁਰਿੰਦਰ ਕੁਮਾਰ)**-ਪੰਜਾਬ ਸਰਕਾਰ ਵਲੋਂ ਕਣਕ ਦੇ ਖਰੀਦ ਸੀਜ਼ਨ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਜਿੱਥੇ ਪੰਜਾਬ ਸਰਕਾਰ ਵਲੋਂ ਮੰਡੀਆਂ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ, ਉੱਥੇ ਜ਼ਿਲ੍ਹੇ ਦੀਆਂ 79 ਮੰਡੀਆਂ ਵਿੱਚ ਨਿਰਵਿਘਨ ਖਰੀਦ ਜਾਰੀ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਖਰੀਦ ਕੀਤੀ ਗਈ ਕਣਕ ਦੀ ਹੁਣ ਤੱਕ 239 ਕਰੋੜ ਰੁਪਏ ਦੀ ਅਦਾਇਗੀ ਯਕੀਨੀ ਬਣਾਈ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਵੱਖ-ਵੱਖ ਮੰਡੀਆਂ ਵਿੱਚ 1,17,150 ਮੀਟਰਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿਚੋਂ 1,13,719 ਮੀਟਰਕ ਟਨ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਖਰੀਦ ਕਰ ਲਈ ਗਈ ਹੈ। ਡਾ. ਅਗਰਵਾਲ ਨੇ ਦੱਸਿਆ ਕਿ ਇਸ ਸੀਜਨ ਵਿੱਚ ਜ਼ਿਲ੍ਹੇ ਦੀਆ 79 ਮੰਡੀਆਂ ਵਿੱਚ 5.25 ਲੱਖ ਮੀਟਰਕ ਟਨ ਕਣਕ ਪਹੁੰਚਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਫਸਲ ਦੀ ਬੰਪਰ ਪੈਦਾਵਾਰ ਨੂੰ ਦੇਖਦਿਆਂ 23 ਆਰਜ਼ੀ ਮੰਡੀਆਂ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਡਿਪਟੀ ਕਮਿਸਨਰ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕਣਕ ਦੇ ਸੀਜ਼ਨ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਸੁਚਾਰੂ ਢੰਗ ਨਾਲ ਖਰੀਦ, ਸਮੇਂ-ਸਿਰ ਲਿਫਟਿੰਗ ਅਤੇ ਅਦਾਇਗੀ ਯਕੀਨੀ ਬਣਾਈ ਜਾਵੇ। ਡਾ. ਅਗਰਵਾਲ ਨੇ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਕਣਕ ਦਾ ਇਕ-ਇਕ ਦਾਣਾ ਖਰੀਦਿਆ ਜਾਵੇਗਾ। ਉਨ੍ਹਾਂ ਕਿਹਾ ਕਿ ਬਾਰਦਾਨੇ ਦੀ ਵੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਕਰਵਾਇਆ ਸੈਮੀਨਾਰ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਦਸਮੇਸ਼ ਵਿੱਦਿਅਕ ਸੰਸਥਾਵਾਂ ਮਹਿਤਾ ਚੌਕ ਵਿਖੇ ਵਿਦਿਆਰਥੀਆਂ ਵਿੱਚ ਨਸ਼ਿਅ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਅੱਜ 'ਯੁੱਧ ਨਸ਼ਿਆ ਵਿਰੁੱਧ' ਸੈਮੀਨਾਰ ਕਰਵਾਇਆ ਗਿਆ ਜੋ ਕਿ ਪੰਜਾਬ ਸਰਕਾਰ ਦਾ ਸੂਬਾ ਪੱਧਰੀ ਇੱਕ ਸ਼ਲਾਘਾਯੋਗ ਉਪਰਾਲਾ ਹੈ।ਇਸ ਸੈਮੀਨਾਰ ਦੇ ਮੁੱਖ ਮਹਿਮਾਨ ਮਾਣਯੋਗ ਅਮਨਪ੍ਰੀਤ ਸਿੰਘ ਪੀਸੀਐੱਸ ਐੱਸਡੀਐੱਮ ਬਾਬਾ ਬਕਾਲਾ ਸਾਹਿਬ ਉਚੇਚੇ ਤੌਰ ਤੇ ਸਕੂਲ ਪਹੁੰਚੇ।ਇਸ ਤੋਂ ਇਲਾਵਾ ਹਾਕੀ ਉਲੰਪੀਅਨ ਦੇ ਚੈਂਪੀਅਨ ਜਰਮਨਜੀਤ ਸਿੰਘ ਵੀ ਇਸ ਸੈਮੀਨਾਰ ਵਿੱਚ ਸ਼ਾਮਿਲ ਹੋਏ।ਸਕੂਲ ਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਬੱਚਿਆਂ ਦਾ ਡਰਾਇੰਗ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਵਿੱਚ ਦਸਮੇਸ਼ ਪਬਲਿਕ ਸੀਨੀ: ਸੈਕੰ: ਸਕੂਲ ਦੇ 550 ਅਤੇ ਦਸਮੇਸ਼ ਹੈਰੀਟੇਜ ਪਬਲਿਕ ਸਕੂਲ ਦੇ 220 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਮੌਕੇ ਅਮਨਪ੍ਰੀਤ ਸਿੰਘ ਨੇ ਵਿਦਿਆਰਥੀਆਂ ਵਿੱਚ ਨਸ਼ਿਆਂ ਪ੍ਰਤੀ ਜਾਗਰੂਕਤਾ ਲਿਆਉਣ ਲਈ ਬੱਚਿਆਂ ਨਾਲ ਸਵਾਲ-ਜਵਾਬ ਕਰਦਿਆਂ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਿਲ ਕਰਨ ਵਾਲੇ ਬੱਚਿਆਂ ਨੂੰ ਵਧਾਈ ਦਿੱਤੀ।ਇਸ ਮੌਕੇ ਹਾਕੀ ਉਲੰਪੀਅਨ ਦੇ ਚੈਂਪੀਅਨ ਜਰਮਨਜੀਤ ਸਿੰਘ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅੱਜ ਲੋੜ ਹੈ ਪੰਜਾਬ ਦੇ ਨੌਜਵਾਨਾਂ ਨੂੰ ਅੱਗੇ ਵੱਧਕੇ ਉਚ ਅਹੁਦਿਆਂ ਤੇ ਪਹੁੰਚਣ ਦੀ।ਸਕੂਲ ਦੇ ਮੈਨੇਜਰ ਹਰਸ਼ਦੀਪ ਸਿੰਘ ਰੰਧਾਵਾ ਨੇ ਇਸ ਮੌਕੇ ਸਕੂਲ ਵਿੱਚ ਪਹੁੰਚੀਆਂ ਦੋਨਾਂ ਸ਼ਖਸ਼ੀਅਤਾਂ ਨੂੰ ਜੀ ਆਇਆਂ ਆਖਿਆ ਅਤੇ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਬੀਰ ਸਿੰਘ, ਗੁਰਪ੍ਰੀਤ ਸਿੰਘ ਜਲਾਲ, ਅਮਨਬੀਰ ਸਿੰਘ ਰੰਧਾਵਾ, ਨਵਦੀਪ ਸਿੰਘ ਬਦੇਸ਼ਾ, ਪ੍ਰਸ਼ਾਂਤ ਰਈਆ, ਲਲਿਤ ਸੋਨੀ, ਨਵਿਤ ਕੁਮਾਰ, ਮਨਪ੍ਰੀਤ ਸਿੰਘ ਟੱਕਰ, ਹਰਪ੍ਰੀਤ ਕੌਰ ਆਦਿ ਹਾਜ਼ਰ ਸਨ।

# ਹੁਸੀਨ ਵਾਦੀ 'ਚ ਕਤਲੇਆਮ

*ਪਹਿਲਗਾਮ ਦੀ ਨਰਮ ਸਰਜ਼ਮੀਨ 'ਤੇ ਹੋਈ ਦਰਿੰਦਗੀ ਕੋਈ ਹਮਲਾ ਨਹੀਂ, ਸਗੋਂ ਸਾਡੀ ਇਨਸਾਨੀਅਤ 'ਤੇ ਲਿਖਿਆ ਗਿਆ ਇਕ ਖ਼ੂਨੀ ਪੈਗਾਮ ਹੈ। ਕੌਣ ਜਾਣਦਾ ਸੀ ਕਿ ਬਾਇਸਾਰਾਨ ਦੀ ਮਖ਼ਮਲੀ ਘਾਹ ਵਾਲੀ ਹੁਸੀਨ ਵਾਦੀ ਇਕ ਲਮਹੇ ਵਿੱਚ ਕਬਰਗਾਹ 'ਚ ਤਬਦੀਲ ਹੋ ਜਾਵੇਗੀ। ਦਰਿੰਦਿਆਂ ਨੇ ਰੋਕਿਆ ਤੇ ਪੁੱਛਿਆ ਕਿ ਕਿਹੜਾ ਮਜ਼ਹਬ ਹੈ ਤੁਹਾਡਾ? ਅਤੇ ਫਿਰ ਉਹ ਕੀਤਾ, ਜਿਹੜਾ ਕਿਸੇ ਮਜ਼ਹਬ ਵਿੱਚ ਜਾਇਜ਼ ਨਹੀਂ, ਕਿਸੇ ਤਹਿਜ਼ੀਬ ਵਿੱਚ ਕਾਬਲੇ-ਮੁਆਫ਼ੀ ਨਹੀਂ ਤੇ ਕਿਸੇ ਇਨਸਾਨੀਅਤ ਵਿੱਚ ਕਾਬਲੇ-ਬਰਦਾਸ਼ਤ ਨਹੀਂ। ਇਹ ਸਵਾਲ ਦਰਅਸਲ 'ਮਜ਼ਹਬ' ਨਾਲੋਂ ਵੱਧ ਇੱਕ ਜ਼ਹਿਰ ਸੀ। ਇੱਕ ਅਜਿਹਾ ਜ਼ਹਿਰ, ਜਿਹੜਾ ਸਾਡੇ ਦਿਲਾਂ ਵਿੱਚ ਦਰਾੜ ਪੈਦਾ ਕਰੇ, ਜਿਹੜਾ ਸਾਨੂੰ ਵੰਡੇ ਤੇ ਸਾਡੇ ਵਿਚਾਲੇ ਮੁਹੱਬਤ ਦੇ ਪੁਲਾਂ ਨੂੰ ਢਾਹ ਦੇਵੇ। ਦਹਿਸ਼ਤਗਰਦੀ ਦਾ ਮਕਸਦ ਗੋਲੀਆਂ ਚਲਾਉਣਾ ਹੀ ਨਹੀਂ ਹੁੰਦਾ, ਉਸ ਦਾ ਅਸਲੀ ਮਕਸਦ ਦਿਲਾਂ ਵਿੱਚ ਕੰਧਾਂ ਖੜ੍ਹੀਆਂ ਕਰਨਾ ਹੁੰਦਾ ਹੈ। ਅੱਜ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ ਦਹਿਸ਼ਤਗਰਦਾਂ ਨੇ ਗੋਲੀਆਂ ਕਿਉਂ ਚਲਾਈਆਂ, ਸਗੋਂ ਇਹ ਹੈ ਕਿ ਅਸੀਂ ਹਰ ਵਾਰ ਚੁੱਪ ਕਿਉਂ ਹੋ ਜਾਂਦੇ ਹਾਂ? ਅਸੀਂ ਕਿਉਂ ਨਹੀਂ ਪੁੱਛਦੇ ਕਿ ਇਹ ਹਮਲੇ ਰੁਕ ਕਿਉਂ ਨਹੀਂ ਰਹੇ? ਉਨ੍ਹਾਂ ਸੱਤਾਧਾਰੀਆਂ ਤੋਂ ਜਵਾਬ ਕਿਉਂ ਨਹੀਂ ਮੰਗਦੇ, ਜਿਨ੍ਹਾਂ ਹਰ ਚੋਣ ਵਿੱਚ ਸਲਾਮਤੀ ਦਾ ਵਾਅਦਾ ਕੀਤਾ ਸੀ? ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਆਏ ਦਿਨ ਦਾਅਵੇ ਕਰਦੇ ਹਨ ਕਿ ਧਾਰਾ 370 ਖਤਮ ਕਰਨ ਤੇ ਉਸ ਤੋਂ ਬਾਅਦ ਹੋਈਆਂ ਚੋਣਾਂ 'ਚ ਲੋਕਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਨਾਲ ਜੰਮੂ-ਕਸ਼ਮੀਰ ਦੀ ਸਥਿਤੀ ਨਾਰਮਲ ਹੋ ਗਈ ਹੈ। ਅਮਿਤ ਸ਼ਾਹ ਨੇ ਕੁਝ ਦਿਨ ਪਹਿਲਾਂ ਹੀ ਕਸ਼ਮੀਰ ਦਾ ਦੌਰਾ ਕਰਕੇ ਦਾਅਵਾ ਕੀਤਾ ਸੀ ਕਿ ਬਚੀ-ਖੁਚੀ ਦਹਿਸ਼ਤਗਰਦੀ ਵੀ ਛੇਤੀ ਖਤਮ ਕਰ ਦਿੱਤੀ ਜਾਵੇਗੀ, ਪਰ ਆਪਣੀ ਪਿੱਠ ਥਪਥਪਾਉਣ ਵਾਲੇ ਗ੍ਰਹਿ ਮੰਤਰੀ ਨੂੰ ਪਹਿਲਗਾਮ ਦੇ ਹਮਲੇ ਦੀ ਭਿਣਕ ਹੀ ਨਹੀਂ ਲੱਗੀ। ਸੂਬੇ ਤੋਂ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਕੇ ਜਿਸ ਇਲਾਕੇ 'ਤੇ ਕੇਂਦਰ ਨੇ ਆਪਣਾ ਕੰਟਰੋਲ ਕੀਤਾ ਹੋਇਆ ਹੈ ਤੇ ਚਾਰ ਲੱਖ ਤੋਂ ਵੱਧ ਫੌਜੀ ਤੇ ਨੀਮ-ਫੌਜੀ ਤਾਇਨਾਤ ਕਰ ਰੱਖੇ ਹਨ, ਉੱਥੇ ਅਜਿਹੇ ਕਤਲੇਆਮ ਦਾ ਵਾਪਰਨਾ ਸਾਬਤ ਕਰਦਾ ਹੈ ਕਿ ਇੰਟੈਲੀਜੈਂਸ ਤਾਂ ਪੂਰੀ ਤਰ੍ਹਾਂ ਫੇਲ੍ਹ ਹੋਈ ਹੀ, ਸੈਲਾਨੀਆਂ ਨੇ ਸਥਿਤੀ ਨਾਰਮਲ ਹੋਣ ਦੇ ਸਰਕਾਰੀ ਦਾਅਵਿਆਂ 'ਤੇ ਭਰੋਸਾ ਕਰਕੇ ਆਪਣੀਆਂ ਜਾਨਾਂ ਗੁਆ ਲਈਆਂ।*

*ਪੁਲਵਾਮਾ ਵਿੱਚ ਨੀਮ ਫੌਜੀਆਂ 'ਤੇ ਹਮਲੇ ਤੋਂ ਬਾਅਦ ਮੋਦੀ ਸਰਕਾਰ ਨੇ ਪਾਕਿਸਤਾਨ ਖਿਲਾਫ ਹਵਾਈ ਕਾਰਵਾਈ ਕਰਕੇ ਦੇਸ਼ ਦੇ ਲੋਕਾਂ ਨੂੰ ਇਹ ਭਰੋਸਾ ਦੇਣ ਦੀ ਕੋਸ਼ਿਸ਼ ਕੀਤੀ ਸੀ ਕਿ ਭਾਜਪਾ ਦੀ ਸਰਕਾਰ ਕਾਂਗਰਸੀ ਸਰਕਾਰ ਵਰਗੀ ਕਮਜ਼ੋਰ ਨਹੀਂ ਤੇ ਦੁਸ਼ਮਣ ਨੂੰ ਘਰ ਵਿੱਚ ਵੜ ਕੇ ਮਾਰਦੀ ਹੈ। ਇਸ ਦਾ ਉਸ ਨੇ ਚੋਣਾਂ ਵਿੱਚ ਵੀ ਲਾਹਾ ਖੱਟਿਆ ਸੀ। ਦੇਖਣਾ ਹੋਵੇਗਾ ਕਿ ਸਰਕਾਰ ਹੁਣ ਕੀ ਕਰਦੀ ਹੈ। ਦੁਸ਼ਮਣ ਨੂੰ ਘਰ ਵਿੱਚ ਵੜ ਕੇ ਮਾਰਨ ਨਾਲ ਹੀ ਗੱਲ ਨਹੀਂ ਬਣਨੀ। ਜੇ ਅਜਿਹਾ ਹੁੰਦਾ ਤਾਂ ਪਹਿਲਗਾਮ ਨਾ ਵਾਪਰਦਾ। ਪਹਿਲਾਂ ਘਰ ਦੇ ਹਾਲਾਤ ਠੀਕ ਕਰਨੇ ਪੈਣਗੇ। ਜੰਮੂ-ਕਸ਼ਮੀਰ ਦਾ ਪੁਰਾਣਾ ਰੁਤਬਾ ਬਹਾਲ ਕਰਨਾ ਪਵੇਗਾ। ਉੱਥੋਂ ਦੇ ਲੋਕਾਂ ਪ੍ਰਤੀ ਹਮਦਰਦੀ ਵਾਲਾ ਰਵੱਈਆ ਅਪਣਾਉਣਾ ਪਵੇਗਾ। ਪਹਿਲਗਾਮ ਕਤਲੇਆਮ ਤੋਂ ਬਾਅਦ ਵਾਦੀ ਵਿੱਚ ਦਹਿਸ਼ਤਗਰਦਾਂ ਖਿਲਾਫ ਹੋਏ ਮੁਜ਼ਾਹਰੇ ਦਰਸਾਉਂਦੇ ਹਨ ਕਿ ਕਸ਼ਮੀਰੀਆਂ ਨੇ ਕਿੰਨਾ ਦੁੱਖ ਮਨਾਇਆ ਹੈ। ਇਨ੍ਹਾਂ ਕਸ਼ਮੀਰੀਆਂ ਨੂੰ ਨਾਲ ਲੈ ਕੇ ਹੀ ਦੁਸ਼ਮਣ ਨਾਲ ਨਜਿੱਠਿਆ ਜਾ ਸਕਦਾ ਹੈ। ਫੌਜੀ ਕਾਰਵਾਈਆਂ ਨਾਲ ਕਿਸੇ ਮਸਲੇ ਦਾ ਹੱਲ ਕਦੇ ਨਹੀਂ ਨਿਕਲਿਆ।*

*ਪਹਿਲਗਾਮ ਦੇ ਦਰੱਖ਼ਤਾਂ ਨੇ ਜਿਹੜੀਆਂ ਚੀਕਾਂ ਸੁਣੀਆਂ, ਉਨ੍ਹਾਂ ਵਿੱਚ ਨਾ ਕੋਈ ਭਗਵਾ ਸੀ ਤੇ ਨਾ ਹਰਾ। ਭਾਜਪਾ ਬਣਾਉਣ ਵਾਲਿਆਂ ਵਿੱਚੋਂ ਇੱਕ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ ਕਸ਼ਮੀਰ ਮਸਲਾ ਹੱਲ ਕਰਨ ਲਈ ਨਜ਼ਰੀਆ ਸੀ—ਇਨਸਾਨੀਅਤ, ਕਸ਼ਮੀਰੀਅਤ ਤੇ ਜਮਹੂਰੀਅਤ।*

# ਬੁੱਤਾਂ ਨਾਲ ਛੇੜ-ਛਾੜ ਸੌੜੀਆਂ ਸਿਆਸੀ ਸਾਜ਼ਿਸ਼ਾਂ ਦਾ ਸਿੱਟਾ


ਆਤਮਾ ਸਿੰਘ ਪਮਾਰ

ਡਾ. ਭੀਮ ਰਾਓ ਅੰਬੇਡਕਰ, ਜੋ ਕਿਸੇ ਜਾਣ-ਪਹਿਚਾਣ ਦੇ ਮੁਥਾਜ਼ ਨਹੀਂ।ਡਾ. ਸਾਹਿਬ ਦਾ ਨਾਂਅ ਸਿਰਫ ਭਾਰਤ 'ਚ ਹੀ ਨਹੀਂ, ਸਗੋਂ ਦੁਨੀਆ ਦੇ ਅੰਬਰ 'ਤੇ ਧਰੂ ਤਾਰੇ ਵਾਂਗ ਚਮਕਿਆ ਅਤੇ ਚਮਕ ਵੀ ਰਿਹਾ ਹੈ। ਅਜਿਹੀ ਮਹਾਨ ਸ਼ਖ਼ਸੀਅਤ ਦੇ ਜੀਵਨ ਬਾਰੇ ਪੜ੍ਹ-ਸੁਣ ਕੇ ਕਈ ਵਾਰ ਤਾਂ ਜਜ਼ਬਾਤੀ ਹੋ ਕੇ ਮਨ ਵੀ ਭਰ ਆਉਂਦਾ ਹੈ ਅਤੇ ਐਨ ਉਸੇ ਸਮੇਂ ਹੀ ਉਨ੍ਹਾਂ ਵੱਲੋਂ ਆਪਣੇ ਪਿੰਡੇ 'ਤੇ ਹੰਢਾਏ ਅਕਹਿ ਸਰੀਰਕ, ਮਾਨਸਿਕ ਦੁੱਖਾਂ-ਦਰਦਾਂ, ਤਸੀਹਿਆਂ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਲਈ ਕੀਤੇ ਗਏ ਨਿਰਸਵਾਰਥ ਅਤੇ ਭੇਦ-ਭਾਵ ਰਹਿਤ ਕਾਰਜਾਂ ਨੂੰ ਯਾਦ ਕਰਦਿਆਂ ਸਿਰ ਫ਼ਖ਼ਰ ਨਾਲ ਉੱਚਾ ਵੀ ਹੋ ਜਾਂਦਾ ਹੈ। ਇਸ ਮਹਾਨ ਰਹਿਬਰ ਦੀ 14 ਅਪ੍ਰੈਲ 1891 ਨੂੰ ਮਹਾਰਾਸ਼ਟਰ ਦੇ ਜ਼ਿਲ੍ਹਾ ਪੂਨਾ ਦੀ ਮਹੂ ਛਾਉਣੀ ਵਿਖੇ ਸੂਬੇਦਾਰ ਰਾਮ ਜੀ ਸਕਪਾਲ ਦੇ ਘਰ ਅਤੇ ਮਾਤਾ ਭੀਮਾ ਬਾਈ ਦੀ ਸੁਲੱਖਣੀ ਕੁੱਖੋਂ ਪੈਦਾਇਸ਼ ਹੋਈ। ਜੀਵਨ ਦੇ ਅਨਮੋਲ ਅਤੇ ਕੰਡਿਆਲੇ ਸਫ਼ਰ ਦੌਰਾਨ ਇਹਨਾਂ ਨੇ ਮਜ਼ਲੂਮਾਂ, ਲਿਤਾੜਿਆਂ ਅਤੇ ਹਾਸ਼ੀਏ 'ਤੇ ਧੱਕੀ ਹੋਈ ਮਨੁੱਖਤਾ ਦੀ ਬਿਹਤਰੀ ਲਈ ਆਪਣੇ ਸੰਘਰਸ਼ਾਂ ਅਤੇ ਲਿਖਤਾਂ ਰਾਹੀਂ ਜ਼ਿਕਰਯੋਗ ਸੇਧਾਂ/ ਸਿਧਾਂਤ ਦੁਨਿਆਵੀ ਮੰਚ 'ਦੇ ਸਨਮੁੱਖ ਪੇਸ਼ ਕੀਤੇ। 6 ਦਸੰਬਰ 1956 ਦੀ ਉਹ ਮਨਹੂਸ ਘੜੀ ਸਾਡੇ ਚੇਤਿਆਂ 'ਚੋਂ ਪਲ ਭਰ ਲਈ ਵੀ ਇੱਧਰ-ਉੱਧਰ ਨਹੀਂ ਹੁੰਦੀ ਜਦੋਂ ਸਰੀਰਕ ਅਤੇ ਮਾਨਸਿਕ ਤੌਰ 'ਤੇ ਬਦਤਰ ਹਾਲਤਾਂ ਵਿੱਚ ਮਨੁੱਖਤਾ ਦਾ ਇਹ ਮਸੀਹਾ ਇਸ ਫਾਨੀ ਸੰਸਾਰ ਤੋਂ ਜਾਨਵਰਾਂ ਵਰਗਾ ਜੀਵਨ ਬਸਰ ਕਰ ਰਹੇ ਅਤੇ ਨੀਚੇ ਸਮਝੇ ਜਾਣ ਵਾਲੇ ਸਮਾਜ ਨੂੰ ਰੋਂਦਿਆਂ-ਕੁਰਲਾਂਦਿਆਂ ਛੱਡ ਕੇ ਸਦਾ ਸਦਾ ਲਈ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ।

ਬਾਬਾ ਸਾਹਿਬ ਉੱਚ ਕੋਟੀ ਦੇ ਲੇਖਕ, ਫਿਲਾਸਫਰ, ਬੁਲਾਰੇ, ਕਾਨੂੰਨਦਾਨ ਅਤੇ ਕੁਸ਼ਲ ਪ੍ਰਸ਼ਾਸਕ ਵਜੋਂ ਜਾਣੇ ਜਾਂਦੇ ਹਨ, ਪ੍ਰੰਤੂ ਅਜੋਕੇ ਸਮਾਜ ਦੇ ਇੱਕ ਵੱਡੇ ਹਿੱਸੇ ਦੇ ਮਨਾਂ ਵਿੱਚ ਇਹ ਧਾਰਨਾ ਪੂਰੀ ਤਰ੍ਹਾਂ ਘਰ ਕਰ ਚੁੱਕੀ ਹੈ ਕਿ ਬਾਬਾ ਸਾਹਿਬ ਸਿਰਫ ਤੇ ਸਿਰਫ਼ ਅਛੂਤਾਂ ਅਤੇ ਦਲਿਤਾਂ ਦੇ ਹੀ ਮਸੀਹਾ ਹਨ, ਜਦੋਂ ਕਿ ਅਜਿਹਾ ਤੌਖਲਾ ਕਿਸੇ ਤਰ੍ਹਾਂ ਵੀ ਤਰਕ-ਸੰਗਤ ਨਹੀਂ ਜਾਪਦਾ, ਕਿਉਂਕਿ ਜਦੋਂ ਅਸੀਂ ਉਹਨਾਂ ਦੇ ਸਮੁੱਚੇ ਜੀਵਨ ਅਤੇ ਫਲਸਫੇ ਦਾ ਫਿਰਾਖਦਿਲੀ ਅਤੇ ਨਿਰਪੱਖਤਾ ਨਾਲ ਅਧਿਐਨ ਕਰਦੇ ਹਾਂ ਤਾਂ ਉਕਤ ਧਾਰਨਾਵਾਂ ਦੀ ਪ੍ਰਸੰਗਕਿਤਾ/ ਸਾਰਥਕਿਤਾ ਕਿਧਰੇ ਵੀ ਨਜ਼ਰੀਂ ਨਹੀਂ ਪੈਂਦੀ।ਡਾ. ਸਾਹਿਬ ਦਾ ਸਮੁੱਚਾ ਜੀਵਨ ਇਸ ਗੱਲ ਦਾ ਸਾਖਸ਼ੀ ਹੈ ਕਿ ਉਨ੍ਹਾ ਖ਼ੁਦ ਆਪਣੇ ਮਨ-ਮਸਤਕ ਅਤੇ ਪਰਵਾਰ 'ਤੇ ਮੁਸੀਬਤਾਂ ਦੇ ਵੱਡੇ ਪਹਾੜਾਂ ਨੂੰ ਸਹਿੰਦਿਆਂ ਹਮੇਸ਼ਾ ਹੀ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਤੌਰ 'ਤੇ ਲਿਤਾੜੇ ਅਤੇ ਅੱਤਿਆਚਾਰਾਂ ਦੇ ਸ਼ਿਕਾਰ ਵਰਗਾਂ ਨਾਲ ਚਟਾਨ ਵਾਂਗ ਖੜਨ ਦਾ ਸਿਰਫ਼ ਸਿਧਾਂਤਕ ਹੀ ਨਹੀਂ, ਸਗੋਂ ਅਮਲੀ ਰੂਪ 'ਚ ਵੀ ਦਮ ਭਰਿਆ ਹੈ। ਉਨ੍ਹਾ ਦੀ ਦੂਰਅੰਦੇਸ਼ੀ ਹੀ ਸੀ ਕਿ ਉਨ੍ਹਾ ਸਦੀਆਂ ਤੋਂ ਮੰਨੂਵਾਦੀ ਵਿਚਾਰਧਾਰਾ ਦੀ ਰੌਸ਼ਨੀ ਵਿੱਚ ਸਿਰਜਤ ਵਰਣ ਵਿਵਸਥਾ ਵਰਗੀ ਅਣਮਨੁੱਖੀ ਅਤੇ ਦਮਨਕਾਰੀ ਪਹੁੰਚ ਕਾਰਨ ਦੱਬੇ-ਕੁਚਲੇ ਦਲਿਤ ਵਰਗ ਨੂੰ ਰਾਜਨੀਤਕ ਅਤੇ ਸਰਕਾਰੀ ਨੌਕਰੀਆਂ 'ਚ ਕੁਝ ਪ੍ਰਤੀਸ਼ਤ ਰਾਖਵਾਂਕਰਨ ਦਾ ਐਕਟ ਬਣਾਇਆ, ਤਾਂ ਜੋ ਇਸ ਵਰਗ ਨੂੰ ਵੀ ਸਮਾਜਿਕ ਅਤੇ ਰਾਜਨੀਤਕ ਤੌਰ 'ਤੇ ਕੁਝ ਹੱਦ ਤੱਕ ਸਮਾਨਤਾ ਦਾ ਅਹਿਸਾਸ ਹੋ ਸਕੇ।ਜਿਨ੍ਹਾਂ ਲੋਕਾਂ ਨੂੰ ਸਕੂਲਾਂ,ਕਾਲਜਾਂ ਅਤੇ ਹੋਰ ਸਿੱਖਿਆ ਸੰਸਥਾਵਾਂ ਅੱਗੋਂ ਲੰਘਣ ਦੀ ਵੀ ਮਨਾਹੀ ਸੀ, ਉਹ ਇਨ੍ਹਾਂ ਹੀ ਸੰਸਥਾਵਾਂ ਦੇ ਨਿਰਦੇਸ਼ਕਾਂ, ਮੁਖੀਆਂ, ਪ੍ਰੋਫੈਸਰਾਂ, ਅਧਿਆਪਕਾਂ ਅਤੇ ਹੋਰ ਵਕਾਰੀ ਅਹੁਦਿਆਂ 'ਤੇ ਸੁਸ਼ੋਭਿਤ ਹੋਏ। ਉਧਰ ਦੂਜੇ ਪਾਸੇ ਰਾਜਨੀਤਕ ਖੇਤਰ 'ਚ ਸੂਬਿਆਂ ਅਤੇ ਕੇਂਦਰ ਸਰਕਾਰਾਂ 'ਚ ਹੇਠਲੇ ਅਹੁਦਿਆਂ ਤੋਂ ਲੈ ਕੇ ਉੱਚ ਅਹੁਦਿਆਂ ਤੱਕ ਦਾ ਅਨੰਦ ਵੀ ਮਾਣਿਆ ਅਤੇ ਮਾਣ ਰਹੇ ਹਨ।ਹਰ ਵਰਗ ਦੀਆਂ ਔਰਤਾਂ ਜਿਨ੍ਹਾਂ ਨੂੰ ਮੰਨੂਵਾਦੀ ਵਿਵਸਥਾ ਅਧੀਨ ਪੈਰ ਦੀ ਜੁੱਤੀ ਤੋਂ ਇਲਾਵਾ ਹੋਰ ਪਤਾ ਨਹੀਂ ਕਿਹੜੇ-ਕਿਹੜੇ ਵਿਸ਼ੇਸ਼ਣਾਂ ਨਾਲ ਨਿਵਾਜਿਆ ਜਾਂਦਾ ਸੀ, ਵੀ ਲਿੰਗਕ ਸਮਾਨਤਾ ਦੇ ਕਾਨੂੰਨ ਤਹਿਤ ਪ੍ਰਸ਼ਾਸਨਿਕ ਅਤੇ ਵੱਡੀਆਂ-ਵੱਡੀਆਂ ਸੰਵਿਧਾਨਕ ਅਤੇ ਰਾਜਨੀਤਕ ਪਦਵੀਆਂ ਤੱਕ ਪਹੁੰਚਣ ਦਾ ਮਾਣ ਹਾਸਲ ਕਰ ਸਕੀਆਂ।ਪਿਛਲੇ ਕੁਝ ਸਮੇਂ ਤੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਬਾਬਾ ਸਾਹਿਬ ਦੇ ਸਨਮਾਨ 'ਚ ਸਥਾਪਤ ਕੀਤੇ ਗਏ ਆਦਮ-ਕੱਦ ਬੁੱਤਾਂ ਨੂੰ ਕਿਸੇ ਸੋਚੀ-ਸਮਝੀ ਯੋਜਨਾ ਅਤੇ ਸੌੜੀ ਰਾਜਨੀਤੀ ਤਹਿਤ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਜਿਸ ਨੂੰ ਬਹੁਤ ਮੰਦਭਾਗਾ ਕਿਹਾ ਜਾ ਸਕਦਾ ਹੈ। ਇਸ ਦੀ ਸਮੁੱਚੇ ਭਾਰਤ ਵਾਸੀਆਂ ਅਤੇ ਵਿਦੇਸ਼ੀਂ ਵਸਦੇ ਭਾਰਤੀ ਮੂਲ ਦੇ ਲੋਕਾਂ ਨੂੰ ਵੀ ਨਿੰਦਾ ਕਰਨੀ ਬਣਦੀ ਹੈ। ਇੱਥੇ ਇੱਕ ਗੱਲ ਸਪੱਸ਼ਟ ਹੈ ਕਿ ਜੇਕਰ ਸਮਾਂ ਰਹਿੰਦਿਆਂ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਇਸ ਗੰਭੀਰ ਮਸਲੇ 'ਤੇ ਇਸੇ ਤਰ੍ਹਾਂ ਰਾਜਨੀਤੀ ਕੀਤੀ ਜਾਂਦੀ ਰਹੀ ਤਾਂ ਦੇਸ਼ ਦੇ ਹੋਣ ਵਾਲੇ ਹਰ ਤਰ੍ਹਾਂ ਦੇ ਵੱਡੇ ਨੁਕਸਾਨ ਨੂੰ ਕੋਈ ਨਹੀਂ ਰੋਕ ਸਕਦਾ। ਇਸ ਅਵੇਸਲੇਪਣ ਅਤੇ ਬੱਜਰ ਗਲਤੀ ਲਈ ਭਵਿੱਖੀ ਪੀੜ੍ਹੀਆਂ ਅਤੇ ਇਤਿਹਾਸ ਅਜੋਕੇ ਜ਼ਿੰਮੇਵਾਰ ਆਗੂਆਂ ਨੂੰ ਕਦੇ ਵੀ ਮੁਆਫ਼ ਨਹੀਂ ਕਰੇਗਾ।

ਇਨ੍ਹਾਂ ਵਾਪਰ ਰਹੀਆਂ ਘਟਨਾਵਾਂ ਨੂੰ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਏ, ਰਾਜਸੀ ਪੰਡਤਾਂ, ਆਮ ਜਨਤਾ ਅਤੇ ਰਾਜਨੀਤਕ ਦਲਾਂ ਵੱਲੋਂ ਆਪਣੇ-ਆਪਣੇ ਨਜ਼ਰੀਏ ਤੋਂ ਦੇਖਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਕੁਝ ਸਾਧਾਰਨ ਲੋਕ ਇਸ ਨੂੰ ਦੇਸ਼ 'ਚ ਸਦੀਆਂ ਤੋਂ ਚੱਲ ਰਹੀ ਵਰਣ ਵਿਵਸਥਾ ਨਾਲ ਜੋੜ ਕੇ ਵੀ ਦੇਖ ਰਹੇ ਹਨ, ਕਿਉਂਕਿ ਸੰਸਦ ਦੇ ਚੱਲ ਰਹੇ ਪਿਛਲੇ ਸੈਸ਼ਨ ਦੌਰਾਨ ਭਾਰਤ ਦੇ ਗ੍ਰਹਿ ਮੰਤਰੀ ਵੱਲੋਂ ਜਿਸ ਤਰ੍ਹਾਂ ਦੀਆਂ ਟਿੱਪਣੀਆਂ ਡਾ. ਸਾਹਿਬ ਬਾਰੇ ਕੀਤੀਆਂ ਗਈਆਂ ਅਤੇ ਮੀਡੀਆ ਅਦਾਰਿਆਂ ਤੇ ਜਨਤਾ ਵੱਲੋਂ ਇਸ ਸਬੰਧੀ ਆਏ ਪ੍ਰਤੀਕਰਮ ਵੀ ਕਿਸੇ ਤੋਂ ਲੁਕੇ-ਛਿਪੇ ਨਹੀਂ। ਇਹ ਵੀ ਆਮ ਚਰਚਾ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਪ੍ਰੋਗਰਾਮ ਅਤੇ ਨੀਤੀਆਂ ਦਲਿਤਾਂ, ਪਛੜਿਆਂ, ਕਮਿਊਨਿਸਟਾਂ ਅਤੇ ਘੱਟ ਗਿਣਤੀਆਂ ਪ੍ਰਤੀ ਤਰ੍ਹਾਂ-ਤਰ੍ਹਾਂ ਦੇ ਲਏ ਗਏ ਫੈਸਲਿਆਂ ਅਤੇ ਪਾਸ ਕੀਤੇ ਜਾ ਰਹੇ ਕਾਨੂੰਨ ਅਤੇ ਲਾਗੂ ਕੀਤੀ ਜਾ ਰਹੀ ਨਵੀਂ ਕੌਮੀ ਸਿੱਖਿਆ ਨੀਤੀ ਵਰਗੇ ਵਰਤਾਰਿਆਂ ਤੋਂ ਸਰਕਾਰ ਦਾ ਰੁੱਖ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ।ਪੂਰੇ ਦੇਸ਼ 'ਚ ਭਾਰਤੀ ਸੰਵਿਧਾਨ ਨੂੰ ਬਦਲਣ ਦੀਆਂ ਚੱਲ ਰਹੀਆਂ ਕਥਿਤ ਚਰਚਾਵਾਂ, ਜਾਤੀ ਅਧਾਰਤ ਜਨਗਣਨਾ ਤੋਂ ਆਨਾਕਾਨੀ ਕਰਨਾ ਅਤੇ ਚੰਗੀਆਂ-ਭਲੀਆਂ ਚੱਲ ਰਹੀਆਂ ਸੰਵਿਧਾਨਕ ਸੰਸਥਾਵਾਂ 'ਚ ਫੇਰ-ਬਦਲ ਕਰਨ, ਰਾਸ਼ਟਰੀ ਮਾਰਗਾਂ ਅਤੇ ਸੜਕਾਂ ਆਦਿ ਦੇ ਨਾਂਅ ਬਦਲਣ ਵਰਗੀਆਂ ਵੱਡੀਆਂ ਕਾਰਵਾਈਆਂ ਉਕਤ ਸਭ ਕੁਝ ਨੂੰ ਚਿੱਟੇ ਦਿਨ ਵਾਂਗ ਸਾਫ ਕਰ ਰਹੀਆਂ ਹਨ। ਇਹਨਾਂ ਸਾਰੇ ਵਰਤਾਰਿਆਂ ਨੂੰ ਬਾਬਾ ਸਾਹਿਬ ਦੇ ਅਨੁਯਾਈਆਂ 'ਚ ਆ ਰਹੀ ਜਾਗਰੂਕਤਾ ਅਤੇ ਪ੍ਰਭਾਵਤ ਹੋ ਰਹੇ ਹੋਰ ਲੋਕਾਂ ਵੱਲੋਂ ਕਿਸੇ ਨਫ਼ਰਤੀ ਨੁਕਤਾਨਿਗਾਹ ਤੋਂ ਹੀ ਅਨੁਮਾਨਿਆ ਜਾ ਰਿਹਾ ਹੈ, ਜਿਸ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਲਈ ਖਤਰੇ ਦੀ ਘੰਟੀ ਵਜੋਂ ਵੀ ਲਿਆ ਜਾ ਰਿਹਾ ਹੈ।

ਇਸ ਤੋਂ ਇਲਾਵਾ ਜੇਕਰ ਗੱਲ ਪੰਜਾਬ ਦੀ ਕਰੀਏ ਤਾਂ ਇੱਥੇ ਵੀ ਬਾਬਾ ਸਾਹਿਬ ਦੀ ਪ੍ਰਤਿਮਾ ਨੂੰ ਲਗਾਤਾਰ ਸੋਚੀ-ਸਮਝੀ ਸਾਜ਼ਿਸ਼ ਅਧੀਨ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਇਸ ਬਾਰੇ ਵੀ ਸੰਜੀਦਾ ਅਤੇ ਗੰਭੀਰ ਲੋਕਾਂ ਵੱਲੋਂ ਵੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਇਨ੍ਹਾਂ ਸਾਰੀਆਂ ਧਿਰਾਂ ਦਾ ਮੰਨਣਾ ਹੈ ਕਿ ਸੂਬੇ 'ਚ ਸ਼ਾਂਤੀਪੂਰਵਕ ਅਤੇ ਭਾਈਚਾਰਕ ਸਾਂਝ ਵਾਲਾ ਜੀਵਨ ਬਸਰ ਕਰ ਰਹੇ ਵੱਖ-ਵੱਖ ਤਬਕਿਆਂ 'ਚ ਨਫ਼ਰਤ ਦੇ ਬੀਜ ਬੀਜਣ ਲਈ ਕੁਝ ਏਜੰਸੀਆਂ ਕਾਰਜਸ਼ੀਲ ਹਨ। ਅਜਿਹੀਆਂ ਘਟਨਾਵਾਂ ਬਾਰੇ ਆਮ ਲੋਕਾਂ 'ਚ ਇਹ ਧਾਰਨਾ ਵੀ ਬਣ ਰਹੀ ਹੈ ਕਿ ਕੁਝ ਕੱਟੜਪੰਥੀ ਸ਼ਕਤੀਆਂ ਸੂਬੇ 'ਚ ਹਿੰਦੂ ਸਿੱਖ ਦਾ ਬਾਵੇਲਾ ਖੜਾ ਕਰਕੇ ਇਸ ਨੂੰ 80ਵਿਆਂ ਦੇ ਦੌਰ 'ਚ ਲਿਜਾ ਕੇ ਅਫ਼ਰਾ-ਤਫਰੀ ਵਾਲਾ ਮਾਹੌਲ ਪੈਦਾ ਕਰਨਾ ਚਾਹੁੰਦੀਆਂ ਹਨ। ਕੁਝ ਕੁ ਦਾ ਮੱਤ ਹੈ ਕਿ ਇਹ ਏਜੰਸੀਆਂ ਬਾਬਾ ਸਾਹਿਬ ਦੇ ਬੁੱਤਾਂ ਦੀ ਬੇਹੁਰਮਤੀ ਕਰਕੇ ਜੱਟ ਸਿੱਖਾਂ ਅਤੇ ਦਲਿਤ ਵਰਗ ਦੇ ਟਕਰਾਓ ਲਈ ਰਾਹ ਪੱਧਰਾ ਕਰ ਰਹੀਆਂ ਹਨ, ਕਿਉਂਕਿ ਦਲਿਤਾਂ ਦਾ ਇੱਕ ਵੱਡਾ ਹਿੱਸਾ ਡਾ. ਸਾਹਿਬ ਦਾ ਪੈਰੋਕਾਰ ਹੈ। ਇਸ ਦੇ ਨਾਲ ਹੀ ਵੱਖ-ਵੱਖ ਡੇਰਿਆਂ 'ਚ ਜਾਣ ਤੋਂ ਇਲਾਵਾ ਹੋਰਨਾਂ ਧਰਮਾਂ 'ਚ ਤਬਦੀਲ ਹੋਣ ਲਈ ਵੀ ਇਹੋ ਵਰਗ ਸਭ ਤੋਂ ਵੱਧ ਰੁਚਿਤ ਸਮਝਿਆ ਜਾ ਰਿਹਾ ਹੈ, ਜਿਸ ਤੋਂ ਜਾਪਦਾ ਹੈ ਕਿ ਇਹ ਸ਼ਾਤਰ ਦਿਮਾਗ ਸ਼ਕਤੀਆਂ ਅਨੁਸੂਚਿਤ ਅਤੇ ਪੱਛੜੇ ਵਰਗਾਂ ਦੇ ਵੱਡੇ ਵੋਟ ਬੈਂਕ ਨੂੰ ਹਥਿਆਉਣ ਲਈ ਹੀ ਅਜਿਹੀਆਂ ਗਤੀਵਿਧੀਆਂ ਨੂੰ ਅੰਜ਼ਾਮ ਦੇਣ ਦੇ ਕੋਝੇ ਯਤਨ ਕਰ ਰਹੀਆਂ ਹਨ।ਇਸ ਲਈ ਸਮੁੱਚੇ ਦੇਸ਼ ਵਾਸੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬ ਦੀ ਜਨਤਾ ਨੂੰ ਨਿਮਰਤਾ ਸਹਿਤ ਗੁਜ਼ਾਰਿਸ਼ ਅਤੇ ਸਲਾਹ ਵੀ ਹੈ ਕਿ ਇਸ ਤਰ੍ਹਾਂ ਦੀਆਂ ਚਾਲਾਂ/ਸਾਜ਼ਿਸ਼ਾਂ ਨੂੰ ਦਰਕਿਨਾਰ ਕਰਦਿਆਂ ਆਪਸੀ ਭਾਈਚਾਰਕ ਸਾਂਝ ਦੀ ਬਰਕਰਾਰੀ ਲਈ ਅਜਿਹੇ ਮਨੁੱਖਤਾ ਦੋਖੀ ਮਨਸੂਬਿਆਂ ਨੂੰ ਖੁੰਢਾ ਕਰਨ ਲਈ ਸ਼ਾਂਤੀਪੂਰਵਕ ਸੰਘਰਸ਼ ਲਈ ਤਿਆਰ-ਬਰ-ਤਿਆਰ ਰਹਿਣਾ ਹੀ ਇਸ ਦਾ ਢੁਕਵਾਂ ਹੱਲ ਹੈ।

**# ਸੰਪਰਕ : 98680-56200**

# ਮਨੁੱਖਤਾ ਦੇ ਮਸੀਹਾ ਸਨ ਬਾਬਾ ਗੁਰਬਚਨ ਸਿੰਘ

ਇਕਬਾਲ ਸਿੰਘ ਬੱਲ

ਸੰਤ ਨਿਰੰਕਾਰੀ ਮਿਸ਼ਨ ਦੇ ਤੀਜੇ ਗੁਰੂ ਬਾਬਾ ਗੁਰਬਚਨ ਸਿੰਘ ਦਾ ਜਨਮ 10 ਦਸੰਬਰ 1930 ਨੂੰ ਪਿਸ਼ਾਵਰ (ਪਾਕਿਸਤਾਨ) ਵਿਖੇ ਬਾਬਾ ਅਵਤਾਰ ਸਿੰਘ ਦੇ ਘਰ ਮਾਤਾ ਬੁੱਧਵੰਤੀ ਦੀ ਕੁੱਖੋਂ ਹੋਇਆ। ਉਹਨਾ ਨੇ ਮਿਡਲ ਕਾਲਸ ਤੱਕ ਦੀ ਪੜ੍ਹਾਈ ਪੇਸ਼ਾਵਰ ਵਿੱਚ ਪੂਰੀ ਕੀਤੀ ਅਤੇ ਮੈਟ੍ਰਿਕ ਖਾਲਸ ਸਕੂਲ ਰਾਵਲਪਿੰਡੀ ਤੋਂ ਕੀਤੀ। 1947 ਵਿੱਚ ਭਾਰਤ-ਪਾਕਿਸਤਾਨ ਦੀ ਵੰਡ ਹੋਣ ਕਰਕੇ ਆਪ ਨੂੰ ਪੜ੍ਹਾਈ ਅੱਧ-ਵਿਚਕਾਰ ਛੱਡਣੀ ਪਈ। 22 ਅਪ੍ਰੈਲ 1947 ਨੂੰ ਉਹਨਾ ਦਾ ਵਿਆਹ ਭਾਈ ਮੰਨਾ ਸਿੰਘ ਦੀ ਪੁੱਤਰੀ ਕੁਲਵੰਤ ਕੌਰ ਨਾਲ ਹੋਇਆ, ਜਿਨ੍ਹਾਂ ਦੀਆਂ ਸੇਵਾਵਾਂ ਨੂੰ ਵੇਖਦਿਆਂ ਬਾਬਾ ਅਵਤਾਰ ਸਿੰਘ ਨੇ ਉਹਨਾ ਨੂੰ ਰਾਜ ਮਾਤਾ ਦਾ ਖਿਤਾਬ ਬਖਸ਼ਿਆ। ਬਾਬਾ ਅਵਤਾਰ ਸਿੰਘ ਨੇ ਆਪਣੇ ਜਿਉਂਦੇ ਜੀ 1962 ਵਿੱਚ ਬਾਬਾ ਗੁਰਬਚਨ ਸਿੰਘ ਨੂੰ ਨਿਰੰਕਾਰੀ ਮਿਸ਼ਨ ਦੀ ਗੁਰਗੱਦੀ ਸੌਂਪ ਦਿੱਤੀ। ਬਾਬਾ ਗੁਰਬਚਨ ਸਿੰਘ ਨੇ ਸੱਚ, ਪ੍ਰੇਮ, ਸ਼ਾਂਤੀ ਦੀ ਰੋਸ਼ਨੀ ਨੂੰ ਦੁਨੀਆ ਵਿੱਚ ਫੈਲਾਉਣ ਲਈ ਵੱਖ-ਵੱਖ ਤਰ੍ਹਾਂ ਦੀਆਂ ਯੋਜਨਾਵਾਂ ਬਣਾਈਆਂ, ਜਿਹਨਾ ਵਿੱਚ ਸਾਦਾ ਤਰੀਕੇ ਨਾਲ ਸ਼ਾਦੀਆਂ ਕਰਨ, ਲੋਕ ਦਿਖਦੇ ਦੇ ਖਰਚ ਤੋਂ ਬਚਣਾ, ਨਸ਼ਿਆਂ ਤੋਂ ਦੂਰ ਰਹਿਣਾ, ਇਕ-ਦੂਜੇ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣਾ, ਮੁੱਖ ਸਨ। ਉਹ ਸੰਤ ਨਿਰੰਕਾਰੀ ਮਿਸ਼ਨ ਦੇ ਪ੍ਰਚਾਰ ਨੂੰ ਦੁਨੀਆ ਦੇ ਵੱਖ-ਵੱਖ ਕੋਨਿਆਂ ਤੱਕ ਲੈ ਗਏ। ਦਿਨ-ਬਾ-ਦਿਨ ਨਿਰੰਕਾਰੀ ਮਿਸ਼ਨ ਦੀ ਵਧ ਰਹੀ ਲੋਕਪ੍ਰਿਅਤਾ ਕੱਟੜ ਪੰਥੀਆਂ ਨੂੰ ਚੰਗੀ ਨਹੀਂ ਲੱਗ ਰਹੀ ਸੀ, ਜਿਨ੍ਹਾਂ ਨਿਰੰਕਾਰੀ ਮਿਸ਼ਨ ਨੂੰ ਖਤਮ ਕਰਨ ਦੀਆਂ ਕਈ ਵਿਉਂਤਾਂ ਬਣਾਈਆਂ। 24 ਅਪ੍ਰੈਲ 1980 ਨੂੰ ਕੁਝ ਕੱਟੜ ਪੰਥੀਆਂ ਨੇ ਬਾਬਾ ਗੁਰਬਚਨ ਸਿੰਘ ਅਤੇ ਉਹਨਾ ਦੇ ਨਿੱਜੀ ਅੰਗ ਰੱਖਿਅਕ ਚਾਚਾ ਪ੍ਰਤਾਪ ਸਿੰਘ ਨੂੰ ਦਿੱਲੀ ਵਿਖੇ ਗੋਲੀਆਂ ਮਾਰ ਕੇ ਸਹੀਦ ਕਰ ਦਿੱਤਾ।



27 ਅਪ੍ਰੈਲ 1980 ਨੂੰ ਬਾਬਾ ਗੁਰਬਚਨ ਸਿੰਘ ਦੇ ਮ੍ਰਿਤਕ ਸਰੀਰ ਦਾ ਅੰਤਮ ਸੰਸਕਾਰ ਕਰਨ ਉਪਰੰਤ ਸੰਗਤਾਂ ਨਿਰੰਕਾਰੀ ਪਾਰਕ ਵਿੱਚ ਇਕੱਤਰ ਹੋਣੀਆਂ ਸ਼ੁਰੂ ਹੋ ਗਈਆ। ਜਿੱਥੇ ਬਾਬਾ ਗੁਰਬਚਨ ਸਿੰਘ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਵਿਸ਼ੇਸ਼ ਸਤਿਸੰਗ ਦਾ ਆਯੋਜਨ ਕੀਤਾ ਗਿਆ। ਸਤਿਸੰਗ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਬੰਧਕਾਂ ਦੀ ਮੀਟਿੰਗ ਹੋਈ, ਜਿਸ ਵਿੱਚ ਨਿਰੰਕਾਰੀ ਰਾਜ ਮਾਤਾ ਦੇ ਨਾਲ ਪੂਜਨੀਕ ਹਰਦੇਵ ਸਿੰਘ ਵੀ ਸਟੇਜ 'ਤੇ ਬੈਠ ਗਏ। ਇਸ ਮੌਕੇ ਬਾਬਾ ਗੁਰਬਚਨ ਸਿੰਘ ਦੇ ਨਿੱਜੀ ਸਕੱਤਰ ਜੇ ਆਰ ਡੀ ਸਚਿਆਰਥੀ ਵੱਲੋਂ ਬਾਬਾ ਗੁਰਬਚਨ ਸਿੰਘ ਦੇ ਆਦੇਸ਼ ਅਨੁਸਾਰ ਘੋਸ਼ਣਾ ਕੀਤੀ ਕਿ ਅੱਜ ਤੋਂ ਸਟੇਜ 'ਤੇ ਬਿਰਾਜਮਾਨ ਪੂਜਨੀਕ ਹਰਦੇਵ ਸਿੰਘ ਨੂੰ ਸਤਿਗੁਰੂ ਮੰਨਣਾ ਹੈ।

ਬਾਬਾ ਹਰਦੇਵ ਸਿੰਘ ਨੇ ਸਤਿਗੁਰੂ ਰੂਪ ਵਿੱਚ ਪਹਿਲੀ ਵਾਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ- ਸਾਧ ਸੰਗਤ ਜੀ ਧੰਨ ਨਿਰੰਕਾਰ ! ਦਾਸ ਕੇ ਆਪ ਸਭੀ ਸੰਤ ਮਹਾਪੁਰਸ਼ ਜਾਨਤੇ ਹੀ ਹੈ ਕਿ ਦਾਸ ਕੇ ਪਾਸ ਐਸਾ ਕੋਈ ਗੁਣ ਨਹੀਂ ਹੈ, ਜਿਸ ਕੇ ਬਲਬੂਤੇ ਪਰ ਦਾਸ ਇਸ ਮਹਾਨ ਜ਼ਿੰਮੇਵਾਰੀ ਕੇ ਨਿਭਾਨੇ ਮੇਂ ਸਫਲ ਹੋ ਸਕੇ। ਨਿਰੰਕਾਰੀ ਦਾਤਾਰ ਨੇ ਜਿਸ ਤਨ ਸੇ ਜੈਸਾ ਕਾਮ ਲੇਨਾ ਹੋਤਾ ਹੈ, ਉਸੇ ਵੈਸੀ ਸ਼ਕਤੀ ਵੀ ਪ੍ਰਦਾਨ ਕਰ ਦੇਤਾ ਹੈ। ਸਾਰੀ ਸਾਧ ਸੰਗਤ ਤੋਂ ਅਸ਼ੀਰਵਾਦਾਂ ਦੀ ਕਾਮਨਾ ਕਰਦਿਆਂ ਬਾਬਾ ਹਰਦੇਵ ਸਿੰਘ ਜੀ ਨੇ ਕਿਹਾ-ਆਪ ਰਹਿਮਤ ਕਰੇਂਗੇ ! ਤਬੀ ਦਾਸ ਆਨੇ ਵਾਲੇ ਸਮੇਂ ਮੇਂ ਨਿਰੰਕਾਰ ਕੀ ਇੱਛਾ ਅਨੁਸਾਰ ਆਪ ਕੀ ਸੇਵਾ ਕਰ ਪਾਏਗਾ।

ਜੇਕਰ ਕੋਈ ਇਹ ਸੋਚਦਾ ਹੈ ਕਿ ਖ਼ੂਨ ਦਾ ਬਦਲਾ ਜ਼ਰੂਰ ਲੈਣਾ ਹੈ ਤਾਂ ਦਾਸ ਇਹੋ ਕਹੇਗਾ ਕਿ ਖ਼ੂਨ ਦਾ ਬਦਲਾ ਹਮ ਤਬ ਲੈ ਪਾਏਂਗੇ ਜਬ ਹਮ ਗੁਰਬਚਨ ਸਿੰਘ ਜੀ ਕਾ ਗਿਆਨ ਘਰ-ਘਰ, ਗਲੀ-ਗਲੀ ਪਹੁੰਚਾ ਦੇਂਗੇ। ਜੋ ਸੰਸਾਰ ਵੈਰ ਭਾਵਨਾ ਮੇ ਜਲ ਰਹਾ ਹੈ, ਉਸ ਤਕ ਠੰਡਕ ਪਹੁੰਚਾਏਂਗੇ। ਬਾਬਾ ਹਰਦੇਵ ਸਿੰਘ ਨੇ ਕਿਹਾ-ਬਦਲੇ ਦੀ ਭਾਵਨਾ ਲੈਣੀ ਹੈ ਤਾਂ ਵੈਰ, ਵਿਰੋਧ ਤੇ ਈਰਖਾ ਵਰਗੀਆਂ ਭਾਵਨਾਵਾਂ ਨੂੰ ਜੜ੍ਹ ਤੋਂ ਖਤਮ ਕਰਨਾ ਹੈ, ਐਸੀ ਦ੍ਰਿਸ਼ਟੀ ਬਣਾਉਣੀ ਹੈ ਕਿ ਹਰ ਪਾਸੇ ਹਰੇਕ ਕਣ ਵਿੱਚ ਬ੍ਰਹਮ ਹੀ ਬ੍ਰਹਮ ਦਿਖਾਈ ਦੇਵੇ, ਹਰੇਕ ਇਨਸਾਨ ਵਿੱਚ ਪਰਮਾਤਮਾ ਦਾ ਹੀ ਰੂਪ ਦਿਖਾਈ ਦੇਵੇ, ਜਾਤ-ਪਾਤ, ਧਰਮ, ਸੰਸਕ੍ਰਿਤੀ, ਖੇਤਰ, ਖਾਣ-ਪਾਣ ਅਤੇ ਰਹਿਣ-ਸਹਿਣ ਦੇ ਭੇਦ ਭਾਵ ਮਿਟਾ ਦਈਏ। ਇਸੇ ਤਰਾਂ ਮਿੱਤਰ ਅਤੇ ਦੁਸਮਣ ਨੂੰ ਇੱਕ ਨਜ਼ਰ ਨਾਲ ਵੇਖਦੇ ਹੋਏ ਜਗਿਆਸੂਆਂ ਨੂੰ ਬ੍ਰਹਮ ਗਿਆਨ ਪ੍ਰਦਾਨ ਕਰਾ ਕੇ ਲੋਕ-ਪ੍ਰਲੋਕ ਸੁਖੀ ਕਰਨ ਅਤੇ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕਰਾਉਣ ਦਾ ਉਪਰਾਲਾ ਕਰਨਾ ਹੈ।

ਉਪਰੋਤਕ ਬਚਨ 27 ਅਪ੍ਰੈਲ 1980 ਨੂੰ ਬਾਬਾ ਹਰਦੇਵ ਸਿੰਘ ਨੇ ਫਰਮਾਏ ਸਨ। ਇਸ ਸਾਲ 24 ਅਪ੍ਰੈਲ ਨੂੰ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦੀ ਰਹਿਨੁਮਾਈ ਹੇਠ ਗਰਾਉਂਡ ਨੰਬਰ 8 ਬੁਰਾੜੀ ਚੌਕ ਦਿੱਲੀ ਵਿਖੇ ਮਾਨਵ ਏਕਤਾ ਦਿਵਸ ਮਨਾਇਆ ਜਾ ਰਿਹਾ ਹੈ, ਇਸ ਦਿਨ ਨਿਰੰਕਾਰੀ ਜਗਤ ਵਿੱਚ ਵੱਖ-ਵੱਖ ਥਾਵਾਂ 'ਤੇ ਖ਼ੂਨਦਾਨ ਕੈਂਪ ਲਗਾਏ ਜਾ ਰਹੇ ਹਨ। ਇਨ੍ਹਾਂ ਕੈਂਪਾਂ ਵਿੱਚੋਂ ਲੱਖਾਂ ਯੂਨਿਟ ਖ਼ੂਨ ਇਕੱਤਰ ਕਰਕੇ ਭਾਰਤ ਸਰਕਾਰ ਨੂੰ ਸੌਂਪਿਆ ਜਾਵੇਗਾ, ਤਾਂ ਜੋ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ ਅਤੇ ਬਾਬਾ ਗੁਰਬਚਨ ਸਿੰਘ ਦੀਆਂ ਸਿੱਖਿਆਵਾਂ ਤੋਂ ਸੇਧ ਲਈ ਜਾ ਸਕੇ।

**# ਸੰਪਰਕ : 9855029206**

# ਵਕਫ਼ ਕਾਨੂੰਨ-2025 : ਕਿਸ ਗੱਲ ਦੀ ਚਿੰਤਾ, ਕਿਸ ਗੱਲ ਦੀ ਲੜਾਈ ?

**ਮੂਲ : ਡਾ. ਅਸਲਾਮ ਅਰਸ਼ਦ**
**ਅਨੁਵਾਦ : ਬੂਟਾ ਸਿੰਘ ਮਹਿਮੂਦਪੁਰ**

***(ਭਗਵਾਂ ਸਰਕਾਰ ਵੱਲੋਂ ਲਿਆਂਦੇ ਵਕਫ਼ ਸੋਧ ਬਿੱਲ ਵਿਰੁੱਧ ਪਟੀਸ਼ਨਾਂ ਦੀ ਸੁਣਵਾਈ ਕਰਦਿਆਂ ਹੁਣੇ ਜਿਹੇ ਭਾਰਤ ਦੀ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸੰਜੀਵ ਖੰਨਾ ਦੀ ਅਗਵਾਈ ਹੇਠਲੇ ਬੈਂਚ ਵੱਲੋਂ ਵਕਫ਼ ਸੋਧ ਬਿੱਲ ਉੱਪਰ ਆਰਜ਼ੀ ਰੋਕ ਦਾ ਫ਼ੈਸਲਾ ਨਿਰਸੰਦੇਹ ਮੁਸਲਿਮ ਘੱਟ ਗਿਣਤੀ ਲਈ ਕੁਝ ਰਾਹਤ ਹੈ, ਪਰ ਇਹ ਰਾਹਤ ਆਰਜ਼ੀ ਹੈ, ਕਿਉਂਕਿ ਵਕਫ਼ ਦੇ ਹੱਕ ਦਾ ਭਵਿੱਖ ਸਿਖ਼ਰਲੀ ਅਦਾਲਤ ਦੇ ਅੰਤਿਮ ਫ਼ੈਸਲੇ 'ਤੇ ਨਿਰਭਰ ਕਰੇਗਾ। ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਸੰਸਦ ਵਿਚ ਦਾਅਵਾ ਕੀਤਾ ਕਿ ਉਨ੍ਹਾ ਦੀ ਸਰਕਾਰ ਨੇ ਲੱਖਾਂ ਪਟੀਸ਼ਨਾਂ, ਇਤਰਾਜ਼ਾਂ ਨੂੰ ਸੁਣਨ ਤੋਂ ਬਾਅਦ ਵਕਫ਼ ਸੋਧ ਕਾਨੂੰਨ ਪਾਸ ਕੀਤਾ ਹੈ, ਪਰ ਜਦੋਂ ਸੁਪਰੀਮ ਕੋਰਟ ਨੇ 24 ਘੰਟੇ 'ਚ ਸਵਾਲਾਂ ਦੇ ਜਵਾਬ ਦੇਣ ਲਈ ਕਿਹਾ ਤਾਂ ਸਰਕਾਰੀ ਵਕੀਲ ਨੇ ਲੰਮੀ ਮੋਹਲਤ ਲੈਣ ਲਈ ਦਲੀਲਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਸ ਤੋਂ ਸਪੱਸ਼ਟ ਹੋ ਗਿਆ ਕਿ ਭਗਵਾਂ ਸਰਕਾਰ ਧਾਰਮਿਕ ਘੱਟ ਗਿਣਤੀਆਂ ਅਤੇ ਹਾਸ਼ੀਏ 'ਤੇ ਧੱਕੇ ਹੋਰ ਮਜ਼ਲੂਮ ਹਿੱਸਿਆਂ ਉਪਰ ਆਪਣੇ ਰਾਜਨੀਤਕ ਏਜੰਡੇ ਥੋਪਣ ਲਈ ਭਾਰਤ ਦੇ ਲੋਕਾਂ ਨੂੰ ਮੂਰਖ਼ ਬਣਾਉਣ ਲਈ ਕਿਸੇ ਵੀ ਹੱਦ ਤੱਕ ਝੂਠ ਬੋਲ ਸਕਦੀ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਇਕ ਹਫ਼ਤੇ ਵਿਚ ਜਵਾਬ ਪੇਸ਼ ਕਰਨ ਲਈ ਕਿਹਾ ਹੈ। ਇਹ ਫ਼ੈਸਲਾ ਆਉਂਦੇ ਸਾਰ ਭਗਵਾਂ ਆਈ.ਟੀ. ਸੈੱਲ ਅਤੇ ਸਮੁੱਚਾ ਗੋਦੀ ਮੀਡੀਆ ਇਸ ਫ਼ੈਸਲੇ ਦਾ ਵਿਰੋਧ ਕਰਨ 'ਚ ਜੁੱਟ ਗਿਆ ਹੈ। ਹੁਣ ਦੇਖਣਾ ਇਹ ਹੈ ਕਿ ਸਰਕਾਰ ਅੱਗੇ ਕੀ ਕਰਦੀ ਹੈ। ਵਕਫ਼ ਕਾਨੂੰਨ ਵਿਚ ਹਾਲੀਆ ਬਦਲਾਅ ਦੇ ਵੱਖ-ਵੱਖ ਪਹਿਲੂਆਂ ਦੀ ਚਰਚਾ ਸੁਤੰਤਰ ਟਿੱਪਣੀਕਾਰ ਡਾ. ਅਸਲਾਮ ਅਰਸ਼ਦ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ, ਜਿਸ ਦੀ ਅਹਿਮੀਅਤ ਦੇ ਮੱਦੇਨਜ਼ਰ ਇਸ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ, ਜਿਸ ਦਾ ਅਨੁਵਾਦ ਸਾਡੇ ਕਾਲਮ ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।-ਸੰਪਾਦਕ)***

ਭਾਰਤ ਵਿਚ ਵਕਫ਼ ਕਾਨੂੰਨ ਮਹਿਜ਼ ਕਾਨੂੰਨੀ ਢਾਂਚਾ ਨਹੀਂ, ਬਲਕਿ ਮੁਸਲਮਾਨਾਂ ਦੀ ਧਾਰਮਿਕ, ਸਮਾਜਿਕ ਅਤੇ ਸਿੱਖਿਆਤਮਕ ਜ਼ਿੰਦਗੀ ਦਾ ਅਹਿਮ ਹਿੱਸਾ ਹੈ। ਇਹ ਕਾਨੂੰਨ ਉਨ੍ਹਾਂ ਜਾਇਦਾਦਾਂ ਨੂੰ ਲੈ ਕੇ ਬਣਾਇਆ ਗਿਆ ਹੈ, ਜਿਨ੍ਹਾਂ ਨੂੰ ਮੁਸਲਮਾਨ ਅੱਲਾਹ ਦੇ ਰਾਹ ਵਿਚ ਵਕਫ਼ ਕਰ ਦਿੰਦੇ ਹਨ, ਯਾਨੀ ਹਮੇਸ਼ਾ ਲਈ ਦਾਨ ਕਰ ਦਿੰਦੇ ਹਨ, ਤਾਂ ਜੋ ਉਨ੍ਹਾਂ ਦੀ ਵਰਤੋਂ ਮਸਜਿਦ, ਮਦਰੱਸਾ, ਕਬਰਿਸਤਾਨ, ਹਸਪਤਾਲ ਜਾਂ ਕਿਸੇ ਵੀ ਕਿਸਮ ਦੇ ਲੋਕ-ਭਲਾਈ ਕੰਮ ਵਿਚ ਕੀਤੀ ਜਾ ਸਕੇ। ਅਜਿਹੀ ਜਾਇਦਾਦ ਹੁਣ ਕਿਸੇ ਵਿਅਕਤੀ ਦੀ ਨਿੱਜੀ ਮਲਕੀਅਤ ਨਹੀਂ ਰਹਿੰਦੀ, ਬਲਕਿ ਪੂਰੀ ਕੌਮ ਦੀ ਅਮਾਨਤ ਬਣ ਜਾਂਦੀ ਹੈ। ਭਾਰਤ ਵਿਚ ਇਸ ਦਾ ਇਤਿਹਾਸ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਸ਼ੁਰੂ ਹੁੰਦਾ ਹੈ, ਪਰ ਆਜ਼ਾਦੀ ਤੋਂ ਬਾਅਦ ਇਸ ਨੂੰ ਰਸਮੀ ਤੌਰ 'ਤੇ ਕਾਨੂੰਨ ਦਾ ਦਰਜਾ ਦਿੱਤਾ ਗਿਆ—ਪਹਿਲਾਂ 1954 ਵਿਚ ਅਤੇ ਫਿਰ 1995 ਵਿਚ, ਜਦੋਂ ਵਕਫ਼ ਐਕਟ ਨੂੰ ਨਵਾਂ ਢਾਂਚਾ ਮਿਲਿਆ।

ਇਸ ਤੋਂ ਬਾਅਦ 2013 ਵਿਚ ਕੁਝ ਅਹਿਮ ਸੋਧਾਂ ਕੀਤੀਆਂ ਗਈਆਂ, ਪਰ ਅਸਲੀ ਹੰਗਾਮਾ 2025 ਵਿਚ ਹੋਇਆ, ਜਦੋਂ ਮੋਦੀ ਸਰਕਾਰ ਨੇ ਵਕਫ਼ (ਸੋਧ) ਐਕਟ ਲਾਗੂ ਕੀਤਾ। ਇਸ ਨਵੀਂ ਸੋਧ ਨੇ ਨਾ ਸਿਰਫ਼ ਮੁਸਲਿਮ ਸਮਾਜ ਨੂੰ ਬੇਚੈਨ ਕੀਤਾ, ਬਲਕਿ ਸਿਆਸੀ ਹਲਕਿਆਂ ਵਿਚ ਵੀ ਹਲਚਲ ਮਚਾ ਦਿੱਤੀ। ਲੋਕਾਂ ਨੇ ਇਸ ਨੂੰ ਸੰਵਿਧਾਨ ਦੇ ਖਿਲਾਫ਼ ਦੱਸਿਆ, ਧਾਰਮਿਕ ਮਾਮਲਿਆਂ ਵਿਚ ਦਖ਼ਲ ਮੰਨਿਆ ਅਤੇ ਮਾਮਲਾ ਸੁਪਰੀਮ ਕੋਰਟ ਤੱਕ ਜਾ ਪਹੁੰਚਿਆ।

ਹੁਣ ਜੇਕਰ ਵਕਫ਼ ਕਾਨੂੰਨ ਦੀਆਂ ਬੁਨਿਆਦੀ ਗੱਲਾਂ ਦੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਵਕਫ਼ ਕੀ ਹੁੰਦਾ ਹੈ। ਕੋਈ ਵੀ ਮੁਸਲਮਾਨ ਆਪਣੀ ਚੱਲ ਜਾਂ ਅਚੱਲ ਜਾਇਦਾਦ ਨੂੰ ਅੱਲਾਹ ਦੇ ਰਾਹ ਵਿਚ ਵਕਫ਼ ਕਰ ਸਕਦਾ ਹੈ ਅਤੇ ਫਿਰ ਉਹ ਜਾਇਦਾਦ ਅੱਲਾਹ ਦੇ ਨਾਂਅ ਹੋ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਨਾ ਤਾਂ ਉਹ ਵਿਅਕਤੀ ਅਤੇ ਨਾ ਹੀ ਉਸ ਦੇ ਵਾਰਿਸ ਉਸ ਜਾਇਦਾਦ ਨੂੰ ਵੇਚ ਸਕਦੇ ਹਨ, ਵੰਡ ਸਕਦੇ ਹਨ, ਜਾਂ ਨਿੱਜੀ ਫ਼ਾਇਦੇ ਵਿਚ ਲਿਆ ਸਕਦੇ ਹਨ। ਉਸ ਜਾਇਦਾਦ ਦੀ ਵਰਤੋਂ ਸਿਰਫ਼ ਉਹੀ ਹੋ ਸਕਦੀ ਹੈ, ਜੋ ਮਕਸਦ ਵਕਫ਼ ਕਰਦੇ ਵਕਤ ਦੱਸਿਆ ਗਿਆ ਹੋਵੇ, ਜਿਵੇਂ ਕਿ ਮਦਰੱਸਾ ਚਲਾਉਣਾ, ਅਨਾਥ ਬੱਚਿਆਂ ਦੀ ਪਰਵਰਿਸ਼ ਕਰਨਾ ਜਾਂ ਹਸਪਤਾਲ ਬਣਾਉਣਾ। ਯਾਨੀ ਹੁਣ ਦੁਨੀਆ ਦਾ ਕੋਈ ਵੀ ਵਿਅਕਤੀ ਵਕਫ਼ ਕੀਤੀ ਗਈ ਜਾਇਦਾਦ ਦੇ ਮੂਲ ਸਰੂਪ ਨੂੰ ਬਦਲ ਨਹੀਂ ਸਕਦਾ।

ਵਕਫ਼ ਦੀ ਸਥਾਪਨਾ ਦੋ ਤਰੀਕਿਆਂ ਨਾਲ ਹੋ ਸਕਦੀ ਹੈ—ਇਕ ਲਿਖਤੀ ਦਸਤਾਵੇਜ਼, ਯਾਨੀ ਵਕਫ਼ਨਾਮੇ ਦੇ ਜ਼ਰੀਏ ਅਤੇ ਦੂਜਾ ਮੌਖਿਕ (ਮੂੰਹ-ਜ਼ੁਬਾਨੀ) ਐਲਾਨ ਦੇ ਜ਼ਰੀਏ। ਪਰ ਦੋਵਾਂ ਹੀ ਸੂਰਤਾਂ ਵਿਚ ਇਹ ਸਾਫ਼ ਜ਼ਾਹਿਰ ਹੋਣਾ ਚਾਹੀਦਾ ਹੈ ਕਿ ਕਿਹੜੀ ਜਾਇਦਾਦ ਵਕਫ਼ ਕੀਤੀ ਜਾ ਰਹੀ ਹੈ ਅਤੇ ਉਸ ਦਾ ਮਕਸਦ ਕੀ ਹੈ। ਇਕ ਵਾਰ ਜੇਕਰ ਕੋਈ ਚੀਜ਼ ਵਕਫ਼ ਹੋ ਗਈ ਤਾਂ ਫਿਰ ਉਸ ਨੂੰ ਰੱਦ ਨਹੀਂ ਕੀਤਾ ਜਾ ਸਕਦਾ, ਸਿਰਫ਼ ਕੁਝ ਬਹੁਤ ਹੀ ਖ਼ਾਸ ਹਾਲਾਤ ਵਿਚ ਹੀ ਰੱਦ ਕੀਤੀ ਜਾ ਸਕਦੀ ਹੈ।

ਵਕਫ਼ ਜਾਇਦਾਦਾਂ ਦੇ ਇੰਤਜ਼ਾਮ ਲਈ ਦੋ ਸੰਸਥਾਵਾਂ ਹੁੰਦੀਆਂ ਹਨ- ਕੇਂਦਰੀ ਵਕਫ਼ ਪ੍ਰੀਸ਼ਦ ਅਤੇ ਰਾਜ ਵਕਫ਼ ਬੋਰਡ। ਕੇਂਦਰੀ ਵਕਫ਼ ਪ੍ਰੀਸ਼ਦ ਸਲਾਹ ਦਿੰਦੀ ਹੈ ਅਤੇ ਨੀਤੀਆਂ ਤੈਅ ਕਰਦੀ ਹੈ, ਜਦੋਂ ਕਿ ਰਾਜ ਵਕਫ਼ ਬੋਰਡ ਹਰ ਰਾਜ ਵਿਚ ਵਕਫ਼ ਜਾਇਦਾਦਾਂ ਦੀ ਰਜਿਸਟ੍ਰੇਸ਼ਨ, ਦੇਖਭਾਲ, ਸਰਵੇ ਅਤੇ ਵਿਵਾਦਾਂ ਦਾ ਨਿਪਟਾਰਾ ਕਰਦਾ ਹੈ। ਵਕਫ਼ ਜਾਇਦਾਦ ਦੀ ਦੇਖਭਾਲ ਕਰਨ ਵਾਲੇ ਵਿਅਕਤੀ ਨੂੰ ਮੁਤਵੱਲੀ ਕਿਹਾ ਜਾਂਦਾ ਹੈ।

ਹੁਣ ਕਾਨੂੰਨ ਵਿਚ ਇਕ ਅਹਿਮ ਗੱਲ ਇਹ ਹੈ ਕਿ ਵਕਫ਼ ਜਾਇਦਾਦਾਂ ਦਾ ਨਿਯਮਿਤ ਸਰਵੇ ਕੀਤਾ ਜਾਂਦਾ ਹੈ। 1995 ਦੇ ਐਕਟ ਦੀ ਧਾਰਾ 4 ਕਹਿੰਦੀ ਹੈ ਕਿ ਰਾਜ ਵਕਫ਼ ਬੋਰਡ ਦੇ ਜ਼ਰੀਏ ਸਰਵੇ ਕੀਤਾ ਜਾਵੇ ਅਤੇ ਹਰ ਜਾਇਦਾਦ ਦਾ ਰਿਕਾਰਡ ਰੱਖਿਆ ਜਾਵੇ। ਇਸੇ ਤਰ੍ਹਾਂ ਧਾਰਾ 40 ਵਕਫ਼ ਬੋਰਡ ਨੂੰ ਇਹ ਤਾਕਤ ਦਿੰਦੀ ਸੀ ਕਿ ਉਹ ਕਿਸੇ ਜਾਇਦਾਦ ਨੂੰ ਵਕਫ਼ ਐਲਾਨ ਕਰ ਸਕੇ, ਜੇਕਰ ਉਸ ਨੂੰ ਲੱਗੇ ਕਿ ਉਹ ਵਾਕਈ ਵਕਫ਼ ਕੀਤੀ ਗਈ ਹੈ।

ਵਕਫ਼ ਨਾਲ ਜੁੜੇ ਕਾਨੂੰਨੀ ਝਗੜਿਆਂ ਦਾ ਨਿਬੇੜਾ ਵਕਫ਼ ਟ੍ਰਿਬਿਊਨਲ ਕਰਦਾ ਹੈ ਅਤੇ ਧਾਰਾ 85 ਦੇ ਮੁਤਾਬਿਕ ਆਮ ਅਦਾਲਤਾਂ ਨੂੰ ਵਕਫ਼ ਮਾਮਲਿਆਂ ਵਿਚ ਦਖ਼ਲ ਦੇਣ ਦਾ ਹੱਕ ਨਹੀਂ ਹੈ। ਸਿਰਫ਼ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਅਪੀਲ ਹੋ ਸਕਦੀ ਹੈ।

ਵਕਫ਼ ਜਾਇਦਾਦਾਂ ਦੀ ਇਕ ਖ਼ਾਸ ਗੱਲ ਇਹ ਹੈ ਕਿ ਉਨ੍ਹਾਂ 'ਤੇ ਕਬਜ਼ੇ ਦੇ ਮਾਮਲਿਆਂ ਵਿਚ ਲਿਮੀਟੇਸ਼ਨ ਐਕਟ ਦੀ ਧਾਰਾ 107 ਲਾਗੂ ਹੁੰਦੀ ਹੈ, ਯਾਨੀ ਜੇਕਰ ਕਿਸੇ ਨੇ ਵਕਫ਼ ਦੀ ਜ਼ਮੀਨ 'ਤੇ ਕਬਜ਼ਾ ਕਰ ਵੀ ਲਿਆ ਹੈ, ਤਾਂ ਸਮੇਂ ਦੀ ਕੋਈ ਪਾਬੰਦੀ ਨਹੀਂ ਹੈ, ਕਦੇ ਵੀ ਉਸ ਨੂੰ ਹਟਾਇਆ ਜਾ ਸਕਦਾ ਹੈ।

ਹੁਣ ਗੱਲ ਕਰੀਏ 2025 ਦੇ ਵਕਫ਼ ਸੋਧ ਕਾਨੂੰਨ ਦੀ, ਤਾਂ ਇਹ ਸਭ ਤੋਂ ਵਿਵਾਦਿਤ ਬਦਲਾਅ ਲੈ ਕੇ ਆਇਆ ਹੈ। ਇਸ ਨੂੰ 8 ਅਪ੍ਰੈਲ 2025 ਤੋਂ ਲਾਗੂ ਕੀਤਾ ਗਿਆ ਅਤੇ ਸਰਕਾਰ ਦਾ ਦਾਅਵਾ ਹੈ ਕਿ ਇਹ ਪਾਰਦਰਸ਼ਤਾ, ਜਵਾਬਦੇਹੀ ਅਤੇ ਬਿਹਤਰ ਇੰਤਜ਼ਾਮ ਲਈ ਹੈ, ਪਰ ਮੁਸਲਿਮ ਸਮਾਜ ਦਾ ਕਹਿਣਾ ਹੈ ਕਿ ਇਸ ਦੇ ਪਿੱਛੇ ਇਕ ਸਿਆਸੀ ਏਜੰਡਾ ਹੈ-ਉਹ ਹੈ ਵਕਫ਼ ਜਾਇਦਾਦਾਂ ਨੂੰ ਕਮਜ਼ੋਰ ਕਰਨਾ ਅਤੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣਾ।

ਇਸ ਨਵੇਂ ਕਾਨੂੰਨ ਦੁਆਰਾ ਕਈ ਬਦਲਾਅ ਕੀਤੇ ਗਏ ਹਨ। ਮਿਸਾਲ ਵਜੋਂ, ਵਕਫ਼ ਬੋਰਡ ਅਤੇ ਕੇਂਦਰੀ ਵਕਫ਼ ਪ੍ਰੀਸ਼ਦ ਵਿਚ ਹੁਣ ਗੈਰ-ਮੁਸਲਮਾਨਾਂ ਅਤੇ ਔਰਤਾਂ ਨੂੰ ਵੀ ਜਗ੍ਹਾ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਵਾਕ ਮੀਡੀਆ ਤੋਂ ਲਿਆ ਗਿਆ ਹੈ; ਪਿਛਲੇ ਵਾਕ ਵਿਚ ਵੀ ਇਕ ਛਲਾਵਾ ਹੈ। ਅਸਲ ਵਿਚ, ਪਹਿਲਾਂ ਵੀ ਵਕਫ਼ ਬੋਰਡ ਵਿਚ ਘੱਟ ਤੋਂ ਘੱਟ ਦੋ ਔਰਤਾਂ ਨੂੰ ਸ਼ਾਮਲ ਕਰਨ ਦੀ ਵਿਵਸਥਾ ਸੀ, ਹੁਣ ਵੱਧ ਤੋਂ ਵੱਧ ਦੋ ਔਰਤਾਂ ਸ਼ਾਮਲ ਹੋ ਸਕਦੀਆਂ ਹਨ। ਇਸ ਸਪੱਸ਼ਟੀਕਰਨ ਦੀ ਲੋੜ ਇਸ ਲਈ ਹੈ, ਤਾਂ ਜੋ ਤੁਸੀਂ ਜਾਣ ਸਕੋ ਕਿ ਮੁੱਖ ਧਾਰਾ ਦਾ ਮੀਡੀਆ ਕਿਵੇਂ ਭਾਸ਼ਾ ਰਾਹੀਂ ਇਕ ਵਿਸ਼ੇਸ਼ ਪਾਰਟੀ ਦੇ ਪੱਖ ਵਿਚ ਹੇਰਾਫੇਰੀ ਕਰਦਾ ਹੈ।

ਪਹਿਲਾਂ ਇਹ ਸ਼ਰਤ ਸੀ ਕਿ ਵਕਫ਼ ਪ੍ਰੀਸ਼ਦ ਦਾ ਹਰ ਮੈਂਬਰ (ਮੰਤਰੀ ਨੂੰ ਛੱਡ ਕੇ) ਮੁਸਲਮਾਨ ਹੋਣਾ ਚਾਹੀਦਾ ਸੀ, ਪਰ ਹੁਣ ਸੰਸਦ ਮੈਂਬਰ, ਜੱਜ ਜਾਂ ਨਾਮਵਰ ਲੋਕ, ਭਾਵੇਂ ਉਹ ਕਿਸੇ ਵੀ ਧਰਮ ਦੇ ਹੋਣ, ਇਸ ਵਿਚ ਸ਼ਾਮਲ ਹੋ ਸਕਦੇ ਹਨ। ਇੱਥੇ ਇਹ ਧਿਆਨ ਰੱਖਣਾ ਹੋਵੇਗਾ ਕਿ ਹਿੰਦੂਆਂ ਦੇ ਧਰਮਾਰਥ ਟਰੱਸਟਾਂ ਵਿਚ ਮੁਸਲਮਾਨ ਤਾਂ ਛੱਡੋ, ਸਾਰੇ ਵਰਗਾਂ ਦੇ ਹਿੰਦੂ ਵੀ ਸ਼ਾਮਿਲ ਨਹੀਂ ਹੋ ਸਕਦੇ। ਹੁਣ ਇਹ ਸਵਾਲ ਚਰਚਾ ਵਿਚ ਹੈ ਕਿ ਸਰਕਾਰ ਵਕਫ਼ ਬੋਰਡ, ਜੋ ਮੁਸਲਿਮ ਦਾਨੀਆਂ ਦੀ ਜਾਇਦਾਦ ਦੇ ਇੰਤਜ਼ਾਮ ਲਈ ਬਣਾਇਆ ਗਿਆ ਹੈ, ਵਿਚ ਹਿੰਦੂਆਂ ਨੂੰ ਸ਼ਾਮਲ ਕਰਨਾ ਕਿਉਂ ਚਾਹੁੰਦੀ ਹੈ।

ਦੂਜਾ ਵੱਡਾ ਬਦਲਾਅ ਸਰਵੇ ਪ੍ਰਕਿਰਿਆ ਵਿਚ ਹੋਇਆ ਹੈ। ਹੁਣ ਵਕਫ਼ ਜਾਇਦਾਦਾਂ ਦਾ ਸਰਵੇ ਜ਼ਿਲ੍ਹਾ ਕੁਲੈਕਟਰ ਕਰੇਗਾ, ਨਾ ਕਿ ਸਰਵੇਖਣ ਅਧਿਕਾਰੀ। ਯਾਨੀ ਕਿਹੜੀ ਜਾਇਦਾਦ ਵਕਫ਼ ਹੈ ਜਾਂ ਨਹੀਂ, ਹੁਣ ਇਸ ਨੂੰ ਤੈਅ ਸਰਕਾਰੀ ਅਧਿਕਾਰੀ ਕਰੇਗਾ।

ਤੀਜਾ ਵੱਡਾ ਮੁੱਦਾ ਧਾਰਾ 40 ਨੂੰ ਹਟਾਉਣ ਦਾ ਹੈ। ਪਹਿਲਾਂ ਵਕਫ਼ ਬੋਰਡ ਕੋਲ ਇਹ ਤਾਕਤ ਸੀ ਕਿ ਉਹ ਕਿਸੇ ਵੀ ਜਾਇਦਾਦ ਨੂੰ ਵਕਫ਼ ਐਲਾਨ ਕਰ ਸਕਦਾ ਸੀ, ਪਰ ਹੁਣ ਇਹ ਅਧਿਕਾਰ ਰਾਜ ਸਰਕਾਰ ਦੇ ਕਿਸੇ ਨਾਮਜ਼ਦ ਅਧਿਕਾਰੀ ਨੂੰ ਦੇ ਦਿੱਤਾ ਗਿਆ ਹੈ। ਇਸ ਦਾ ਮਤਲਬ ਇਹ ਹੈ ਕਿ ਹੁਣ ਸਰਕਾਰ ਦੀ ਮਨਜ਼ੂਰੀ ਤੋਂ ਬਗੈਰ ਕੋਈ ਜਾਇਦਾਦ ਵਕਫ਼ ਨਹੀਂ ਹੋ ਸਕੇਗੀ। ਇਹ ਅੰਸ਼ ਵੀ ਮੈਂ ਮੀਡੀਆ ਤੋਂ ਲਿਆ ਹੈ।

ਹਕੀਕਤ ਇਹ ਹੈ ਕਿ ਅੱਜ ਵੀ ਸਾਲਾਂ ਪੁਰਾਣੀਆਂ ਬਹੁਤ ਸਾਰੀਆਂ ਵਕਫ਼ ਜਾਇਦਾਦਾਂ ਵਕਫ਼ ਦੇ ਤਹਿਤ ਰਜਿਸਟਰਡ ਨਹੀਂ ਹਨ, ਪਰ ਉਨ੍ਹਾਂ ਦੀ ਵਰਤੋਂ ਕਿਸੇ ਨਾ ਕਿਸੇ ਰੂਪ ਵਿਚ ਵਕਫ਼ ਜਾਇਦਾਦ ਵਜੋਂ ਹੋ ਰਹੀ ਹੈ। ਉੱਪਰਲੇ ਪੈਰੇ ਵਿਚ ਇਸੇ ਤਰ੍ਹਾਂ ਦੀਆਂ ਜਾਇਦਾਦਾਂ ਨੂੰ ਵਕਫ਼ ਐਲਾਨਣ ਦੀ ਗੱਲ ਕੀਤੀ ਜਾ ਰਹੀ ਹੈ। ਅਜਿਹਾ ਨਹੀਂ ਹੈ ਕਿ ਵਕਫ਼ ਦੇ ਲੋਕ ਕੱਲ੍ਹ ਨੀਂਦ ਤੋਂ ਉੱਠ ਕੇ ਕਹਿ ਦੇਣ ਕਿ ਸੰਸਦ ਤਾਂ ਵਕਫ਼ ਜਾਇਦਾਦ ਹੈ ਅਤੇ ਸਾਨੂੰ ਸਾਡੀ ਸੰਸਦ ਤੋਂ ਹੱਥ ਧੋਣਾ ਪਵੇ। ਹਾਲਾਂਕਿ ਨਫ਼ਰਤੀ ਸਿਆਸਤ ਦਾ ਪ੍ਰਚਾਰ ਇਹੀ ਕਰ ਰਿਹਾ ਹੈ।

ਇਸ ਤੋਂ ਇਲਾਵਾ ਵਕਫ਼ ਜਾਇਦਾਦਾਂ ਦੇ ਡਿਜੀਟਲਾਈਜ਼ੇਸ਼ਨ, ਵਿੱਤੀ ਆਡਿਟ, ਕੇਂਦਰੀ ਪੋਰਟਲ ਅਤੇ ਪਾਰਦਰਸ਼ੀ ਇੰਤਜ਼ਾਮ ਦੇ ਨਾਂਅ 'ਤੇ ਕਈ ਨਵੇਂ ਪ੍ਰਬੰਧ ਲਿਆਂਦੇ ਗਏ ਹਨ, ਪਰ ਜੋ ਗੱਲ ਸਭ ਤੋਂ ਵੱਧ ਚਿੰਤਾ ਦੀ ਵਜ੍ਹਾ ਬਣੀ, ਉਹ ਇਹ ਹੈ ਕਿ ਹੁਣ ਵਕਫ਼ ਟ੍ਰਿਬਿਊਨਲ ਵਿਚ ਮੁਸਲਮਾਨਾਂ ਨੂੰ ਕਾਨੂੰਨ ਦੀ ਸਮਝ ਰੱਖਣ ਵਾਲੇ ਮੈਂਬਰ ਦੀ ਜਗ੍ਹਾ ਇਕ ਜ਼ਿਲ੍ਹਾ ਜੱਜ ਅਤੇ ਇਕ ਸੰਯੁਕਤ ਸਕੱਤਰ ਰੈਂਕ ਦਾ ਅਧਿਕਾਰੀ ਨਿਯੁਕਤ ਕੀਤਾ ਜਾਵੇਗਾ। ਇਸ ਨਾਲ ਮੁਸਲਿਮ ਪਰਸਨਲ ਲਾਅ ਦੇ ਜਾਣਕਾਰਾਂ ਦੀ ਭੂਮਿਕਾ ਲੱਗਭੱਗ ਖ਼ਤਮ ਹੋ ਜਾਵੇਗੀ।

ਅਤੇ ਸ਼ਾਇਦ ਸਭ ਤੋਂ ਵੱਧ ਵਿਵਾਦ ਖੜ੍ਹਾ ਕਰਨ ਵਾਲਾ ਨਿਯਮ ਇਹ ਹੈ ਕਿ ਜੇਕਰ ਕੋਈ ਵਿਅਕਤੀ ਕਿਸੇ ਵਕਫ਼ ਜਾਇਦਾਦ 'ਤੇ 12 ਸਾਲ ਤੋਂ ਵੱਧ ਸਮੇਂ ਤੋਂ ਕਾਬਜ਼ ਹੈ ਤਾਂ ਹੁਣ ਉਸ ਨੂੰ ਮਾਲਕਾਨਾ ਹੱਕ ਵੀ ਮਿਲ ਸਕਦਾ ਹੈ। ਇਸ ਪ੍ਰਬੰਧ ਨੂੰ ਮੁਸਲਮਾਨਾਂ ਨੇ ਸਿੱਧੇ ਤੌਰ 'ਤੇ ਵਕਫ਼ ਜਾਇਦਾਦਾਂ 'ਤੇ ਹਮਲੇ ਵਜੋਂ ਦੇਖਿਆ ਹੈ।

ਇਸ ਤੋਂ ਇਲਾਵਾ ਵਕਫ਼ ਬੋਰਡ ਵਿਚ ਦੋ ਔਰਤਾਂ ਦੀ ਲਾਜ਼ਮੀ ਨਿਯੁਕਤੀ ਅਤੇ ਬੋਹਰਾ, ਆਗਾਖਾਨੀ ਵਰਗੇ ਹੋਰ ਸਮੁਦਾਇ ਲਈ ਵੱਖਰੇ ਵਕਫ਼ ਬੋਰਡ ਬਣਾਉਣ ਦਾ ਪ੍ਰਬੰਧ ਵੀ ਇਸ ਸੋਧ ਵਿਚ ਸ਼ਾਮਲ ਹੈ।

ਹੁਣ ਜਦੋਂ ਏਨਾ ਕੁਝ ਬਦਲ ਗਿਆ ਹੈ ਤਾਂ ਸਵਾਲ ਉੱਠਦਾ ਹੈ—ਕੀ ਇਹ ਸਭ ਸੰਵਿਧਾਨ ਦੇ ਅਨੁਸਾਰ ਹੈ? ਕਈ ਪਟੀਸ਼ਨ-ਕਰਤਾਵਾਂ ਦਾ ਜਵਾਬ ਹੈ—ਨਹੀਂ। ਉਨ੍ਹਾਂ ਨੇ ਸੁਪਰੀਮ ਕੋਰਟ ਵਿਚ ਜਾ ਕੇ ਇਹ ਕਿਹਾ ਕਿ ਵਕਫ਼ ਸੋਧ ਕਾਨੂੰਨ, 2025 ਭਾਰਤ ਦੇ ਸੰਵਿਧਾਨ ਦੇ ਕਈ ਆਰਟੀਕਲ ਦੀ ਉਲੰਘਣਾ ਕਰਦਾ ਹੈ।

ਆਰਟੀਕਲ 14 ਦੇ ਤਹਿਤ ਹਰ ਨਾਗਰਿਕ ਨੂੰ ਸਮਾਨਤਾ ਦਾ ਹੱਕ ਹੈ। ਪਟੀਸ਼ਨ-ਕਰਤਾਵਾਂ ਦਾ ਕਹਿਣਾ ਹੈ ਕਿ ਜੇਕਰ ਹਿੰਦੂ ਮੰਦਰ ਟਰੱਸਟਾਂ ਜਾਂ ਚਰਚ ਬੋਰਡਾਂ ਵਿਚ ਇਸ ਤਰ੍ਹਾਂ ਦਾ ਕੋਈ ਬਦਲਾਅ ਨਹੀਂ ਹੋਇਆ, ਤਾਂ ਸਿਰਫ਼ ਵਕਫ਼ ਕਾਨੂੰਨ ਵਿਚ ਹੀ ਕਿਉਂ? ਕੀ ਇਹ ਮੁਸਲਮਾਨਾਂ ਨਾਲ ਵਿਤਕਰਾ ਨਹੀਂ ਹੈ?

ਆਰਟੀਕਲ 15 ਧਰਮ ਦੇ ਆਧਾਰ 'ਤੇ ਵਿਤਕਰੇ ਦੀ ਮਨਾਹੀ ਕਰਦਾ ਹੈ, ਪਰ ਇਹ ਸੋਧ ਸਿੱਧੇ ਤੌਰ 'ਤੇ ਮੁਸਲਮਾਨਾਂ ਦੀਆਂ ਧਾਰਮਿਕ ਜਾਇਦਾਦਾਂ ਨੂੰ ਨਿਸ਼ਾਨਾ ਬਣਾਉਂਦੀ ਹੈ। ਹੋਰ ਫਿਰਕਿਆਂ ਨੂੰ ਕੋਈ ਫਰਕ ਨਹੀਂ ਪਿਆ, ਸਿਰਫ਼ ਵਕਫ਼ ਜਾਇਦਾਦਾਂ ਹੀ ਨਿਸ਼ਾਨੇ 'ਤੇ ਹਨ।

ਆਰਟੀਕਲ 25 ਧਾਰਮਿਕ ਆਜ਼ਾਦੀ ਦਾ ਹੱਕ ਦਿੰਦਾ ਹੈ, ਪਰ ਜੇਕਰ ਵਕਫ਼ ਜਾਇਦਾਦਾਂ ਦੇ ਫ਼ੈਸਲੇ ਹੁਣ ਕੁਲੈਕਟਰ (ਡੀ ਸੀ) ਕਰੇਗਾ, ਤਾਂ ਕੀ ਇਹ ਧਾਰਮਿਕ ਮਾਮਲਿਆਂ ਵਿਚ ਸਰਕਾਰੀ ਦਖ਼ਲ ਨਹੀਂ ਹੋਵੇਗਾ?

ਆਰਟੀਕਲ 26 ਧਾਰਮਿਕ ਸੰਸਥਾਵਾਂ ਨੂੰ ਆਪਣੇ ਧਾਰਮਿਕ ਮਾਮਲਿਆਂ ਦਾ ਇੰਤਜ਼ਾਮ ਖ਼ੁਦ ਕਰਨ ਦਾ ਅਧਿਕਾਰ ਦਿੰਦਾ ਹੈ, ਪਰ ਜੇਕਰ ਗੈਰ-ਮੁਸਲਿਮ ਮੈਂਬਰਾਂ ਨੂੰ ਵਕਫ਼ ਬੋਰਡ ਵਿਚ ਸ਼ਾਮਿਲ ਕੀਤਾ ਜਾਵੇਗਾ, ਤਾਂ ਕੀ ਇਹ ਉਸ ਹੱਕ ਵਿਚ ਸਿੱਧਾ ਦਖ਼ਲ ਨਹੀਂ ਹੈ?

ਆਰਟੀਕਲ 29 ਘੱਟ ਗਿਣਤੀਆਂ ਨੂੰ ਆਪਣੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਬਣਾਈ ਰੱਖਣ ਦਾ ਅਧਿਕਾਰ ਦਿੰਦਾ ਹੈ। ਪਰ ਇਹ ਸੋਧ ਉਸ ਪਛਾਣ ਨੂੰ ਹੀ ਕਮਜ਼ੋਰ ਕਰਦੀ ਹੈ।

ਆਰਟੀਕਲ 300 ਏ ਜਾਇਦਾਦ ਦੇ ਹੱਕ ਦੀ ਗੱਲ ਕਰਦਾ ਹੈ। ਪਰ ਜੇਕਰ ਕੋਈ 12 ਸਾਲ ਤੋਂ ਕਬਜ਼ਾ ਕਰਕੇ ਬੈਠਾ ਹੈ ਅਤੇ ਉਸ ਨੂੰ ਮਾਲਕਾਨਾ ਹੱਕ ਮਿਲ ਜਾਵੇ, ਤਾਂ ਇਹ ਵਕਫ਼ ਦੀ ਮਾਲਕੀਅਤ 'ਤੇ ਹਮਲਾ ਨਹੀਂ ਤਾਂ ਹੋਰ ਕੀ ਹੈ?

ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ ਹੁਣ ਸੁਪਰੀਮ ਕੋਰਟ ਵਿਚ ਲੱਭੇ ਜਾ ਰਹੇ ਹਨ। 15 ਅਪ੍ਰੈਲ ਨੂੰ ਸੁਪਰੀਮ ਕੋਰਟ ਨੇ ਇਨ੍ਹਾਂ ਪਟੀਸ਼ਨਾਂ 'ਤੇ ਸੁਣਵਾਈ ਸ਼ੁਰੂ ਕੀਤੀ ਅਤੇ ਕੁਝ ਅੰਤਰਿਮ ਫ਼ੈਸਲੇ ਵੀ ਦਿੱਤੇ। ਸਭ ਤੋਂ ਪਹਿਲੀ ਗੱਲ, ਅਦਾਲਤ ਨੇ ਗੈਰ-ਮੁਸਲਿਮ ਮੈਂਬਰਾਂ ਦੀ ਨਿਯੁਕਤੀ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ। ਦੂਜੀ ਅਹਿਮ ਗੱਲ ਇਹ ਕਿ ਅਦਾਲਤ ਨੇ ਵਕਫ਼ ਬਾਇ ਯੂਜ਼ਰ ਦੀ ਪਰੰਪਰਾ ਨੂੰ ਕਾਇਮ ਰੱਖਿਆ, ਯਾਨੀ ਜੋ ਜ਼ਮੀਨਾਂ ਸਾਲਾਂ ਤੋਂ ਮਸਜਿਦ, ਮਦਰੱਸੇ, ਜਾਂ ਕਬਰਿਸਤਾਨ ਵਜੋਂ ਵਰਤੋਂ ਵਿਚ ਆ ਰਹੀਆਂ ਹਨ, ਉਨ੍ਹਾਂ ਨੂੰ ਵਕਫ਼ ਹੀ ਮੰਨਿਆ ਜਾਵੇਗਾ। ਤੀਜੀ ਗੱਲ, ਜਦੋਂ ਤੱਕ ਫ਼ੈਸਲਾ ਨਹੀਂ ਆਉਂਦਾ, ਓਦੋਂ ਤੱਕ ਕਿਸੇ ਵੀ ਵਕਫ਼ ਜਾਇਦਾਦ ਦੀ ਸਥਿਤੀ ਵਿਚ ਕੋਈ ਬਦਲਾਅ ਨਹੀਂ ਹੋਵੇਗਾ, ਅਤੇ ਅੰਤ ਵਿਚ ਅਦਾਲਤ ਨੇ ਕੇਂਦਰ ਸਰਕਾਰ ਤੋਂ ਸਾਰੇ ਸੰਵਿਧਾਨਕ ਮੁੱਦਿਆਂ 'ਤੇ ਵਿਸਤਾਰਤ ਜਵਾਬ ਮੰਗੇ ਹਨ।

ਇਨ੍ਹਾਂ ਅੰਤਰਿਮ ਫ਼ੈਸਲਿਆਂ ਨਾਲ ਮੁਸਲਿਮ ਸਮਾਜ ਨੂੰ ਕੁਝ ਰਾਹਤ ਜ਼ਰੂਰ ਮਿਲੀ ਹੈ, ਪਰ ਲੜਾਈ ਅਜੇ ਬਾਕੀ ਹੈ। ਅਦਾਲਤ ਨੇ ਸਾਫ਼ ਕਿਹਾ ਹੈ ਕਿ ਉਹ ਕਾਹਲੀ ਵਿਚ ਕੋਈ ਫ਼ੈਸਲਾ ਨਹੀਂ ਲਵੇਗੀ, ਬਲਕਿ ਕੇਂਦਰ ਨੂੰ ਆਪਣੀਆਂ ਦਲੀਲਾਂ ਪੇਸ਼ ਕਰਨ ਦਾ ਪੂਰਾ ਮੌਕਾ ਦੇਵੇਗੀ।

ਹੁਣ ਜਦੋਂ ਇਹ ਮਾਮਲਾ ਸੁਪਰੀਮ ਕੋਰਟ ਵਿਚ ਹੈ ਤਾਂ ਇਸ ਦਾ ਅਸਰ ਪੂਰੇ ਦੇਸ਼ ਦੀ ਸਿਆਸਤ 'ਤੇ ਵੀ ਪੈ ਰਿਹਾ ਹੈ। ਵਿਰੋਧੀ ਪਾਰਟੀਆਂ ਇਸ ਮੁੱਦੇ ਨੂੰ ਲੈ ਕੇ ਮੋਦੀ ਸਰਕਾਰ 'ਤੇ ਹਮਲਾਵਰ ਹਨ ਅਤੇ ਮੁਸਲਿਮ ਜਥੇਬੰਦੀਆਂ ਇਸ ਨੂੰ ਆਪਣੇ ਧਾਰਮਿਕ ਹੱਕਾਂ 'ਤੇ ਹਮਲਾ ਮੰਨ ਰਹੀਆਂ ਹਨ। ਇਹ ਬਹਿਸ ਸਿਰਫ਼ ਇਕ ਕਾਨੂੰਨ ਦੀ ਨਹੀਂ, ਬਲਕਿ ਘੱਟਗਿਣਤੀਆਂ ਦੀ ਧਾਰਮਿਕ ਪਛਾਣ, ਉਨ੍ਹਾਂ ਦੀਆਂ ਜਾਇਦਾਦਾਂ ਦੀ ਹਿਫ਼ਾਜ਼ਤ ਅਤੇ ਭਾਰਤ ਦੇ ਧਰਮਨਿਰਪੱਖ ਢਾਂਚੇ ਦੀ ਅਸਲੀਅਤ ਦੀ ਵੀ ਹੈ।

ਜਿਸ ਤਰ੍ਹਾਂ ਨਾਲ ਵਕਫ਼ ਸੋਧ ਕਾਨੂੰਨ ਆਇਆ ਹੈ ਅਤੇ ਜਿਸ ਅੰਦਾਜ਼ ਵਿਚ ਇਸ ਦੀਆਂ ਵਿਵਸਥਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ, ਉਸ ਤੋਂ ਇਹੀ ਲੱਗਦਾ ਹੈ ਕਿ ਮਾਮਲਾ ਸਿਰਫ਼ ਸੁਧਾਰ ਜਾਂ ਪਾਰਦਰਸ਼ਤਾ ਦਾ ਨਹੀਂ ਹੈ। ਇਹ ਸੱਤਾ ਦੀ ਉਸ ਸੋਚ ਨੂੰ ਵੀ ਜ਼ਾਹਿਰ ਕਰਦਾ ਹੈ, ਜੋ ਧਾਰਮਿਕ ਆਜ਼ਾਦੀ ਅਤੇ ਸੱਭਿਆਚਾਰਕ ਅਧਿਕਾਰਾਂ ਨੂੰ ਪ੍ਰਸ਼ਾਸਨਿਕ ਸੁਧਾਰ ਦੇ ਨਾਂਅ 'ਤੇ ਸੀਮਿਤ ਕਰਨਾ ਚਾਹੁੰਦੀ ਹੈ।

ਪਰ ਕੀ ਭਾਰਤ ਵਰਗੇ ਵੰਨ-ਸੁਵੰਨਤਾ ਵਾਲੇ ਲੋਕਤੰਤਰ ਵਿਚ ਇਹ ਸੰਭਵ ਹੈ? ਕੀ ਅਦਾਲਤਾਂ ਅਤੇ ਅਵਾਮ ਇਸ ਨੂੰ ਚੁੱਪਚਾਪ ਸਵੀਕਾਰ ਕਰ ਲੈਣਗੇ? ਕੀ ਮੁਸਲਮਾਨ ਆਪਣੇ ਧਾਰਮਿਕ ਅਧਿਕਾਰਾਂ ਦੀ ਸੁਰੱਖਿਆ ਕਰ ਸਕਣਗੇ ਜਾਂ ਇਹ ਵੀ ਇਕ ਲੰਮੀ ਅਦਾਲਤੀ ਲੜਾਈ ਵਿਚ ਦੱਬ ਜਾਵੇਗਾ?

ਸਵਾਲ ਬਹੁਤ ਹਨ, ਜਵਾਬ ਹੌਲੀ-ਹੌਲੀ ਸਾਹਮਣੇ ਆਉਣਗੇ, ਪਰ ਇਹ ਤੈਅ ਹੈ ਕਿ ਵਕਫ਼ ਕਾਨੂੰਨ 'ਤੇ ਇਹ ਬਹਿਸ ਭਾਰਤ ਦੇ ਸੰਵਿਧਾਨ, ਧਰਮ ਨਿਰਪੱਖਤਾ ਅਤੇ ਘੱਟਗਿਣਤੀਆਂ ਦੇ ਅਧਿਕਾਰਾਂ ਲਈ ਇਕ ਕਸੌਟੀ ਬਣ ਚੁੱਕੀ ਹੈ।

# ਪੰਜਾਬ ਸਰਕਾਰ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰੇਗੀ : ਜੌੜਾਮਾਜਰਾ

● ਵਿਧਾਇਕ ਜੌੜਾਮਾਜਰਾ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਮਾਣਾ ਦੇ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ



**ਸਮਾਣਾ (ਗੁਰਪਿਆਰ ਸਿੰਘ ਚੱਲ)**- ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਜਿਹੜੇ ਸਰਕਾਰੀ ਸਕੂਲਾਂ ਵੱਲ ਕਦੇ ਪਿਛਲੀਆਂ ਸਰਕਾਰਾਂ ਨੇ ਧਿਆਨ ਨਹੀਂ ਦਿੱਤਾ, ਉਨ੍ਹਾਂ ਸਕੂਲਾਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਮੌਜੂਦਾ ਪੰਜਾਬ ਸਰਕਾਰ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਕਰਵਾਏ ਹਨ।ਸਮਾਣਾ ਹਲਕੇ ਦੇ ਸਕੂਲਾਂ ਸਰਕਾਰੀ ਹਾਈ ਸਕੂਲ ਕਰਹਾਲੀ ਸਾਹਿਬ, ਸਰਕਾਰੀ ਐਲੀਮੈਂਟਰੀ ਸਕੂਲ ਖੇੜਕੀ ਅਤੇ ਰੇਦਾਂ ਵਿਖੇ ਕਰਵਾਏ ਗਏ ਵੱਖ-ਵੱਖ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ।ਵਿਧਾਇਕ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬੀੜਾ ਉਠਾਇਆ ਹੈ ਕਿ ਸਰਕਾਰੀ ਸਕੂਲਾਂ ਵਿਖੇ ਪੜ੍ਹਦੇ ਵਿਦਿਆਰਥੀਆਂ ਨੂੰ ਭਾਰੀ ਬਸਤਿਆਂ ਤੋਂ ਨਿਜਾਤ ਦਿਵਾ ਕੇ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਵਾਈ ਜਾਵੇ।ਉਨ੍ਹਾਂ ਕਿਹਾ ਕਿ ਇਸ ਪੰਜਾਬ ਸਿੱਖਿਆ ਕ੍ਰਾਂਤੀ ਦੇ ਚਲਦਿਆਂ ਹੀ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਸਿੱਖਿਆ ਦੇ ਨਾਲ-ਨਾਲ ਖੇਡਾਂ ਤੇ ਹੋਰ ਖੇਤਰਾਂ ਵਿੱਚ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਮੱਲਾਂ ਮਾਰ ਰਹੇ ਹਨ।ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਨੂੰ ਦੇਸ਼ ਦੇ ਵਧੀਆ ਸਕੂਲ ਬਣਾ ਦਿੱਤੇ ਹਨ। ਉਨ੍ਹਾਂ ਕਿਹਾ ਕਿ ਰਾਜ ਦੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਮਿਆਰੀ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਅਧਿਆਪਕ, ਵਿਦਿਆਰਥੀ, ਮਾਪੇ ਤੇ ਹੋਰ ਪਤਵੰਤੇ ਮੌਜੂਦ ਸਨ।

# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਸਨਮਾਨ ਸਮਾਰੋਹ ਦਾ ਆਯੋਜਨ

**ਦੋਰਾਹਾ (ਹਰਮਿੰਦਰ ਸੇਠ)** ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਦੇ ਐੱਨ ਐੱਸ ਐੱਸ ਯੂਨਿਟ ਅਤੇ ਈਕੋ ਕਲੱਬ ਵੱਲੋਂ ਸੀ ਆਈ ਆਈ ਫਾਊਂਡੇਸ਼ਨ ਅਤੇ ਐੱਚ ਡੀ ਐੱਫ ਸੀ ਬੈਂਕ ਦੇ ਸਹਿਯੋਗ ਨਾਲ ਐੱਨ ਐੱਸ ਐੱਸ ਵਲੰਟੀਅਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ. ਹਰਪ੍ਰਤਾਪ ਸਿੰਘ ਬਰਾੜ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਹ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਡੀਨ ਐਕਸਟੈਂਸ਼ਨ ਸੈੱਲ ਡਾ. ਲਵਲੀਨ ਬੈਂਸ ਦੀ ਅਗਵਾਈ ਹੇਠ ਕਾਲਜ ਵੱਲੋਂ ਸੀ ਆਈ ਆਈ ਫਾਊਂਡੇਸ਼ਨ ਅਤੇ ਐੱਚ ਡੀ ਐੱਫ ਸੀ ਬੈਂਕ ਦੇ ਸਹਿਯੋਗ ਨਾਲ ਦੋਰਾਹਾ ਤੇ ਖੰਨਾ ਇਲਾਕੇ ਦੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਬਾਰੇ ਜਾਗਰੂਕ ਕਰਨ ਦੀ ਮੁਹਿੰਮ ਚਲਾਈ ਜਾ ਰਹੀ ਹੈ।ਇਸ ਮੁਹਿੰਮ ਤਹਿਤ ਕਾਲਜ ਦੇ ਵਲੰਟੀਅਰ ਵਿਦਿਆਰਥੀਆਂ ਨੇ ਸੀ ਆਈ ਆਈ ਫਾਊਂਡੇਸ਼ਨ ਅਤੇ ਐੱਚ ਡੀ ਐੱਫ ਸੀ ਬੈਂਕ ਦੀ ਟੀਮ ਨਾਲ ਮਿਲ ਕੇ ਦੋਰਾਹਾ ਤੇ ਖੰਨਾ ਇਲਾਕੇ ਵਿੱਚ ਵੱਖ-ਵੱਖ ਪਿੰਡਾਂ ਅਤੇ ਥਾਵਾਂ 'ਤੇ ਰੈਲੀਆਂ ਤੇ ਨੁੱਕੜ ਨਾਟਕਾਂ ਰਾਹੀਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਬਾਰੇ ਸੁਚੇਤ ਕੀਤਾ।ਕਾਲਜ ਦੇ ਇਨ੍ਹਾਂ ਵਲੰਟੀਅਰ ਵਿਦਿਆਰਥੀਆਂ ਦੇ ਪਰਾਲੀ ਪ੍ਰਬੰਧਨ 'ਚ ਪਾਏ ਯੋਗਦਾਨ ਨੂੰ ਮੁੱਖ ਰੱਖਦਿਆਂ ਸੀ ਆਈ ਆਈ ਫਾਊਂਡੇਸ਼ਨ ਅਤੇ ਐੱਚ ਡੀ ਐੱਫ ਸੀ ਬੈਂਕ ਵੱਲੋਂ ਹਰਪ੍ਰੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਕਾਲਜ ਪਹੁੰਚਿਆ। ਸਮਾਰੋਹ ਦੇ ਸ਼ੁਰੂਆਤ 'ਚ ਡਾ. ਗੁਰਪ੍ਰੀਤ ਸਿੰਘ ਨੇ ਮੁੱਖ ਮਹਿਮਾਨ ਸ. ਹਰਪ੍ਰਤਾਪ ਸਿੰਘ ਬਰਾੜ ਅਤੇ ਸੀ ਆਈ ਆਈ ਫਾਊਂਡੇਸ਼ਨ ਵੱਲੋਂ ਪਹੁੰਚੀ ਟੀਮ ਦਾ ਸਵਾਗਤ ਕੀਤਾ।ਇਸ ਮੌਕੇ ਡਾ.



ਲਵਲੀਨ ਬੈਂਸ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਾਲਜ ਦੁਆਰਾ ਸੀ ਆਈ ਆਈ ਫਾਊਂਡੇਸ਼ਨ ਅਤੇ ਐੱਚ ਡੀ ਐੱਫ ਸੀ ਬੈਂਕ ਦੇ ਸਹਿਯੋਗ ਨਾਲ ਪਰਾਲੀ ਪ੍ਰਬੰਧਨ ਲਈ ਕੀਤੇ ਗਏ ਉੱਦਮਾਂ ਬਾਰੇ ਜਾਣਕਾਰੀ ਦਿੱਤੀ।ਹਰਪ੍ਰੀਤ ਸਿੰਘ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਵਿਦਿਆਰਥੀਆਂ ਦੀ ਅਜਿਹੇ ਉੱਦਮ ਲਈ ਸ਼ਲਾਘਾ ਕੀਤੀ।ਐੱਨ ਐੱਸ ਐੱਸ ਵਾਲੰਟੀਅਰ ਨਵਨੀਤ ਕੌਰ ਨੇ ਜਾਗਰੂਕਤਾ ਗਤੀਵਿਧੀਆਂ ਬਾਰੇ ਆਪਣੇ ਅਨੁਭਵ ਸਾਰਿਆਂ ਨਾਲ ਸਾਂਝੇ ਕੀਤੇ।ਇਸ ਮੌਕੇ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ. ਹਰਪ੍ਰਤਾਪ ਸਿੰਘ ਬਰਾੜ, ਕਾਲਜ ਪ੍ਰਿੰਸੀਪਲ, ਡੀਨ ਐਕਸਟੈਂਸ਼ਨ ਸੈੱਲ, ਸੀ ਆਈ ਆਈ ਫਾਊਂਡੇਸ਼ਨ ਅਤੇ ਐੱਚ ਡੀ ਐੱਫ ਸੀ ਬੈਂਕ ਤੋਂ ਹਰਪ੍ਰੀਤ ਸਿੰਘ ਅਤੇ ਅਧਿਆਪਕ ਸਾਹਿਬਾਨ ਵੱਲੋਂ ਵਲੰਟੀਅਰ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਮੰਚ ਸੰਚਾਲਨ ਦੀ ਭੂਮਿਕਾ ਡਾ. ਗੁਰਪ੍ਰੀਤ ਸਿੰਘ ਨੇ ਅਦਾ ਕੀਤੀ। ਇਸ ਮੌਕੇ ਪ੍ਰੋਗਰਾਮ ਅਫ਼ਸਰ ਡਾ. ਅਮਨਦੀਪ ਕੌਰ ਚੀਮਾਂ ਅਤੇ ਦਵਿੰਦਰ ਸਿੰਘ ਹਾਜ਼ਰ ਸਨ। ਸਨਮਾਨ ਸਮਾਰੋਹ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸਮੁੱਚੀ ਟੀਮ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਮੁਬਾਰਕਬਾਦ ਕੀਤੀ।

# ਸੀਨੀਅਰ ਐਡਵੋਕੇਟ ਰਾਠੌਰ ਦੀ ਮੌਤ 'ਤੇ ਦੁੱਖ ਦਾ ਪ੍ਰਗਟ

**ਨਿਹਾਲ ਸਿੰਘ ਵਾਲਾ (ਜਵਲੀ ਮਾਹਿਕੇ)**- ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਬਾਰ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਐਡਵੋਕੇਟ ਜੀ ਬੀ ਐੱਸ ਗੋਇਲ ਨੇ ਦੱਸਿਆ ਕੇ ਬੀਤੇ ਦਿਨੀਂ ਬਾਰ ਕੌਂਸਲ ਆਫ ਇੰਡੀਆ ਦੇ ਸੀਨੀਅਰ ਮੈਂਬਰ ਜੁਗਿੰਦਰ ਸਿੰਘ ਰਾਠੌਰ ਅਕਾਲ ਚਲਾਣਾ ਕਰ ਗਏ ਹਨ।ਇਸ ਸੰਬੰਧੀ ਹਾਈ ਕੋਰਟ ਬਾਰ ਐਸੋਸੀਏਸ਼ਨ ਵੱਲੋਂ ਇਕ ਐਮਰਜੈਂਸੀ ਮੀਟਿੰਗ ਰੱਖੀ ਗਈ, ਜਿਸ ਵਿੱਚ ਸਾਰੇ ਮੈਂਬਰਾਂ ਨੇ ਉਨ੍ਹਾਂ ਦੀ ਬੇਵਕਤੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ।ਇਸ ਮੀਟਿੰਗ ਵਿੱਚ ਸਾਰੇ ਮੈਂਬਰਾਂ ਤੇ ਸਟਾਫ ਵੱਲੋਂ ਦੋ ਮਿੰਟ ਦਾ ਮੌਨ ਰੱਖਿਆ ਗਿਆ।ਐਡਵੋਕੇਟ ਗੋਇਲ ਨੇ ਦੱਸਿਆ ਕਿ ਉਹ ਬਾਰ ਕੌਂਸਲ ਆਫ ਇੰਡੀਆ ਵਿੱਚ ਬਹੁਤ ਹੀ ਵੱਕਾਰੀ ਅਹੁਦਿਆਂ 'ਤੇ ਸੇਵਾ ਨਿਭਾਉਂਦੇ ਆ ਰਹੇ ਹਨ।ਉਹ ਬਾਰ ਕੌਂਸਲ ਆਫ ਇੰਡੀਆ ਦੇ ਵਾਇਸ ਚੇਅਰਮੈਨ ਵੀ ਰਹਿ ਚੁੱਕੇ ਹਨ ਤੇ ਤਿੰਨ ਤੋਂ ਸੀਨੀਅਰ ਮੈਂਬਰ ਸਨ।ਐਡਵੋਕੇਟ ਰਾਠੌਰ ਦੇ ਅਚਾਨਕ ਦੇਹਾਂਤ ਨਾਲ ਬਾਰ ਦੇ ਸਾਰੇ ਮੈਂਬਰਾਂ ਨੂੰ ਵੱਡਾ ਝਟਕਾ ਲੱਗਿਆ ਹੈ।



# ਬੀ ਐੱਸ ਸੀ ਭਾਗ ਤੀਜ ਦੇ ਵਿਦਿਆਰਥੀਆਂ ਲਈ ਵਿਦਾਇਗੀ ਪਾਰਟੀ ਦਾ ਭਾਵਪੂਰਕ ਆਯੋਜਨ



**ਤਲਵੰਡੀ ਸਾਬੋ (ਜਗਦੀਪ ਗਿੱਲ)**- ਯਾਦਵਿੰਦਰਾ ਸਾਇੰਸਿਜ਼ ਵਿਭਾਗ, ਪੰਜਾਬੀ ਯੂਨੀਵਰਸਿਟੀ ਕੈਂਪਸ ਤਲਵੰਡੀ ਸਾਬੋ ਦੇ ਬੀ ਐੱਸ ਸੀ ਭਾਗ ਤੀਜਾ ਨੂੰ ਜੂਨੀਅਰ ਵਿਦਿਆਰਥੀਆਂ ਵੱਲੋਂ ਲੰਘੀ 17 ਅਪ੍ਰੈਲ ਨੂੰ ਇੱਕ ਸ਼ਾਨਦਾਰ ਵਿਦਾਇਗੀ ਪਾਰਟੀ ਦਿੱਤੀ ਗਈ, ਜਿਸ ਦਾ ਆਯੋਜਨ ਕੋਆਰਡੀਨੇਟਰ ਡਾ. ਜੋਜੀਵ ਮਹਿਤਾ, ਕੋ-ਕੋਆਰਡੀਨੇਟਰ ਡਾ. ਬਲਜਿੰਦਰ ਕੌਰ, ਡਾ. ਅੰਜੂ ਸੈਣੀ ਅਤੇ ਡਾ. ਵਰਿੰਦਰ ਵਾਲੀਆ ਦੀ ਦੇਖ-ਰੇਖ ਹੇਠ ਕਰਵਾਇਆ ਗਿਆ।ਇਸ ਪ੍ਰੋਗਰਾਮ ਦੀ ਸ਼ੁਰੂਆਤ ਜੋਤੀ ਪਰਜਵਲਿਤ ਕਰਨ ਨਾਲ ਹੋਈ।ਪ੍ਰੋਗਰਾਮ ਦੌਰਾਨ ਵੱਖ-ਵੱਖ ਸੱਭਿਆਚਾਰਕ ਗਤੀਵਿਧੀਆਂ ਜਿਹਨਾਂ ਵਿੱਚ ਗਿੱਧਾ, ਭੰਗੜਾ, ਕੋਰੀਓਗ੍ਰਾਫੀ, ਰੈਂਪ ਵਾਕ, ਸੋਲੋ ਸੌਂਗ ਤੇ ਕਵਿਤਾ ਗਾਇਨ ਆਦਿ 'ਚ ਵਿਦਿਆਰਥੀਆਂ ਨੇ ਪੂਰੇ ਜੋਸ਼ ਨਾਲ ਹਿੱਸਾ ਲਿਆ।ਪ੍ਰਦਰਸ਼ਨ ਦੇ ਅਧਾਰ 'ਤੇ ਅਤੇ ਅਖੀਰ 'ਚ ਜੱਜ ਸਹਿਬਾਨ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬਾਂ 'ਤੇ ਅਧਾਰਿਤ ਬੀ ਐੱਸ ਸੀ ਫਾਈਨਲ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਟਾਈਟਲਾਂ ਨਾਲ ਨਿਵਾਜਿਆ ਗਿਆ। ਮਨਪ੍ਰੀਤ ਸਿੰਘ ਨੂੰ ਮਿਸਟਰ ਫੇਅਰਵੈੱਲ ਅਤੇ ਖ਼ੁਸ਼ਪ੍ਰੀਤ ਕੌਰ ਨੂੰ ਮਿਸ ਫੇਅਰਵੈੱਲ ਦੇ ਤਾਜ ਨਾਲ ਸਨਮਾਨੇ ਗਏ, ਜਦੋਂ ਕਿ ਰਜਿੰਦਰ ਸਿੰਘ ਨੂੰ ਮਿਸਟਰ ਹੈਂਡਸਮ ਅਤੇ ਪ੍ਰਦੀਪ ਕੌਰ ਨੂੰ ਮਿਸ ਚਾਰਮਿੰਗ ਚੁਣਿਆ ਗਿਆ।ਜਸਪ੍ਰੀਤ ਕੌਰ, ਰਾਜਵੀਰ ਕੌਰ ਅਤੇ ਸ਼ੀਤਲ ਨੂੰ ਬੈਸਟ ਪਰਫੋਮਰ ਦੇ ਅਵਾਰਡ ਨਾਲ ਨਿਵਾਜਿਆ ਗਿਆ।ਵਿਭਾਗ ਦੇ ਮੁਖੀ ਡਾ. ਪ੍ਰੀਤੀ ਬਾਂਸਲ ਨੇ ਆਪਣੇ ਸੰਬੋਧਨ 'ਚ ਵਿਦਿਆਰਥੀਆਂ ਨੂੰ ਸਫ਼ਲ ਭਵਿੱਖ ਲਈ ਸ਼ੁਭ ਇੱਛਾਵਾਂ ਦਿੱਤੀਆਂ। ਉਹਨਾਂ ਨੇ ਆਰਗੇਨਾਈਜ਼ਿੰਗ ਟੀਮ ਦਾ ਸ਼ਾਨਦਾਰ ਪਾਰਟੀ ਦੇ ਆਯੋਜਨ ਕਰਨ ਪਿੱਛੇ ਕੀਤੀ ਮਿਹਨਤ ਲਈ ਧੰਨਵਾਦ ਕੀਤਾ।ਇਸ ਮੌਕੇ ਕੈਂਪਸ ਡਾਇਰੈਕਟਰ ਡਾ. ਕਮਲਜੀਤ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਪ੍ਰੋਗਰਾਮ ਦੌਰਾਨ ਵਿਭਾਗ ਦੇ ਸਮੂਹ ਸਟਾਫ, ਅਧਿਆਪਨ ਤੇ ਗੈਰ ਅਧਿਆਪਨ ਅਮਲੇ ਨੇ ਸ਼ਿਰਕਤ ਕੀਤੀ। ਕੈਂਪਸ ਡਾਇਰੈਕਟਰ ਡਾ. ਕਮਲਜੀਤ ਸਿੰਘ ਅਤੇ ਵਿਭਾਗ ਮੁਖੀ ਡਾ. ਪ੍ਰੀਤੀ ਬਾਂਸਲ ਵੱਲੋਂ ਬੀ ਐੱਸ ਸੀ ਫਾਈਨਲ ਦੇ ਸਾਰੇ ਵਿਦਿਆਰਥੀਆਂ ਨੂੰ ਵਿਦਾਇਗੀ ਸਮੇਂ ਯਾਦਗਾਰੀ ਸਨਮਾਨ ਚਿੰਨ ਭੇਟ ਕੀਤੇ ਗਏ।

# ਪੱਤਰਕਾਰਾਂ ਦੇ ਰੇਖਾ ਚਿੱਤਰਾਂ ਦੀ ਪਲੇਠੀ ਕਿਤਾਬ 'ਕਾਲੀ ਰਾਤ ਦੇ ਜੁਗਨੂੰ' ਲੋਕ ਅਰਪਣ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬੀ ਸਾਹਿਤ ਸਭਾ ਵੱਲੋਂ ਆਯੋਜਤ ਸਮਾਗਮ ਵਿੱਚ ਪੰਜਾਬੀ ਪੱਤਰਕਾਰਾਂ ਦੇ ਰੇਖਾ ਚਿੱਤਰਾਂ ਦੀ ਪਲੇਠੀ ਕਿਤਾਬ 'ਕਾਲੀ ਰਾਤ ਦੇ ਜੁਗਨੂੰ' ਪਾਠਕਾਂ ਤੇ ਲੇਖਕਾਂ ਨੇ ਸਾਂਝੇ ਤੌਰ 'ਤੇ ਭਾਸ਼ਾ ਵਿਭਾਗ ਪੰਜਾਬ ਦੇ ਲੈਕਚਰ ਹਾਲ ਵਿੱਚ ਲੋਕ ਅਰਪਣ ਕੀਤੀ।ਇਸ ਸਮੇਂ ਬਜ਼ੁਰਗ ਲੇਖਕ ਤੇ ਆਲੋਚਕ ਡਾ. ਅਮਰ ਕੋਮਲ ਨੇ ਕਿਤਾਬ ਬਾਰੇ ਬੋਲਦਿਆਂ ਕਿਹਾ ਕਿ 'ਗੁਰਨਾਮ ਸਿੰਘ ਅਕੀਦਾ' ਨੇ ਭਾਰਤ, ਪਾਕਿਸਤਾਨ, ਕੈਨੇਡਾ, ਅਮਰੀਕਾ ਆਦਿ ਤੇ 37 ਪੰਜਾਬੀ ਪੱਤਰਕਾਰਾਂ ਦੀ ਜ਼ੁਬਾਨੀ ਪੰਜਾਬੀ ਪੱਤਰਕਾਰੀ ਦਾ ਇਤਿਹਾਸ ਵਰਣਨ ਕੀਤਾ ਹੈ।ਇਹ ਕਿਤਾਬ ਹਰ ਇਸ ਵਿਅਕਤੀ ਲਈ ਪੜ੍ਹਨ ਯੋਗ ਹੈ, ਜੋ ਪੱਤਰਕਾਰੀ ਦੇ ਕਿਸੇ ਵੀ ਖੇਤਰ ਵਿੱਚ ਦਿਲਚਸਪੀ ਰੱਖਦਾ ਹੈ। ਇਸ ਵੇਲੇ ਉੱਘੇ ਆਲੋਚਕ ਅਰਵਿੰਦਰ ਕੌਰ ਕਾਕੜਾ ਨੇ ਕਿਹਾ ਕਿ ਪੱਤਰਕਾਰਾਂ ਬਾਬਤ ਕੋਈ ਪੱਤਰਕਾਰ ਘੱਟ ਹੀ ਲਿਖਦਾ ਹੈ ਇਹ ਕਾਰਜ ਗੁਰਨਾਮ ਸਿੰਘ ਅਕੀਦਾ ਨੇ ਕਰ ਵਿਖਾਇਆ ਹੈ, ਇਸ ਕਿਤਾਬ ਦੀ ਪੰਜਾਬੀ ਜਗਤ ਵਿੱਚ ਖੁਸ਼ਆਮਦੀਦ ਕਹਿਣਾ ਬਣਦਾ ਹੈ।ਇਸ ਵੇਲੇ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਤੇ ਸ਼੍ਰੋਮਣੀ ਲੇਖਕ ਡਾ. ਦਰਸ਼ਨ ਸਿੰਘ ਆਸ਼ਟ ਨੇ ਕਿਹਾ ਕਿ ਇਹ ਕਿਤਾਬ ਦਰਸਾਉਂਦੀ ਹੈ ਕਿ ਪੱਤਰਕਾਰ ਹੀ ਅਸਲ ਵਿੱਚ ਆਪਣੀ ਮਾਤ ਭਾਸ਼ਾ ਦੀ ਸੇਵਾ ਕਰਨ ਵਾਲੇ



ਅਹਿਮ ਕਿਰਦਾਰ ਹਨ। ਜੋ ਹਰ ਵੇਲੇ ਆਪਣੀ ਮਾਤ ਭਾਸ਼ਾ ਨਾਲ ਸਮਾਜਿਕ, ਰਾਜਨੀਤਕ, ਸੱਭਿਆਚਾਰਕ ਗਤੀਵਿਧੀਆਂ ਨਾਲ ਲੋਕਾਂ ਨੂੰ ਰੂਬਰੂ ਕਰਾਉਂਦੇ ਹਨ।ਇਸ ਵੇਲੇ ਉੱਘੇ ਲੇਖਕ ਤੇ ਕਵੀ ਡਾ. ਸੰਤੋਖ ਸੁੱਖੀ ਨੇ ਕਿਹਾ ਕਿ ਕਿਤਾਬ ਕਾਲੀ ਰਾਤ ਦੇ ਜੁਗਨੂੰ ਦਾ ਲੇਖਕਾਂ ਤੇ ਪਾਠਕਾਂ ਵੱਲੋਂ ਸਾਂਝੇ ਤੌਰ 'ਤੇ ਰਿਲੀਜ਼ ਕਰਨਾ ਇਹ ਸੰਦੇਸ਼ ਦਿੰਦਾ ਹੈ ਕਿ ਪੱਤਰਕਾਰ ਸਭ ਦਾ ਹੈ ਤੇ ਉਹ ਕਮਲ ਦੇ ਫੁੱਲ ਵਾਂਗ ਨਿਰਲੇਪ ਵੀ ਰਹਿੰਦਾ ਹੈ, ਜੋ ਦੇਸ਼ ਪ੍ਰਤੀ ਆਪਣੀ ਕੌਮ ਪ੍ਰਤੀ ਤੇ ਸਮਾਜ ਪ੍ਰਤੀ ਆਪਣਾ ਸਾਰਥਕ ਫ਼ਰਜ਼ ਨਿਭਾਉਂਦਾ ਹੈ।ਲੇਖਕ ਤੇ ਆਲੋਚਕ ਡਾ. ਗੁਰਮੀਤ ਕੱਲਰਮਾਜਰੀ ਨੇ ਕਿਹਾ ਕਿ ਪੰਜਾਬੀ ਭਾਸ਼ਾ ਇਸ ਗੱਲੋਂ ਹੋਰ ਵੀ ਅਮੀਰ ਜਾਪਦੀ ਹੈ ਕਿ ਇਸ ਵਿੱਚ ਨਵੇਂ ਤਜਰਬੇ ਹੋ ਰਹੇ ਹਨ।ਇਸ ਕਿਤਾਬ ਵਿੱਚ ਅਜ਼ਾਦੀ ਤੋਂ ਪਹਿਲਾਂ ਦੇ ਪੱਤਰਕਾਰ ਸੁੰਦਰ ਸਿੰਘ ਲਾਇਲਪੁਰੀ ਬਾਰੇ ਰੇਖਾ ਚਿੱਤਰ ਪੜ੍ਹ ਕੇ ਅੰਗਰੇਜ਼ ਸਰਕਾਰ ਦਾ ਪੱਤਰਕਾਰਾਂ ਪ੍ਰਤੀ ਕਰੂਰਤ ਚਿਹਰਾ ਨਜ਼ਰ ਆਇਆ, ਜਿਸ ਨੂੰ ਨਿਰਪੱਖ ਪੱਤਰਕਾਰੀ ਕਰਦਿਆਂ ਫਾਂਸੀ ਦੀ ਸਜ਼ਾ ਸੁਣਾਈ ਗਈ, ਜੋ ਅੰਗਰੇਜ਼ੀ ਅਖ਼ਬਾਰ 'ਹਿੰਦੁਸਤਾਨ ਟਾਈਮਜ਼' ਦੇ ਫਾਊਂਡਰ ਹਨ।ਗਿਆਨੀ ਦਿੱਤ ਸਿੰਘ ਵਰਗੇ ਅਜਿਹੇ 37 ਪੱਤਰਕਾਰ ਹਨ, ਜਿਨ੍ਹਾਂ ਵਿੱਚ ਵਰਿੰਦਰ ਵਾਲੀਆ, ਸਿੱਧੂ ਦਮਦਮੀ, ਲਾਹੌਰੀ ਰਾਮ ਬਾਲੀ, ਸਰੋਜ ਸਰਹਿੰਦੀ ਤੋਂ ਇਲਾਵਾ ਕੈਨੇਡਾ ਵਿੱਚ ਪੰਜਾਬੀ ਪੱਤਰਕਾਰੀ ਕਰਦੇ ਪੱਤਰਕਾਰਾਂ ਤੋਂ ਇਲਾਵਾ ਪੰਜਾਬੀ ਲਈ ਵਿਸ਼ੇਸ਼ ਕਾਰਜ ਕਰ ਰਹੇ ਪਾਕਿਸਤਾਨ ਦੇ ਵੀ ਤਿੰਨ ਪੱਤਰਕਾਰਾਂ ਦੇ ਰੇਖਾ ਚਿੱਤਰ ਲਿਖੇ ਗਏ ਹਨ।ਇਸ ਵੇਲੇ ਦਰਸ਼ਨ ਖਟਕੜ, ਨਿਰਜਣ ਬੋਹਾ ਡਾ. ਹਰਪ੍ਰੀਤ ਸਿੰਘ ਰਾਣਾ, ਸਿਮਰਨ ਸਿੰਘ ਗਰੇਵਾਲ ਤੇ ਰਘਬੀਰ ਸਿੰਘ ਮਹਿਮੀ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।

# ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸਰਕਾਰ ਦੀ ਨਿੰਦਾ



**ਧੂਰੀ (ਸੁਖਵੰਤ ਪੁਰੀ)**- ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੀ ਇੱਕ ਅਹਿਮ ਮੀਟਿੰਗ ਕਾਰਜਕਾਰੀ ਪ੍ਰਧਾਨ ਚਰਨਜੀਤ ਸਿੰਘ ਕੈਂਥ ਦੀ ਅਗਵਾਈ ਹੇਠ ਸਥਾਨਕ ਦਫ਼ਤਰ ਵਿਖੇ ਹੋਈ।ਇਸ ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਜਿੱਥੇ ਪੈਨਸ਼ਨਰ ਮੰਗਾਂ ਪ੍ਰਤੀ ਪੰਜਾਬ ਸਰਕਾਰ ਦੇ ਢਿੱਲ-ਮੱਠ ਵਾਲੇ ਰਵੱਈਏ ਦੀ ਸਖ਼ਤ ਨਿੰਦਾ ਕੀਤੀ, ਉੱਥੇ ਹੀ ਪੈਨਸ਼ਨਾਂ ਦੇ ਨਵੇਂ ਹੋ ਰਹੇ ਕੇਸਾਂ ਦੇ ਮਾਮਲੇ ਵਿਚ ਪੈਨਸ਼ਨਰਾਂ ਤੋਂ ਵਾਰੀ ਸੂਬਾ ਹੋਣ ਦੀ ਸਖ਼ਤ ਅਲੋਚਨਾ ਕੀਤੀ ਗਈ।ਐਸੋਸੀਏਸ਼ਨ ਦੇ ਜਨਰਲ ਸਕੱਤਰ ਡਾ. ਅਮਰਜੀਤ ਸਿੰਘ, ਵਿੱਤ ਸਕੱਤਰ ਰਤਨ ਸਿੰਘ ਭੰਡਾਰੀ ਤੇ ਸੀਨੀਅਰ ਆਗੂਆਂ ਪ੍ਰਿੰਸੀਪਲ ਸੁਖਵੀਰ ਸਿੰਘ, ਗੁਰਦਾਸ ਬਾਂਸਲ, ਇੰਦਰਜੀਤ ਸ਼ਰਮਾ, ਭਜਨ ਸਿੰਘ ਰੰਗੀਆਂ, ਮੁਰਾਰੀ ਲਾਲ ਨੇ ਕਿਹਾ ਕਿ ਸਰਕਾਰ ਤਿੰਨ ਸਾਲਾਂ ਦੌਰਾਨ ਨਾ ਤਾਂ ਸੂਬੇ ਦੀ ਵਿੱਤੀ ਹਾਲਤ ਨੂੰ ਦਰੁਸਤ ਕਰ ਸਕੀ ਹੈ ਤੇ ਨਾ ਹੀ ਚੋਣਾਂ ਤੋਂ ਪਹਿਲਾਂ ਮਾਰੇ ਦਮਗਜ਼ੇ ਅਨੁਸਾਰ ਰੇਤਾ, ਬੱਜਰੀ ਤੇ ਸ਼ਰਾਬ ਨੀਤੀ ਤੋਂ ਕੋਈ ਵਾਧੂ ਮਾਲੀਆ ਇਕੱਤਰ ਕਰ ਸਕੀ ਹੈ, ਉੱਤੋਂ ਸਿਤਮ ਜ਼ਰੀਫੀ ਇਹ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਤਨਖਾਹ ਤੇ ਪੈਨਸ਼ਨ ਦੇਣ ਵਿੱਚ ਵੀ ਅਕਸਰ ਲੇਟ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਸਾਲ ਸਾਲ ਤੋਂ ਮੈਡੀਕਲ ਬਿੱਲਾਂ ਦਾ ਭੁਗਤਾਨ ਨਹੀਂ ਕੀਤਾ ਜਾ ਰਿਹਾ ਅਤੇ ਪੇ ਕਮਿਸ਼ਨ ਦੇ ਬਕਾਇਆਂ ਨੂੰ ਅਗਲੀ ਸਰਕਾਰ ਤੱਕ ਘੜੀਸਿਆ ਜਾ ਰਿਹਾ ਹੈ।ਇਸ ਮੌਕੇ ਜਥੇਬੰਦੀ ਤੋਂ ਕਿਨਾਰਾ ਕਰ ਚੁੱਕੇ ਕੁਝ ਵਿਅਕਤੀਆਂ ਵੱਲੋਂ ਦਫ਼ਤਰ ਦੇ ਕੰਮ ਕਾਰ ਨੂੰ ਸਾਬੋਤਾਜ ਕਰਨ ਦੀ ਨਿਖੇਧੀ ਕੀਤੀ ਗਈ ਤੇ ਪ੍ਰਸ਼ਾਸਨ ਤੋਂ ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਮੰਗ ਕਰਦੇ ਹੋਏ ਸਖ਼ਤ ਕਾਰਵਾਈ ਨੂੰ ਕਿਹਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜਸਪਾਲ ਸਿੰਘ ਬੁੱਗਰ, ਸਤੀਸ਼ ਸ਼ਰਮਾ, ਰਾਮ ਸਰੂਪ, ਗੁਰਮੇਲ ਸਿੰਘ, ਫ਼ਕੀਰ ਸਿੰਘ, ਨਛੱਤਰ ਸਿੰਘ ਪੇਧਨੀ, ਸਰਬਜੀਤ ਸਿੰਘ, ਜਾਗਰ ਸਿੰਘ, ਨਿਰਮਲ ਸਿੰਘ, ਤੇਜਾ ਸਿੰਘ, ਰਾਮ ਲਾਲ, ਆਤਮਾ ਸਿੰਘ ਘਨੌਰ, ਸੁਰਜੀਤ ਸਿੰਘ ਘਨੌਰੀ, ਰਲਾ ਸਿੰਘ, ਸੀਤਾ ਸਿੰਘ, ਮੱਘਰ ਸਿੰਘ, ਸ਼ੇਰ ਸਿੰਘ, ਕਰਮਜੀਤ ਸਿੰਘ, ਦਰਸ਼ਨ ਸਿੰਘ ਧਾਂਦਰਾ, ਸਮੇਤ ਅਨੇਕਾਂ ਪੈਨਸ਼ਨਰ ਹਾਜ਼ਰ ਸਨ।

# ਨਹਿਰ ਬੰਦੀ 16 ਮਈ ਤੋਂ

**ਫਾਜ਼ਿਲਕਾ (ਨਿਸ਼ਾ ਸ਼ਰਮਾ)**- ਕਾਰਜਕਾਰੀ ਇੰਜੀਨੀਅਰ ਅਬੋਹਰ ਨਹਿਰ ਤੇ ਗਰਾਊਂਡ ਵਾਟਰ ਮੰਡਲ ਜਲ ਸਰੋਤ ਵਿਭਾਗ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਅਬੋਹਰ ਨਹਿਰ ਮੰਡਲ ਅਧੀਨ ਆਉਂਦੀਆਂ ਸਾਰੀਆਂ ਨਹਿਰਾਂ (ਸਮੁੱਚਾ ਅਬੋਹਰ ਬ੍ਰਾਂਚ ਸਿਸਟਮ) ਜਿਵੇਂ ਕਿ ਅਰਨੀਵਾਲਾ ਰਜਵਾਹਾ ਸਿਸਟਮ, ਆਲਮ ਵਾਲਾ ਰਜਵਾਹਾ ਸਿਸਟਮ, ਕਰਮਗੜ੍ਹ ਰਜਵਾਹਾ ਸਿਸਟਮ, ਅਸਪਾਲ ਰਜਬਾਹਾ ਸਿਸਟਮ, ਪੰਜਾਵਾ ਰਜਵਾਹਾ ਸਿਸਟਮ, ਮਲੂਕਪੁਰਾ ਰਜਵਾਹਾ ਸਿਸਟਮ ਤੇ ਅਬੋਹਰ ਬਰਾਂਚ ਵਿੱਚੋਂ ਨਿਕਲਣ ਵਾਲੀਆਂ ਮਾਈਨਰਾਂ 16 ਮਈ ਤੋਂ 31 ਮਈ 2025 ਤੱਕ 16 ਦਿਨਾਂ ਲਈ ਅੰਦਰਲੀ ਸਫਾਈ ਦੇ ਕੰਮ ਕਰਵਾਉਣ ਲਈ ਬੰਦ ਰਹਿਣਗੀਆਂ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਸਿੰਚਾਈ ਜ਼ਰੂਰਤਾਂ ਨੂੰ ਇਸ ਅਨੁਸਾਰ ਵਿਉਂਤਬੰਦ ਕਰ ਲੈਣ।

# ਪੰਜਾਬ ਨਾਨ-ਗਜ਼ਟਿਡ ਫ਼ਾਰੈਸਟ ਆਫ਼ੀਸਰਜ਼ ਯੂਨੀਅਨ ਦੀ ਚੋਣ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**- ਵਣ ਵਿਭਾਗ ਮੋਗਾ ਦੇ ਫ਼ੀਲਡ ਕਰਮਚਾਰੀਆਂ ਵਣ ਗਾਰਡ ਤੇ ਫਾਰੈਸਟਰ ਸਾਥੀਆਂ ਦੀ ਇਕੱਤਰਤਾ ਦਫ਼ਤਰ ਵਣ ਰੇਂਜ ਮੋਗਾ ਨੇਚਰ ਪਾਰਕ ਵਿਖੇ ਰੱਖੀ ਗਈ, ਜਿਸ ਵਿੱਚ ਸਾਰੇ ਵਣ ਰੇਂਜ ਮੋਗਾ ਦੇ ਫ਼ੀਲਡ ਕਰਮਚਾਰੀਆਂ ਵੱਲੋਂ ਭਾਗ ਲਿਆ ਗਿਆ।ਮੀਟਿੰਗ ਦੀ ਕਾਰਵਾਈ ਰੇਂਜ ਸਕੱਤਰ ਤੇ ਸੂਬਾ ਸਕੱਤਰ ਹਰਦੀਪ ਸਿੰਘ ਵੱਲੋਂ ਚਲਾਈ ਗਈ ਅਤੇ ਉਨ੍ਹਾਂ ਵੱਲੋਂ ਪਿਛਲੇ ਸਮੇਂ ਵਿੱਚ ਕੀਤੇ ਜਥੇਬੰਦੀ ਦੇ ਕੰਮਾਂ ਬਾਰੇ ਤੇ ਫ਼ੀਲਡ ਵਿੱਚ ਸਮੂਹ ਕਰਮਚਾਰੀਆਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਗਈ।ਮੀਟਿੰਗ ਵਿੱਚ ਹਾਜ਼ਰ ਵੱਖ-ਵੱਖ ਬੁਲਾਰਿਆਂ ਵੱਲੋਂ ਵੀ ਆਪਣੇ ਵਿਚਾਰ ਪੇਸ਼ ਕੀਤੇ ਗਏ। ਉਪਰੰਤ ਰੇਂਜ ਪ੍ਰਧਾਨ ਇਸ਼ ਪੁਰੀ ਵੱਲੋਂ ਪੁਰਾਣੀ ਕਮੇਟੀ ਭੰਗ ਕਰਨ ਤੇ ਨਵੀਂ ਰੇਂਜ ਕਮੇਟੀ ਸਰਬਸੰਮਤੀ ਨਾਲ ਬਣਾਉਣ ਦੀ ਸਾਰੇ ਸਾਥੀਆਂ ਨੂੰ ਅਪੀਲ ਕੀਤੀ। ਉਪਰੰਤ ਵਣ ਕਾਰਜਕਾਰੀ ਫ਼ੀਲਡ ਅਮਲੇ ਵੱਲੋਂ ਸਰਬਸੰਮਤੀ ਨਾਲ ਬੂਟਾ ਸਿੰਘ ਨੂੰ ਰੇਂਜ ਪ੍ਰਧਾਨ, ਇਸ਼ ਪੁਰੀ ਨੂੰ ਰੇਂਜ ਸਕੱਤਰ, ਹਰਦੀਪ ਸਿੰਘ ਪਨੇਸਰ ਨੂੰ ਮੀਤ ਪ੍ਰਧਾਨ, ਗੁਰਮੀਤ ਸਿੰਘ ਨੂੰ ਖਜ਼ਾਨਚੀ ਤੇ ਦਿਲਪ੍ਰੀਤ ਸਿੰਘ ਨੂੰ ਪ੍ਰੈੱਸ ਸਕੱਤਰ ਚੁਣਿਆ ਗਿਆ।ਬੂਟਾ ਸਿੰਘ ਵੱਲੋਂ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਗਿਆ ਤੇ ਵਣ ਕਾਰਜਕਾਰੀ ਫ਼ੀਲਡ ਅਮਲੇ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਜਲਦੀ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਹੱਲ ਕਰਵਾਉਣ ਦਾ ਭਰੋਸਾ ਦਿਵਾਇਆ ਅਤੇ ਸਾਂਝੀਆਂ ਮੁਲਾਜ਼ਮਾਂ ਮੰਗਾਂ ਸੰਬੰਧੀ ਚਲਦੇ ਘੋਲਾਂ ਵਿੱਚ ਵੱਧ ਤੋਂ ਵੱਧ ਯੋਗਦਾਨ ਦੇਣ ਲਈ ਸਾਰੇ ਸਾਥੀਆਂ ਨੂੰ ਅਪੀਲ ਕੀਤੀ।ਮੀਟਿੰਗ ਵਿੱਚ ਕੰਵਲਨੈਣ ਸਿੰਘ ਫ਼ਾਰੈਸਟਰ, ਅਜੈ ਕੁਮਾਰ ਫ਼ਾਰੈਸਟਰ, ਵੇਦ ਪ੍ਰਕਾਸ਼, ਪਰਮਿੰਦਰ ਸਿੰਘ, ਕੰਵਲਜੀਤ ਸਿੰਘ, ਗੁਰਦੀਪ ਸਿੰਘ, ਸੁਖਬੀਰ ਸਿੰਘ, ਮਨਮੀਤ ਸਿੰਘ, ਗੁਰਜੀਤ ਸਿੰਘ, ਪਰਮਿੰਦਰ ਸ਼ਰਮਾ, ਅਵਤਾਰ ਸਿੰਘ, ਅਮਰਜੀਤ ਕੌਰ ਤੇ ਰਾਜਵੀਰ ਕੌਰ ਸਾਰੇ ਵਣ ਗਾਰਡ ਹਾਜ਼ਰ ਸਨ।

# ਡੀ ਜੀ ਪੀ ਗੌਰਵ ਯਾਦਵ ਵੱਲੋਂ ਸਾਈਬਰ ਕ੍ਰਾਇਮ ਪੁਲਸ ਸਟੇਸ਼ਨ ਦਾ ਉਦਘਾਟਨ

● ਫਰੀਦਕੋਟ ਪੁਲਸ ਦੇ ਨਸ਼ਿਆਂ ਨੂੰ ਜੜ੍ਹ ਤੋਂ ਖਤਮ ਕਰਨ ਦੇ ਯਤਨਾਂ ਦੀ ਕੀਤੀ ਸ਼ਲਾਘਾ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮਜ਼ਬੂਤ ਪੁਲਸ ਢਾਂਚਾ ਵਿਕਸਤ ਕਰਨ ਦੇ ਮਕਸਦ ਨਾਲ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਸ ਗੌਰਵ ਯਾਦਵ ਵੱਲੋਂ ਪੁਲਸ ਜ਼ਿਲ੍ਹਾ ਫਰੀਦਕੋਟ ਦੇ ਦੌਰੇ ਦੌਰਾਨ ਕਨੂੰਨ-ਵਿਵਸਥਾ ਦੀ ਸਮੀਖਿਆ ਕਰਨ ਦੇ ਨਾਲ-ਨਾਲ ਕਈ ਪੁਲਸ ਢਾਂਚਾਗਤ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ, ਜਿਨ੍ਹਾਂ 'ਚ ਪੁਲਸ ਲਾਈਨ ਫਰੀਦਕੋਟ ਵਿੱਚ ਬਣਿਆ ਨਵਾਂ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ, ਇੱਕ ਆਧੁਨਿਕ ਕਾਨਫਰੰਸ ਹਾਲ ਤੇ ਇੱਕ ਬਰੀਫਿੰਗ ਹਾਲ ਦਾ ਨਿਰਮਾਣ ਵੀ ਸ਼ਾਮਲ ਹੈ।ਉਨ੍ਹਾਂ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਦੀ ਨਵੀਂ ਤਿਆਰ ਹੋਈ ਇਮਾਰਤ ਨੂੰ ਜਨਤਾ ਲਈ ਸਮਰਪਿਤ ਕਰਦਿਆਂ ਕਿਹਾ ਕਿ ਇਹ ਆਧੁਨਿਕ ਸਹੂਲਤ ਉੱਚ ਤਕਨੀਕ ਨਾਲ ਲੈਸ ਹੈ, ਜੋ ਕਿ ਆਨਲਾਈਨ ਠੱਗੀ ਤੇ ਜਟਿਲ ਸਾਈਬਰ ਕ੍ਰਾਈਮ ਦੀ ਜਾਂਚ ਤੇ ਨਿਪਟਾਰਾ ਕਰਨ ਲਈ ਤਿਆਰ ਕੀਤੀ ਗਈ ਹੈ।ਨਾਗਰਿਕ ਸਿੱਧਾ ਸਾਈਬਰ ਕ੍ਰਾਈਮ ਪੁਲਸ ਸਟੇਸ਼ਨ ਜਾਂ ਟੋਲ-ਫ੍ਰੀ ਹੈਲਪਲਾਈਨ ਨੰਬਰ 1930 ਰਾਹੀਂ ਸ਼ਿਕਾਇਤ ਦਰਜ ਕਰਵਾ ਸਕਦੇ ਹਨ।ਡੀ ਜੀ ਪੀ ਨੇ ਕਾਨਫਰੰਸ ਹਾਲ ਦੇ ਉਦਘਾਟਨ ਸਮੇਂ ਦੱਸਿਆ ਕਿ ਇਸ ਨਵੇਂ ਆਧੁਨਿਕ ਕਾਨਫਰੰਸ ਹਾਲ ਨਾਲ ਫਰੀਦਕੋਟ ਜ਼ਿਲ੍ਹੇ 'ਚ ਤਾਇਨਾਤ ਗਜ਼ਟਿਡ ਤੇ ਨਾਨ-ਗਜ਼ਟਿਡ ਅਧਿਕਾਰੀ ਹੁਣ ਵੱਖ-ਵੱਖ ਸੈਮੀਨਾਰਾਂ, ਮੀਟਿੰਗਾਂ ਤੇ ਸਮਾਗਮਾਂ ਦਾ ਆਯੋਜਨ ਕਰ ਸਕਣਗੇ, ਜੋ ਕਿ ਪੁਲਸ ਵਿਭਾਗ ਦੇ ਕੰਮਕਾਜ ਦੇ ਮਿਆਰ ਨੂੰ ਉੱਚਾ ਚੁੱਕਣ ਵਿੱਚ ਮਦਦਗਾਰ ਸਾਬਿਤ ਹੋਣਗੇ।ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਪੁਲਸ ਲਾਈਨ ਫਰੀਦਕੋਟ ਵਿਖੇ ਅਧਿਕਾਰੀਆਂ ਦੀ ਇਕ ਸੰਯੁਕਤ ਮੀਟਿੰਗ ਨੂੰ ਵੀ ਸੰਬੋਧਨ ਕੀਤਾ, ਜਿਸ ਦੌਰਾਨ ਉਨ੍ਹਾ ਵੱਲੋਂ ਸੁਰੱਖਿਆ ਪ੍ਰਬੰਧਾਂ ਤੇ ਨਸ਼ਿਆਂ ਖਿਲਾਫ ਜਾਰੀ ਜੰਗ ਨੂੰ ਲੈ ਕੇ ਸਖਤ ਨਿਰਦੇਸ਼ ਵੀ ਜਾਰੀ ਕੀਤੇ ਗਏ।ਉਨ੍ਹਾਂ ਫਰੀਦਕੋਟ ਪੁਲਸ ਦੀ ਉੱਚ ਦਰਜੇ ਦੀ ਕੋਆਰਡੀਨੇਸ਼ਨ ਤੇ ਨਸ਼ਿਆਂ ਨੂੰ ਜੜ੍ਹ ਤੋ ਖਤਮ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਸ਼ਲਾਘਾ ਕੀਤੀ।ਇਸ ਮੌਕੇ ਉਹਨਾਂ ਵੱਲੋ ਪੁਲਸ ਵਿਭਾਗ ਦੀ ਕਾਰਜਕੁਸ਼ਲਤਾ ਵਿੱਚ ਵਾਧੇ ਲਈ ਲੋੜੀਂਦਾ ਸਮਾਨ ਜਿਹਨਾਂ ਵਿੱਚ ਬੈਰੀਕੇਡ, ਅਲਮਾਰੀਆਂ ਅਤੇ ਹੋਰ ਜ਼ਰੂਰੀ ਵਰਤੋਂ ਵਾਲਾ ਸਮਾਨ ਵੀ ਮੁਹੱਇਆ ਕਰਵਾਇਆ ਗਿਆ। ਇਸ ਮੌਕੇ ਕਈ ਮਾਨਯੋਗ ਮਹਿਮਾਨ ਤੇ ਉੱਚ ਅਧਿਕਾਰੀ ਵੀ ਮੌਜੂਦ ਸਨ।




# ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਭੇਟ

**ਨਾਭਾ (ਵਰਿੰਦਰ ਵਰਮਾ)**- ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਵੱਲੋਂ ਐੱਮ ਕੇ ਆਰੀਆ ਗਰਲਜ਼ ਸਕੂਲ ਨਾਭਾ ਵਿਖੇ ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਦਿੱਤੀਆਂ ਗਈਆਂ। ਸੰਸਥਾ ਦੇ ਪ੍ਰਧਾਨ ਨਰਿੰਦਰ ਵਰਮਾ, ਜਨਰਲ ਸਕੱਤਰ ਵਿਕਾਸ ਮਿੱਤਲ ਤੇ ਕੈਸ਼ੀਅਰ ਅਸ਼ਵਨੀ ਮਦਾਨ ਨੇ ਸੰਸਥਾ ਦੇ ਮੈਂਬਰ ਓਮ ਪ੍ਰਕਾਸ਼ ਗਰਗ, ਸੰਜੇ ਢੀਂਗਰਾ ਤੇ ਵਿਕਾਸ ਚੋਪੜਾ ਵੱਲੋ ਸਹਿਯੋਗ ਕਰਨ ਤੇ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਇਹ ਉਮੀਦ ਕੀਤ ਕਿ ਇਸ ਤਰ੍ਹਾਂ ਹੀ ਇਹ ਸੰਸਥਾ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਦੀ ਰਹੇਗੀ ਤੇ ਇੰਨੇ ਘੱਟ ਸਮੇਂ ਵਿੱਚ ਮੈਂਬਰ ਮਦਦ ਲਈ ਅੱਗੇ ਆਉਂਦੇ ਰਹਿਣਗੇ।ਇਸ ਮੌਕੇ ਐੱਮ ਕੇ ਆਰੀਆ ਗਰਲਜ਼ ਸਕੂਲ ਦੇ ਪ੍ਰਿੰਸੀਪਲ ਮੈਡਮ ਰੇਨੂ ਜੈਨ, ਮੈਡਮ ਜੀਵਨ ਜੋਤੀ, ਮੈਡਮ ਰਚਨਾ, ਪਰਮੋਦ ਕੁਮਾਰ ਆਦਿ ਸਕੂਲ ਸਟਾਫ ਨੇ ਭਾਰਤ ਵਿਕਾਸ ਪ੍ਰੀਸ਼ਦ ਇਕਾਈ ਦੇ ਸਟੇਟ ਆਡੀਟਰ ਲਲਿਤ ਸ਼ਰਮਾ, ਜ਼ਿਲ੍ਹਾ ਵਾਤਾਵਰਣ ਪ੍ਰਮੁੱਖ ਓਮ ਪ੍ਰਕਾਸ਼ ਗਰਗ, ਪ੍ਰਧਾਨ ਨਰਿੰਦਰ ਵਰਮਾ, ਜਨਰਲ ਸਕੱਤਰ ਵਿਕਾਸ ਮਿੱਤਲ, ਕੈਸ਼ੀਅਰ ਅਸ਼ਵਨੀ ਮਦਾਨ, ਸੰਤ ਸਿੰਗਲਾ, ਸੰਜੇ ਢੀਂਗਰਾ, ਵਿਕਾਸ ਚੋਪੜਾ, ਮੈਡਮ ਹੀਨਾ ਸਿੰਗਲਾ, ਸੁਸ਼ਮਾ ਗਰਗ ਆਦਿ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਲੋੜਵੰਦ ਵਿਦਿਆਰਥੀਆਂ ਨੂੰ ਵਰਦੀਆਂ ਨਾ ਹੋਣ ਕਾਰਨ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ।ਉਨ੍ਹਾਂ ਕਿਹਾ ਕਿ ਸਾਡੀ ਮੰਗ ਨੂੰ ਮੁੱਖ ਰੱਖਦੇ ਹੋਏ ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਵੱਲੋਂ ਵਰਦੀਆਂ ਭੇਟ ਕੀਤੀਆਂ ਗਈਆਂ ਹਨ।ਇਸ ਮੌਕੇ ਸੰਸਥਾ ਦੇ ਮੈਂਬਰਾਂ ਨੇ ਕਿਹਾ ਕਿ ਭਾਰਤ ਪ੍ਰੀਸ਼ਦ ਇਕਾਈ ਨਾਭਾ ਵੱਲੋਂ ਸਮਾਜ ਭਲਾਈ ਦੇ ਕਾਰਜ ਵੱਧ ਚੜ੍ਹ ਕੇ ਕੀਤੇ ਜਾਂਦੇ ਹਨ, ਉਨ੍ਹਾਂ ਦਾ ਇੱਕੋ ਹੀ ਮਕਸਦ ਹੈ ਕਿ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ।



# ਪੋਪ ਫਰਾਂਸਿਸ ਦੇ ਦੇਹਾਂਤ 'ਤੇ ਮਾਨ ਵੱਲੋਂ ਦੁੱਖ ਪ੍ਰਗਟਾਵਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਕੈਥੋਲਿਕ ਚਰਚ ਦੇ 266ਵੇਂ ਪੋਪ ਫਰਾਂਸਿਸ ਜੋ ਆਪਣੇ 88 ਸਾਲ ਦਾ ਸਮਾਂ ਗੁਜ਼ਾਰ ਕੇ ਉਸ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ, ਦੇ ਚਲੇ ਜਾਣ ਉਤੇ ਸ੍ਰ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਆਪਣੇ 13 ਸਾਲ ਦੀ ਇਸ ਵੱਡੀ ਧਾਰਮਿਕ ਉੱਚ ਪਦਵੀ ਉਤੇ ਬੈਠ ਕੇ ਸਮੁੱਚੇ ਸੰਸਾਰ ਵਿੱਚ ਮਨੁੱਖਤਾ ਤੇ ਇਨਸਾਨੀਅਤ ਦੇ ਪੱਖ ਵਿੱਚ ਵੱਡੇ ਉੱਦਮ ਕੀਤੇ।ਸਮੁੱਚੀਆਂ ਕੌਮਾਂ, ਧਰਮਾਂ, ਫਿਰਕਿਆਂ, ਕਬੀਲਿਆਂ ਵਿੱਚ ਸਾਂਝੀਵਾਲਤਾ ਨੂੰ ਪ੍ਰਫੁੱਲਤ ਕਰਨ ਵਿੱਚ ਤੇ ਵੱਖ-ਵੱਖ ਮੁਲਕਾਂ ਵਿੱਚ ਵੱਧ ਰਹੇ ਵੈਰ ਵਿਰੋਧ ਨੂੰ ਆਪਣੇ ਖਿਆਲਾਤਾਂ ਤੇ ਸੰਦੇਸ਼ਾਂ ਰਾਹੀਂ ਘਟਾਉਣ ਦੇ ਵੀ ਉੱਦਮ ਕੀਤੇ।ਉਹ ਬਹੁਤ ਹੀ ਨੇਕ ਤੇ ਧਰਮੀ ਆਤਮਾ ਦੇ ਮਾਲਕ ਸਨ, ਜੋ ਇਸ ਉੱਚ-ਪਦਵੀ 'ਤੇ ਬੈਠ ਕੇ ਆਪਣੇ ਫਰਜ਼ਾਂ ਦੀ ਬਾਖੂਬੀ ਪੂਰਤੀ ਕਰਦੇ ਰਹੇ।ਉਨ੍ਹਾਂ ਦੇ ਚਲੇ ਜਾਣ ਨਾਲ ਕੇਵਲ ਵੱਖ-ਵੱਖ ਮੁਲਕਾਂ ਵਿੱਚ ਵੱਸਣ ਵਾਲੀ ਇਸਾਈ ਕੌਮ ਨੂੰ ਹੀ ਅਸਹਿ ਤੇ ਅਕਹਿ ਘਾਟਾ ਨਹੀਂ ਪਿਆ, ਬਲਕਿ ਸਮੁੱਚੇ ਸੰਸਾਰ ਵਿੱਚ ਵਿਚਰਣ ਵਾਲੇ ਲੋੜਵੰਦਾਂ, ਬੇਸਹਾਰਿਆਂ, ਯਤੀਮਾਂ, ਵਿਧਵਾਵਾਂ ਤੇ ਇਨਸਾਨੀਅਤ ਨੂੰ ਵੱਡਾ ਘਾਟਾ ਪਿਆ ਹੈ।

# ਮੰਡੀ 'ਚ ਬਾਰਦਾਨੇ ਤੇ ਲਿਫਟਿੰਗ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ ਪੂਜਾ)** : ਕਣਕ ਦੇ ਸੀਜ਼ਨ ਦੌਰਾਨ ਮੰਡੀਆਂ ਵਿੱਚ ਬੈਠੇ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਦਿੱਕਤ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਇਸ ਦੌਰਾਨ ਮੰਡੀਆਂ ਵਿੱਚ ਬਾਰਦਾਨੇ ਤੇ ਲਿਫਟਿੰਗ ਦੀ ਸਮੱਸਿਆ ਵੀ ਨਹੀਂ ਆਉਣ ਦਿੱਤੀ ਜਾਵੇਗੀ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਸਥਾਨਕ ਮਾਰਕਿਟ ਕਮੇਟੀ ਦਫ਼ਤਰ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨ ਉਪਰੰਤ ਕੀਤਾ।ਵਿਧਾਇਕ ਕਾਕਾ ਬਰਾੜ ਨੇ ਆਖਿਆ ਕਿ ਮੰਡੀਆਂ ਵਿੱਚ ਫ਼ਸਲ ਦੀ ਨਿਰਵਿਘਨ ਖਰੀਦ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ।ਉਨ੍ਹਾਂ ਆੜ੍ਹਤੀਆਂ ਨੂੰ ਸਰਕਾਰੀ ਨਿਯਮਾਂ ਤੇ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ, ਤਾਂ ਜੋ ਖਰੀਦ ਪ੍ਰਕਿਰਿਆ ਵਿੱਚ ਕਿਸੇ ਕਿਸਮ ਦੀ ਰੁਕਾਵਟ ਨਾ ਆਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਲਈ ਪੀਣ ਵਾਲੇ ਪਾਣੀ ਤੇ ਆਰਾਮ ਕਰਨ ਲਈ ਵੀ ਢੁੱਕਵੇਂ ਪ੍ਰਬੰਧ ਕੀਤੇ ਗਏ ਹਨ।ਇਸ ਤੋਂ ਇਲਾਵਾ ਬਾਰਦਾਨੇ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਵੀ ਢੁੱਕਵੇਂ ਕਦਮ ਚੁੱਕੇ ਜਾਣਗੇ ਤਾਂ ਜੋ ਫ਼ਸਲ ਦੀ ਭਰਾਈ ਤੇ ਢੋਆ-ਢੁਆਈ ਵਿੱਚ ਕੋਈ ਦਿੱਕਤ ਨਾ ਆਵੇ। ਇਸ ਮੌਕੇ ਮਾਰਕਿਟ ਕਮੇਟੀ ਚੇਅਰਮੈਨ ਸੁਰਜੀਤ ਸਿੰਘ ਸੰਧੂ ਨੇ ਵੀ ਸਮੂਹ ਆੜ੍ਹਤੀ ਭਾਈਚਾਰੇ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦੁਆਇਆ।ਇਸ ਮੌਕੇ ਮਾਰਕਿਟ ਕਮੇਟੀ ਚੇਅਰਮੈਨ ਸੁਰਜੀਤ ਸਿੰਘ ਸੰਧੂ, ਕੱਚਾ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਡਾ. ਇਕਬਾਲ ਸਿੰਘ ਵੜਿੰਗ, ਵਾਈਸ ਪ੍ਰਧਾਨ ਸੁਮਿਤ ਗਰਗ, ਚੇਅਰਮੈਨ ਰਾਜੀਵ ਕੁਮਾਰ ਕਾਕਾ ਗਾਂਧੀ, ਵਿਜੈ ਰੱਸੇਵੱਟ, ਵਿਪਨ ਵਾਟਸ ਤੋਂ ਇਲਾਵਾ ਵੱਖ ਵੱਖ ਖਰੀਦ ਏਜੰਸੀਆਂ ਦੇ ਇੰਸਪੈਕਟਰ ਹਾਜ਼ਰ ਸਨ।

# ਸਿੱਖਿਆ ਕ੍ਰਾਂਤੀ ਮੁਹਿੰਮ ਬਦਲ ਰਹੀ ਹੈ ਸਕੂਲਾਂ ਦੀ ਨੁਹਾਰ : ਡਾ. ਬਲਜੀਤ ਕੌਰ

● 56.26 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਪ੍ਰੋਜੈਕਟ ਲੋਕ ਅਰਪਣ

**ਮਲੋਟ (ਓਮ ਪ੍ਰਕਾਸ਼ ਸ਼ੇਖੂ, ਗੁਰਮੀਤ ਸਿੰਘ ਮੱਕੜ)**- ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਲੋਟ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਸਕੂਲਾਂ ਵਿੱਚ ਉਦਘਾਟਨੀ ਸਮਾਰੋਹ ਕੀਤਾ ਗਿਆ। ਸ੍ਰ. ਜਸ਼ਨ ਸਿੰਘ ਬਰਾੜ, ਚੇਅਰਮੈਨ ਮਾਰਕੀਟ ਕਮੇਟੀ ਤੇ ਸ੍ਰ. ਜਗਦੇਵ ਸਿੰਘ ਬਾਮ, ਚੇਅਰਮੈਨ ਸਹਿਕਾਰਤਾ ਬੈਂਕ, ਪੰਜਾਬ ਤੇ ਸਿੱਖਿਆ ਕੋਆਰਡੀਨੇਟਰ ਰਮੇਸ਼ ਅਰਨੀਵਾਲਾ ਹਾਜ਼ਰ ਸਨ। ਸ੍ਰੀ ਜਸ਼ਨ ਬਰਾੜ ਚੇਅਰਮੈਨ ਮਾਰਕੀਟ ਕਮੇਟੀ ਮਲੋਟ ਵੱਲੋਂ ਸਰਕਾਰੀ ਹਾਈ ਸਕੂਲ ਮੱਲਵਾਲਾ ਕਟੋਰੇਵਾਲਾ, ਸਰਕਾਰੀ ਪ੍ਰਾਇਮਰੀ ਸਕੂਲ ਮੱਲਵਾਲਾ ਕਟੋਰੇਵਾਲਾ, ਸਰਕਾਰੀ ਪ੍ਰਾਇਮਰੀ ਸਕੂਲ ਘੱਗਾ, ਸਰਕਾਰੀ ਹਾਈ ਸਕੂਲ ਘੱਗਾ, ਸਰਕਾਰੀ ਮਿਡਲ ਸਕੂਲ ਜੰਡਵਾਲਾ ਵਿਖੇ 56 ਲੱਖ 26 ਹਜ਼ਾਰ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਤ ਕੀਤੇ ਗਏ।ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਮੱਲਵਾਲਾ ਵਿਖੇ ਕੁੱਲ 12 ਲੱਖ ਰੁਪਏ, ਸਰਕਾਰੀ ਹਾਈ ਸਕੂਲ ਮੱਲਵਾਲਾ ਵਿਖੇ ਕੁੱਲ 14 ਲੱਖ ਰੁਪਏ, ਸਰਕਾਰੀ ਪ੍ਰਾਇਮਰੀ ਸਕੂਲ ਘੱਗਾ ਵਿਖੇ ਕੁੱਲ 6.26 ਲੱਖ ਰੁਪਏ, ਸਰਕਾਰੀ ਹਾਈ ਸਕੂਲ ਘੱਗਾ ਵਿਖੇ ਕੁੱਲ 15 ਲੱਖ ਰੁਪਏ, ਸਰਕਾਰੀ ਮਿਡਲ ਸਕੂਲ ਜੰਡਵਾਲਾ ਵਿਖੇ ਕੁੱਲ 9 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਬੋਲਦਿਆਂ ਡਾ. ਬਲਜੀਤ ਕੌਰ ਨੇ ਕਿਹਾ ਕਿ ਹੁਣ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਹੇਠ ਪੰਜਾਬ ਸਿੱਖਿਆ ਕ੍ਰਾਂਤੀ ਰਫਤਾਰ ਪਕੜ ਰਹੀ ਹੈ, ਆਉਣ ਵਾਲੇ ਸਮੇਂ ਵਿੱਚ ਹੋਰ ਵੀ ਤੇਜ਼ੀ ਨਾਲ ਸਕੂਲਾਂ ਦੇ ਵਿਕਾਸ ਕਾਰਜ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਸਿੱਖਿਆ ਸੁਧਾਰ ਪੰਜਾਬ ਸਰਕਾਰ ਪਹਿਲ ਦੇ ਅਧਾਰ 'ਤੇ ਕਰ ਰਹੀ ਹੈ।ਸਿੱਖਿਆ ਸਾਰੇ ਵਰਗ, ਧਰਮਾਂ ਤੇ ਜਾਤੀ ਦੇ ਲੋਕਾਂ ਲਈ ਅਤਿ ਮਹੱਤਵਪੂਰਨ ਹੈ, ਇਸ ਨਾਲ ਹੀ ਨਵੇਂ ਤੇ ਸਾਰਥਕ ਸਮਾਜ ਦੀ ਸਿਰਜਣਾ ਹੋ ਸਕਦੀ ਹੈ।

# ਆਸਾ ਬੁੱਟਰ ਦਾ ਸਰਕਾਰੀ ਸਕੂਲ ਬਣਿਆ ਪੂਰਾ ਏ ਸੀ



ਮੋਗਾ (ਇਕਬਾਲ ਸਿੰਘ ਖਹਿਰਾ)- ਕੇਂਦਰੀ ਹਕੂਮਤਾਂ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਦੇਸ਼ ਭਰ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 20 ਮਈ ਨੂੰ ਦੇਸ਼ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ। ਇਸ ਹੜਤਾਲ ਸਬੰਧੀ ਵਿਚਾਰ ਚਰਚਾ ਕਰਨ ਵਾਸਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਵੱਲੋਂ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਕਾਮਰੇਡ ਜਗਦੀਸ਼ ਸਿੰਘ ਚਾਹਲ ਸੂਬਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ...



ਤੇ ਬਦਨਾਮ ਕਰਨ ਦੇ ਰਾਹਾਂ 'ਤੇ ਚੱਲ ਰਹੀ ਹਨ, ਜੋ ਅਤਿਅੰਤ ਮੰਦਭਾਗਾ ਹੈ। ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਵੱਖ-ਵੱਖ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿੱਚ ਜਨਵਰੀ 2004 ਤੋਂ ਪਹਿਲਾਂ ਭਰਤੀ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਵਾਅਦਾ ਅਜੇ ਤੱਕ ਵਫ਼ਾ ਨਹੀਂ ਹੋਇਆ। ...

ਦੀਆਂ ਮਹਿੰਗਾਈ ਦੀਆਂ ਚਾਰ ਕਿਸ਼ਤਾਂ ਪੰਜਾਬ ਸਰਕਾਰ ਵੱਲ ਬਕਾਇਆ ਹੋ ਗਈਆਂ ਹਨ, ... ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ...

# ਸਰਕਾਰੀ ਬੱਸਾਂ 'ਚ ਸਫ਼ਰ ਕਰਨ ਵਾਲਿਆਂ ਨੂੰ ਮਿਲੇਗੀ ਰਾਹਤ !

- ਪੀ ਆਰ ਟੀ ਸੀ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ 'ਚ ਨਵੀਆਂ ਬੱਸਾਂ ਖ਼ਰੀਦਣ ਦਾ ਫ਼ੈਸਲਾ

ਪਟਿਆਲਾ (ਰਜਿੰਦਰ ਸਿੰਘ ਥਿੰਦ) : ਪੀ ਆਰ ਟੀ ਸੀ ਮੁੱਖ ਦਫ਼ਤਰ ਵਿਖੇ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਹੋਈ।ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਦੱਸਿਆ ਕਿ ਮੀਟਿੰਗ ਵਿੱਚ ਨਵੀਆਂ ਬੱਸਾਂ ਖ਼ਰੀਦ ਦੀ ਕਾਰਵਾਈ ਨੂੰ ਅਮਲ ਵਿੱਚ ਲਿਆਉਣ ਦੇ ਆਦੇਸ਼ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਇਸ ਨੂੰ ਬਹੁਤ ਜਲਦ ਅਮਲੀ ਜਾਮਾ ਪਹਿਨਾ ਦਿੱਤਾ ਜਾਵੇਗਾ। ...



# ਰੋਹ ਨੂੰ ਦੇਖਦੇ ਹੋਏ ਮੁਅੱਤਲ ਪੀ ਏ ਯੂ ਮੁਲਾਜ਼ਮ ਕੀਤਾ ਬਹਾਲ



ਲੁਧਿਆਣਾ (ਰੈਕਟਰ ਕਥੂਰੀਆ/ਪ੍ਰਦੀਪ ਸ਼ਰਮਾ)- ਪੀਏਯੂ ਲੁਧਿਆਣਾ ਵਿਖੇ ਹਾਲਾਤ ਉਸ ਵੇਲੇ ਜ਼ਿਆਦਾ ਖ਼ਰਾਬ ਹੋ ਗਏ ਜਦੋਂ ਪੀਏਯੂ ... ਧਰਨਾ ਨਹੀਂ ਲਾਉਣ ਦਿੱਤਾ ਜਾਵੇਗਾ, ਪ੍ਰੰਤੂ 10 ਵਜੇ ਦੇ ਕਰੀਬ ਯੂਨੀਵਰਸਿਟੀ ਦੇ ਸਾਰੇ ਗੇਟ ਬੰਦ ਹੋ ਜਾਣ ਦੇ ਬਾਵਜੂਦ ਯੂਨੀਅਨ ਦੇ ਪ੍ਰਧਾਨ ਬਲਦੇਵ ਸਿੰਘ ਵਾਲੀਆ ਦੀ ਅਗਵਾਈ ਵਿੱਚ ਨਾਅਰੇ ਮਾਰਦੇ ਹੋਏ 200 ਦੇ ਕਰੀਬ ਮੁਲਾਜ਼ਮਾਂ ਨੇ ਰੈਲੀ ਦਾ ਰੂਪ ਧਾਰਨ ਕਰ ਲਿਆ।ਪ੍ਰਧਾਨ ਵਾਲੀਆ ਤੇ ਹੋਰ ਸਾਥੀਆਂ ਸਮੇਤ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।ਇਹ ਸਾਰਾ ਮਾਮਲਾ ਕੁਝ ਦਿਨਾਂ ਤੋਂ ਇੱਕ ... ਨਾਲ ਗੱਲਬਾਤ ਦੌਰਾਨ ਮੁਅਤਲ ਕੀਤੇ ਗਏ ਮੁਲਾਜ਼ਮ ਦੀ ਬਹਾਲੀ ਦਾ ਐਲਾਨ ਕੀਤਾ ਗਿਆ।ਇਸ ਮੌਕੇ ਵੱਡੀ ਗਿਣਤੀ ਵਿੱਚ ਪੀਏਯੂ ਦੇ ਮੁਲਾਜ਼ਮ, ਰਿਟਾਇਰੀਜ਼, ਪੈਨਸ਼ਨਰਜ਼ ਤੇ ਏਟਕ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਵਿਜੇ ਕੁਮਾਰ, ਜਨਰਲ ਸਕੱਤਰ ਐੱਮ ਐੱਸ ਭਾਟੀਆ ਤੇ ਸੀਨੀਅਰ ਮੀਤ ਪ੍ਰਧਾਨ ਕੇਵਲ ਸਿੰਘ ਬਣਵੈਤ ਸਮੇਤ ਬਹੁਤ ਸਾਰੇ ਨੇਤਾ ਹਾਜ਼ਰ ਸਨ।

# ਡਿੱਪੂ ਹੋਲਡਰਾਂ ਵੱਲੋਂ ਡੀ ਐੱਫ ਐੱਸ ਓ ਦਫ਼ਤਰ ਅੱਗੇ ਧਰਨਾ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)- ਆਲ ਡਿੱਪੂ ਹੋਲਡਰ ਯੂਨੀਅਨ ਪੰਜਾਬ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਖੁਰਾਕ ਸਪਲਾਈ ਦਫ਼ਤਰ ਸਾਹਮਣੇ ਧਰਨਾ ਦਿੱਤਾ ਗਿਆ। ... ਆਦਮੀ ਕੋਲੋਂ ਐਫੀਡੇਵਿਟ ਲੈ ਕੇ ਹੀ ਕਾਰਵਾਈ ਕਰੇ, ਬਾਰਦਾਨੇ ਦਾ ਵਜਨ 53 ਕਿੱਲੋ 500 ਗ੍ਰਾਮ ਆ ਰਿਹਾ ਹੈ, ਉਹ ਵਜਨ 50 ਕਿੱਲੋ 580 ਗ੍ਰਾਮ ਜ਼ਰੂਰੀ ਕੀਤਾ ਜਾਵੇ, ... ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਦਾ ਹੱਲ ਨਾ ਹੋਇਆ ਤਾਂ ਉਹ ਵੱਡਾ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ।ਇਸ ਮੌਕੇ ਵੱਡੀ ਗਿਣਤੀ 'ਚ ਡਿੱਪੂ ਹੋਲਡਰ ਮੌਜੂਦ ਸਨ।

# ਨਸ਼ੇ ਦੇ ਮਾਮਲੇ 'ਚ ਨੌਜਵਾਨ ਨੂੰ 10 ਸਾਲ ਦੀ ਕੈਦ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਅਗਸਤ 2018 'ਚ ਨਸ਼ੇ ਵਾਲੀਆਂ ਟੀਕਿਆਂ ਦੀ ਬਰਾਮਦਗੀ ਮਾਮਲੇ 'ਚ ਗ੍ਰਿਫਤਾਰ ਕੀਤੇ ਗਏ ਇੱਕ ਅਪਾਹਜ ਨੌਜਵਾਨ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ ਕੈਦ ਤੇ ਜੁਰਮਾਨੇ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮਿਤੀ 18/8/2018 ਨੂੰ ਥਾਣਾ ਬਡਾਲੀ ਆਲਾ ਸਿੰਘ ਵਿਖੇ ਅ/ਧ 22 (ਸੀ) ਐੱਨ.ਡੀ.ਪੀ.ਐੱਸ. ਐਕਟ ਦਰਜ ਕੀਤੇ ਗਏ ਮੁਕੱਦਮੇ 'ਚ ਮਨਵਿੰਦਰ ਸਿੰਘ ਉਰਫ ਮੋਨੂੰ ਵਾਸੀ ਪਿੰਡ ਕਮਾਲੀ ਨੂੰ ਗ੍ਰਿਫਤਾਰ ਕਰਦੇ ਹੋਏ ਪੁਲਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਗਸ਼ਤ ਦੌਰਾਨ ਸਬ-ਇੰਸਪੈਕਟਰ ਸਨਦੀਪ ਕੌਰ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਪੈਦਲ ਜਾ ਰਹੇ ਮਨਵਿੰਦਰ ਸਿੰਘ ਉਰਫ ਮੋਨੂੰ ਨੂੰ ਰੋਕਿਆ ਗਿਆ, ਜਿਸ ਦੀ ਡੀ.ਐੱਸ.ਪੀ. ਨਵਨੀਤ ਕੌਰ ਦੀ ਹਾਜ਼ਰੀ 'ਚ ਜਦੋਂ ਤਲਾਸ਼ੀ ਲਈ ਗਈ ਤਾਂ ਉਸ ਦੇ ਕਬਜ਼ੇ 'ਚੋਂ 17 ਟੀਕੇ ਬਿਊਪਰੋਨੋਰਫਿਨ ਤੇ 7 ਸ਼ੀਸ਼ੀਆਂ ਏਵਲ ਬਰਾਮਦ ਹੋਈਆਂ।ਮੁਕੱਦਮੇ ਦੀ ਸੁਣਵਾਈ ਪੂਰੀ ਹੋਣ 'ਤੇ ਫ਼ਤਹਿਗੜ੍ਹ ਸਾਹਿਬ ਦੀ ਸਪੈਸ਼ਲ ਅਦਾਲਤ ਨੇ ਮਨਵਿੰਦਰ ਸਿੰਘ ਉਰਫ ਮੋਨੂੰ ਨੂੰ ਮਾਮਲੇ 'ਚ ਦੋਸ਼ੀ ਮੰਨਦੇ ਹੋਏ 10 ਸਾਲ ਕੈਦ ਬਾਮੁਸ਼ੱਕਤ ਤੇ 1,00,000/- ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# ਪਹਿਲਗਾਮ ਘਟਨਾ ਮਨੁੱਖਤਾ ਦਾ ਘਾਣ ਕਰਨ ਵਾਲੀ ਕਾਇਰਤਾ ਭਰੀ ਕਾਰਵਾਈ : ਸੇਖੋਂ

ਬਠਿੰਡਾ (ਬਖਤੌਰ ਢਿੱਲੋਂ)- ਪਹਿਲਗਾਮ ਦੇ ਨਜ਼ਦੀਕ ਮਿੰਨੀ ਸਵਿੱਟਜ਼ਰਲੈਂਡ ਵਜੋਂ ਜਾਣੇ ਜਾਂਦੇ ਸਥਾਨ 'ਤੇ ਖ਼ੁਸ਼ੀਆਂ ਮਨਾ ਰਹੇ ਦੋ ਦਰਜਨ ਤੋਂ ਵੱਧ ਬੇਕਸੂਰ ਸੈਲਾਨੀਆਂ ਨੂੰ ਗੋਲੀਆਂ ਨਾਲ ਭੁੰਨ ਦੇਣ ਦੀ ਘਟਨਾ ਅਤੀ ਨਿੰਦਣਯੋਗ ਹੈ। ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਕਾ: ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਇਹ ਘਟਨਾ ਕੋਈ ਬਹਾਦਰੀ ਵਾਲੀ ਕਾਰਵਾਈ ਨਹੀਂ, ਬਲਕਿ ਮਨੁੱਖਤਾ ਦਾ ਘਾਣ ਕਰਨ ਵਾਲੀ ਕਾਇਰਤਾ ਭਰੀ ਕਾਰਵਾਈ ਹੈ। ਕਾ: ਸੇਖੋਂ ਨੇ ਕਿਹਾ ਕਿ ਪਿਛਲੇ ਦੋ ਕੁ ਸਾਲਾਂ ਤੋਂ ਦੇਸ਼ ਵਿਦੇਸ਼ ਦੇ ਸੈਲਾਨੀਆਂ ਦੀ ਕਸ਼ਮੀਰ ਵੱਲ ਆਮਦ ਵਿੱਚ ਵਾਧਾ ਹੋਇਆ ਸੀ, ਜਿਸ ਨਾਲ ਭਾਈਚਾਰਕ ਸਾਂਝ ਮਜ਼ਬੂਤ ਹੋਈ ਅਤੇ ਉਸ ਰਾਜ ਦੀ ਆਮਦਨ ਵਿੱਚ ਵੀ ਵਾਧਾ ਹੋਇਆ, ਪਰ ਇਹ ਮਾਹੌਲ ਦੇਸ਼ ਵਿੱਚ ਗੜਬੜ ਪੈਦਾ ਕਰਨ ਵਾਲੇ ਅੱਤਵਾਦੀਆਂ ਨੂੰ ਹਜ਼ਮ ਨਹੀਂ ਆਇਆ। ਉਨ੍ਹਾਂ ਗੋਲੀਆਂ ਚਲਾਉਣ ਸਮੇਂ ਔਰਤਾਂ, ਬੱਚਿਆਂ ਨੂੰ ਵੀ ਨਹੀਂ ਬਖਸ਼ਿਆ। ਉਨ੍ਹਾਂ ਕਿਹਾ ਕਿ ਇਹ ਘਟਨਾ ਜਿੱਥੇ ਦੁੱਖਦਾਈ ਹੈ, ਉੱਥੇ ਵੱਡੀ ਚਿੰਤਾ ਵੀ ਪ੍ਰਗਟ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਮੌਕੇ ਆਮ ਲੋਕਾਂ ਦਾ ਇੱਕ ਦੂਜੇ ਪ੍ਰਤੀ ਹਮਦਰਦੀ ਤੇ ਬਚਾਅ ਕਰਨ ਵਾਲਾ ਮਾਹੌਲ ਤਸੱਲੀ ਵੀ ਦਿੰਦਾ ਹੈ। ਸੂਬਾ ਸਕੱਤਰ ਨੇ ਕਿਹਾ ਕਿ ਦਹਾਕਿਆਂ ਤੋਂ ਕਸ਼ਮੀਰ ਵਿੱਚ ਚੱਲ ਰਿਹਾ ਇਹ ਅੱਤਵਾਦੀ ਦੌਰ ਖਤਮ ਕਰਨ ਵਿੱਚ ਕੇਂਦਰ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ। ਪਹਿਲਗਾਮ ਦੁਰਘਟਨਾ ਵਿੱਚ ਫਿਰਕਾਪ੍ਰਸਤੀ ਦੀ ਸਪੱਸ਼ਟ ਬੋਅ ਆਉਂਦੀ ਹੈ, ਜੋ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਨੁਕਸਾਨਦੇਹ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਮੋਦੀ ਵੱਲੋਂ ਪੀੜਤਾਂ ਕੋਲ ਪਹੁੰਚ ਕਰਕੇ ਉਨ੍ਹਾਂ ਦੀ ਸਾਰ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅੱਗੇ ਲਈ ਅਜਿਹੀ ਕਿਸੇ ਘਟਨਾ ਨੂੰ ਰੋਕਣ ਲਈ ਸਰਕਾਰ ਨੂੰ ਸਖ਼ਤ ਠੋਸ ਕਦਮ ਚੁੱਕਣੇ ਚਾਹੀਦੇ ਹਨ।

# ਦੇਸ਼ ਭਗਤ ਗਲੋਬਲ ਸਕੂਲ ਵਿਖੇ ਇਕ ਰੋਜ਼ਾ ਡਾਂਸ ਵਰਕਸ਼ਾਪ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)- ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਗਰੁੱਪ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪਰਸਤੀ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਸਕੂਲ ਵੱਲੋਂ ਇੱਕ ਰੋਜ਼ਾ ਡਾਂਸ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਅਧਿਆਪਕ ਵਿਸ਼ਾਲ ਗਰਗ, ਪ੍ਰਸਿੱਧ ਕੋਰਿਓਗ੍ਰਾਫਰ ਨੇ ਵਿਦਿਆਰਥੀਆਂ ਨੂੰ ਡਾਂਸ ਦੀਆਂ ਨਵੀਆਂ ਤਕਨੀਕਾਂ ਸਿਖਾਈਆਂ। ਇਸ ਦੇ ਨਾਲ ਨਾਲ ਬੱਚਿਆਂ ਨੂੰ ਸਰੀਰਕ ਤੌਰ 'ਤੇ ਫਿੱਟ ਰਹਿਣ ਦਾ ਸੁਨੇਹਾ ਵੀ ਦਿੱਤਾ।ਇਸ ਮੌਕੇ ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਨੇ ਕਿਹਾ ਕਿ ਦੇਸ਼ ਭਗਤ ਗਲੋਬਲ ਸਕੂਲ ਇਸ ਆਧੁਨਿਕ ਦੌਰ ਵਿੱਚ ਬੱਚਿਆਂ ਦੇ ਸ਼ੌਕ ਨੂੰ ਉਤਸ਼ਾਹਤ ਕਰਕੇ ਉਨ੍ਹਾਂ ਦੇ ਅੰਦਰ ਛੁਪੀਆਂ ਹੋਈਆਂ ਕਲਾਵਾਂ ਨੂੰ ਨਿਖਾਰ ਕੇ ਉਨ੍ਹਾ ਨੂੰ ਦੁਨੀਆ ਸਾਹਮਣੇ ਬੇਝਿਜਕ ਹੋ ਕੇ ਖੜ੍ਹਨ ਲਈ ਤਿਆਰ ਕਰਦਾ ਹੈ।ਉਨ੍ਹਾਂ ਕਿਹਾ ਕਿ ਸ਼ੌਕ ਨੂੰ ਪੇਸ਼ੇਵਰ ਬਣਾਉਣ ਵੱਲ ਵਧਣਾ ਸਮੇਂ ਦੀ ਸਭ ਤੋਂ ਵੱਧ ਲੋੜ ਹੈ।ਸਕੂਲ ਦੇ ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਨੇ ਦੱਸਿਆ ਕਿ ਇਸ ਵਰਕਸ਼ਾਪ ਵਿੱਚ ਸਕੂਲ ਦੇ ਨਾਲ ਨਾਲ ਬਹੁਤ ਸਾਰੇ ਵਿਦਿਆਰਥੀਆਂ ਨੇ ਭਾਗ ਲਿਆ ਤੇ ਡਾਂਸ ਦੀਆਂ ਕਲਾਵਾਂ ਨੂੰ ਗਹਿਰਾਈ ਨਾਲ ਸਮਝਣ ਦਾ ਮੌਕਾ ਪ੍ਰਾਪਤ ਕੀਤਾ।ਕੋਰੀਓਗ੍ਰਾਫਰ ਵਿਸ਼ਾਲ ਗਰਗ ਨੇ ਵਿਦਿਆਰਥੀਆਂ ਨਾਲ ਆਪਣਾ ਤਜਰਬਾ ਸਾਂਝਾ ਕੀਤਾ ਤੇ ਉਨ੍ਹਾਂ ਨੂੰ ਡਾਂਸ ਪ੍ਰਤੀ ਉਤਸ਼ਾਹਤ ਕੀਤਾ। ਸਕੂਲ ਪ੍ਰਿੰਸੀਪਲ ਨੇ ਇਸ ਮੌਕੇ ਵਿਸ਼ਾਲ ਗਰਗ ਦਾ ਧੰਨਵਾਦ ਕੀਤਾ।

# ਆਈ ਡੀ ਪੀ ਡੀ ਵੱਲੋਂ ਸੈਲਾਨੀਆਂ ਦੀ ਹੱਤਿਆ ਦੀ ਨਿੰਦਾ

ਲੁਧਿਆਣਾ (ਐੱਮ ਐੱਸ ਭਾਟੀਆ)- ਇੰਡੀਅਨ ਡਾਕਟਰ ਫਾਰ ਪੀਸ ਐਂਡ ਡਿਵਲਪਮੈਂਟ (ਆਈ.ਡੀ.ਪੀ.ਡੀ.) ਵੱਲੋਂ ਪਹਿਲਗਾਮ ਵਿਖੇ ਨਿਰਦੋਸ਼ ਸੈਲਾਨੀਆਂ ਦੀ ਹੱਤਿਆ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ।ਇਸ ਵਹਿਸ਼ਿਆਨਾ ਕਾਰੇ ਦੇ ਦੋਸ਼ੀਆਂ ਨੂੰ ਛੇਤੀ ਸਖਤ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ।ਅਜਿਹੇ ਕਾਰੇ ਦੱਖਣੀ ਏਸ਼ੀਆ ਵਿੱਚ ਪਹਿਲਾਂ ਤੋਂ ਅਸਥਿਰ ਮਾਹੌਲ ਨੂੰ ਵਧਾਉਂਦੇ ਹਨ, ਹਥਿਆਰਾਂ ਦੀ ਦੌੜ ਤੇ ਪ੍ਰਮਾਣੂ ਪ੍ਰਸਾਰ ਨੂੰ ਵਧਾਉਂਦੇ ਹਨ।ਇਹ ਬਿਆਨ ਡਾ: ਐੱਸ ਐੱਸ ਸੂਦਨ ਸਰਪਰਸਤ, ਡਾ. ਅਰੁਣ ਮਿੱਤਰਾ ਪ੍ਰਧਾਨ, ਡਾ. ਸ਼ਕੀਲ ਉਰ ਰਹਿਮਾਨ ਜਨਰਲ ਸਕੱਤਰ, ਡਾ. ਮੁਹੰਮਦ ਲਤੀਫ ਮੀਤ ਪ੍ਰਧਾਨ ਤੇ ਡਾ. ਗੁਲਾਮ ਮੁਹੰਮਦ ਮਲਿਕ ਸਾਬਕਾ ਪ੍ਰਧਾਨ ਆਈ ਡੀ ਪੀ ਡੀ ਜੰਮੂ ਤੇ ਕਸ਼ਮੀਰ ਨੇ ਪ੍ਰੈੱਸ ਨੂੰ ਜਾਰੀ ਕੀਤਾ। ਬਿਆਨ ਵਿੱਚ ਇਲਾਕੇ ਦੇ ਲੋਕਾਂ ਦੀ ਜ਼ਖ਼ਮੀਆਂ ਨੂੰ ਫੌਰੀ ਸਹਾਇਤਾ ਦੇਣ ਦੀ ਸ਼ਲਾਘਾ ਕੀਤੀ ਗਈ।ਬਿਆਨ 'ਚ ਡਾਕਟਰਾਂ ਅਤੇ ਪੈਰਾ ਮੈਡੀਕਲ ਸਟਾਫ ਐੱਸ ਡੀ ਐੱਚ ਪਹਿਲਗਾਮ ਤੇ ਜੀ ਐੱਮ ਸੀ ਅਨੰਤਨਾਗ ਦੀ ਜ਼ਖ਼ਮੀ ਲੋਕਾਂ ਦੀ ਕੀਮਤੀ ਜ਼ਿੰਦਗੀ ਨੂੰ ਬਚਾਉਣ ਲਈ ਤੁਰੰਤ ਆਪਣੇ ਸਾਰੇ ਸਰੋਤਾਂ ਦੀ ਵਰਤੋਂ ਕਰਨ ਲਈ ਬਹੁਤ ਪ੍ਰਸੰਸਾ ਕੀਤੀ।ਉਨ੍ਹਾਂ ਮੰਗ ਕੀਤੀ ਕਿ ਸਰਕਾਰ ਨੂੰ ਅਜਿਹੀਆਂ ਸਥਿਤੀਆਂ ਵਿੱਚ ਗੰਭੀਰ ਮਰੀਜ਼ਾਂ ਨੂੰ ਚੁੱਕਣ ਲਈ ਐਮਰਜੈਂਸੀ ਏਅਰ ਐਂਬੂਲੈਂਸ ਦੀ ਸਹੂਲਤ ਰੱਖਣੀ ਚਾਹੀਦੀ ਹੈ।

# ਜ਼ਿਲ੍ਹਾ ਪੱਧਰੀ ਸਮਾਗਮ 'ਚ ਖਿਡਾਰੀਆਂ, ਨੌਜਵਾਨਾਂ ਨੇ ਨਸ਼ਾ ਨਾ ਕਰਨ ਦੀ ਚੁੱਕੀ ਸਹੁੰ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)- ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਸਬੰਧੀ ਜ਼ਿਲ੍ਹਾ ਪੱਧਰੀ ਸਮਾਗਮ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਸਥਾਨਕ ਗੁਰੂ ਗੋਬਿੰਦ ਸਿੰਘ ਖੇਡ ਸਟੇਡੀਅਮ ਵਿਖੇ ਕਰਵਾਇਆ ਗਿਆ।ਇਸ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਗੁਰਪ੍ਰੀਤ ਸਿੰਘ ਥਿੰਦ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਸ ਮੁਹਿੰਮ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਸਮਾਜ ਨੂੰ ਇਸ ਭੈੜੀ ਬਿਮਾਰੀ ਤੋਂ ਬਚਾਇਆ ਜਾ ਸਕੇ।ਉਨ੍ਹਾਂ ਕਿਹਾ ਕਿ ਨਸ਼ਾ ਜਿੱਥੇ ਸਾਡੀ ਜ਼ਿੰਦਗੀ ਨੂੰ ਖਤਮ ਕਰਦਾ ਹੈ, ਉਥੇ ਇਹ ਸਮਾਜਿਕ ਤੇ ਆਰਥਿਕ ਤੌਰ 'ਤੇ ਵੀ ਨੁਕਸਾਨ ਕਰਦਾ ਹੈ।ਉਨ੍ਹਾਂ ਨੌਜਵਾਨ ਪੀੜ੍ਹੀ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਨਸ਼ਿਆਂ ਵਰਗੀਆਂ ਭੈੜੀਆਂ ਆਦਤਾਂ ਤੋਂ ਛੁਟਕਾਰਾ ਪਾਉਣ ਲਈ ਉਸਾਰੂ ਸੋਚ ਨੂੰ ਅਪਣਾਉਣਾ ਚਾਹੀਦਾ ਹੈ।ਨਸ਼ੇ ਕਰਨ ਵਾਲਿਆਂ ਨੂੰ ਨਸ਼ਾ ਛੁਡਾਓ ਸੈਂਟਰਾਂ ਵਿੱਚ ਜਾ ਕੇ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ।ਇਸ ਮੌਕੇ ਖੇਡ ਵਿਭਾਗ ਵੱਲੋਂ ਸਕੂਲੀ ਬੱਚਿਆਂ ਦੇ ਹਾਕੀ ਤੇ ਬਾਸਕਟਬਾਲ ਦੇ ਖੇਡ ਮੁਕਾਬਲੇ ਕਰਵਾਏ ਗਏ ਅਤੇ ਨਸ਼ਾ ਵਿਰੋਧੀ ਜਾਗਰੂਕ ਨਾਟਕਾਂ ਦੀ ਪੇਸ਼ਕਾਰੀ ਕੀਤੀ ਗਈ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਨਸ਼ਿਆਂ ਵਿਰੁੱਧ ਸਾਰਿਆਂ ਨੂੰ ਸਹੁੰ ਵੀ ਚੁਕਵਾਈ ਗਈ।ਇਸ ਮੌਕੇ ਸ੍ਰੀਮਤੀ ਬਲਜੀਤ ਕੌਰ ਐੱਸ.ਡੀ.ਐੱਮ., ਪੁਨੀਤ ਸ਼ਰਮਾ ਮੁੱਖ ਮੰਤਰੀ ਖੇਤਰੀ ਅਧਿਕਾਰੀ, ਜਸਪਾਲ ਮੌਂਗਾ ਜ਼ਿਲ੍ਹਾ ਸਿੱਖਿਆ ਅਫਸਰ, ਸ੍ਰੀਮਤੀ ਅਨਿੰਦਰਵੀਰ ਕੌਰ ਜ਼ਿਲ੍ਹਾ ਖੇਡ ਅਫਸਰ, ਰਾਜ ਕੁਮਾਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਖਿਡਾਰੀ ਤੇ ਸਕੂਲੀ ਬੱਚੇ ਮੌਜੂਦ ਸਨ।


Jeena Sikho LIFECARE

## ਜੀਨਾ ਸੀਖੋ ਲਾਈਫਕੇਅਰ ਲਿਮਟਿਡ

ਸੀ ਆਈ ਐੱਨ : ਐੱਲ 52601 ਪੀ ਬੀ 2017
ਪੀ ਐੱਲ ਸੀ 046545
ਰਜਿਸਟਰਡ ਦਫ਼ਤਰ ਐੱਸ ਸੀ ਓ 11, ਕਲਗੀਧਰ ਇਨਕਲੇਵ, ਜ਼ੀਰਕਪੁਰ, ਮੋਹਾਲੀ, ਪੰਜਾਬ-140604, ਇੰਡੀਆ
ਟੈਲੀ : ਨੰ: 017-62513185
ਵੈੱਬਸਾਈਟ-https://www.jeenasikho.com/, Email ID : cs@jeenasikho.com

## ਨੋਟਿਸ

ਕੰਪਨੀਜ਼ (ਮੈਨੇਜਮੈਂਟ ਐਂਡ ਐਡਮਨਿਸਟ੍ਰੇਸ਼ਨ) ਰੂਲਜ਼, 2014 (ਕੋਈ ਵਿਧਾਨਕ ਸੋਧ ਜਾਂ ਮੁੜ ਕਨੂੰਨ ਬਣਾਉਣਾ ਸ਼ਾਮਲ ਜੋ ਵਰਤਮਾਨ ਸਮੇਂ 'ਚ ਲਾਗੂ ਹੋਵੇ), ਨਾਲ ਪੜ੍ਹੇ ਜਾਂਦੇ ਕੰਪਨੀਜ਼ ਐਕਟ, 2013 ਦੇ ਸੈਕਸ਼ਨ 108 ਅਤੇ ਸੈਕਸ਼ਨ 110, ਸਕਿਉਰਟੀ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨ 2015, ਦੇ ਰੈਗੂਲੇਸ਼ਨ 44, ਇੰਸਟੀਚਿਊਟ ਆਫ਼ ਕੰਪਨੀ ਸੈਕ੍ਰੇਟਰੀਜ਼ ਆਫ਼ ਇੰਡੀਆ ਵੱਲੋਂ ਜਨਰਲ ਮੀਟਿੰਗ 'ਚ ਜਾਰੀ ਸੈਕ੍ਰੇਟੇਰੀਅਲ ਸਟੈਂਡਰਜ਼ 2, ਕਾਰਪੋਰੇਟ ਮਾਮਲੇ ਮੰਤਰਾਲਾ ਵੱਲੋਂ ਜਨਰਲ ਸਰਕੁਲਰ ਨੰ: 14/2020 ਮਿਤੀ 8 ਅਪ੍ਰੈਲ, 2020 ਨਾਲ ਪੜ੍ਹੇ ਜਾਂਦੇ ਜਨਰਲ ਸਰਕੁਲਰ ਨੰ: 17/2020 ਮਿਤੀ 13 ਅਪ੍ਰੈਲ 2020, ਜਨਰਲ ਸਰਕੁਲਰ ਨੰ: 22/2020 ਮਿਤੀ 15 ਜੂਨ, 2020 ਜਨਰਲ ਸਰਕੁਲਰ ਨੰ: 33/2020 ਮਿਤੀ 28 ਸਤੰਬਰ 2020, ਜਨਰਲ ਸਰਕੁਲਰ ਨੰ: 39/2020 ਮਿਤੀ 31 ਦਸੰਬਰ 2020, ਜਨਰਲ ਸਰਕੁਲਰ ਨੰ: 10/2021 ਮਿਤੀ 23 ਜੂਨ 2021, ਜਨਰਲ ਸਰਕੁਲਰ ਨੰ: 20/2021 ਮਿਤੀ 8 ਦਸੰਬਰ 2021, ਜਨਰਲ ਸਰਕੁਲਰ ਨੰ: 3/2022 ਮਿਤੀ 5 ਮਈ 2022, ਜਨਰਲ ਸਰਕੁਲਰ ਨੰ: 11/2022 ਮਿਤੀ 28 ਦਸੰਬਰ 2022, ਜਨਰਲ ਸਰਕੁਲਰ ਨੰ: 9/2023 ਮਿਤੀ 25 ਸਤੰਬਰ 2023 ਅਤੇ ਜਨਰਲ ਸਰਕੁਲਰ ਨੰ: 09/2024 ਮਿਤੀ 19 ਸਤੰਬਰ 2024 ("ਐੱਮ ਸੀ ਏ ਸਰਕੁਲਰਜ਼"), ਸਕਿਉਰਟੀਜ਼ ਐਕਸਚੇਂਜ਼ ਬੋਰਡ ਆਫ਼ ਇੰਡੀਆ ਵੱਲੋਂ ਜਾਰੀ ਹੋਰ ਸਰਕੁਲਰ ਅਤੇ ਲਾਗੂ ਕਾਨੂੰਨ ਅਤੇ ਰੈਗੂਲੇਸ਼ਨਜ਼, ਜੇਕਰ ਕੋਈ ਹਨ, ਵੱਲੋਂ ਜਾਰੀ ਰਾਹਤਾਂ ਅਤੇ ਸਪੱਸ਼ਟੀਕਰਨ ਦੀ ਪਾਲਣਾ 'ਚ ਜੀਨਾ ਸੀਖੋ ਲਾਈਫਕੇਅਰ ਲਿਮਟਿਡ ("ਕੰਪਨੀ") ਨੇ ਪੋਸਟਲ ਬੈਲਟ ਨੋਟਿਸ ("ਨੋਟਿਸ") ਸਮੇਤ ਵਿਸਥਾਰਤ ਬਿਆਨ ਸ਼ੁੱਕਰਵਾਰ, 23 ਅਪ੍ਰੈਲ 2025 ਨੂੰ, ਕੰਪਨੀ ਦੇ ਉਨ੍ਹਾਂ ਮੈਂਬਰਾਂ, ਜਿਨ੍ਹਾਂ ਦੇ ਈਮੇਲ ਪਤੇ ਕੰਪਨੀ/ਡਿਪਾਜ਼ਟਰੀਜ਼/ਡਿਪਾਜ਼ਟਰੀ ਪਾਰਟੀ ਸੀ ਪੈਂਟਸ/ਰਜਿਸਟਰਾਰ ਅਤੇ ਸ਼ੇਅਰ ਟਰਾਂਸਫਰ ਏਜੰਟ ("ਆਰ ਟੀ ਏ"), ਸਕਾਈਲਾਈਨ ਫਾਇਨੈਂਸ਼ੀਅਲ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ("ਸਕਾਈਲਾਈਨ") ਅਤੇ ਜਿਨ੍ਹਾਂ ਦੇ ਨਾਂਅ ਮੈਂਬਰਾਂ ਦੇ ਰਜਿਸਟਰ/ਲਾਭਪਾਤਰੀ ਮਾਲਕਾਂ ਦੀ ਸੂਚੀ 'ਚ ਸ਼ੁੱਕਰਵਾਰ 18 ਅਪ੍ਰੈਲ 2025 ("ਕੱਟ ਆਫ ਡੇਟ") ਨੂੰ ਦਰਜ ਹਨ, ਨੂੰ ਸਿਰਫ਼ ਇਲੈਕਟ੍ਰਾਨਿਕ ਮੋਡ ਰਾਹੀਂ ਭੇਜਣ ਦਾ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ। ਨੋਟਿਸ ਦੀ ਭੌਤਿਕ ਕਾਪੀ ਅਤੇ ਪੋਸਟਲ ਬੈਲਟ ਫਾਰਮ ਸਮੇਤ ਪ੍ਰੀਪੇਡ ਬਿਜ਼ਨੈੱਸ ਇਨਵੈਲਪ ਦੀ ਭੌਤਿਕ ਕਾਪੀ ਭੇਜਣ ਦੀ ਮੰਗ ਐੱਮ ਸੀ ਏ ਸਰਕੁਲਰਜ਼ ਸੰਬੰਧਤ ਚਿਤਾਵਨੀ ਕਾਰਨ ਮੁਲਤਵੀ ਕਰ ਦਿੱਤੀ ਗਈ ਹੈ। ਮੈਂਬਰਾਂ ਤੋਂ ਸਿਰਫ਼ ਰੀਮੋਟ ਈ-ਵੋਟਿੰਗ ਸਿਸਟਮ ਰਾਹੀਂ ਸਹਿਮਤੀ ਜਾਂ ਅਸਹਿਮਤੀ ਦੱਸਣ ਦੀ ਮੰਗ ਕੀਤੀ ਜਾਂਦੀ ਹੈ।

ਮੈਂਬਰਾਂ ਨੂੰ ਅੱਗੇ ਹੋਰ ਜਾਣਕਾਰੀ ਦਿੱਤੀ ਜਾਂਦੀ ਹੈ ਕਿ:

ਏ) ਹੇਠਲੇ ਵਿਸ਼ੇਸ਼ ਕਾਰੋਬਾਰ ਸਿਰਫ਼ ਇਲੈਕਟ੍ਰਾਨਿਕ ਢੰਗ ("ਰੀਮੋਟ ਈ-ਵੋਟਿੰਗ") ਰਾਹੀਂ ਪੋਸਟਲ ਬੈਲਟ ਵੋਟਿੰਗ ਰਾਹੀਂ ਸਧਾਰਨ/ਵਿਸ਼ੇਸ਼ ਰੈਜ਼ੂਲੂਸ਼ਨਜ਼ ਰਾਹੀਂ ਨਿਪਟਾਏ ਜਾਣਗੇ।

- ਕੰਪਨੀ ਦੇ ਵਰਤਮਾਨ ਇਕੁਇਟੀ ਸ਼ੇਅਰ ਜਿਨ੍ਹਾਂ ਦੀ ਫੇਸ ਵੈਲੀਊ ਰੁ: 10/-(ਦਸ ਰੁਪਏ ਕੇਵਲ) ਹਰੇਕ ਦੇ ਇੱਕ ਇਕੁਇਟੀ ਸ਼ੇਅਰ ਦੀ, ਫੁਲੀ ਪੇਡ ਅੱਪ (5) ਇਕੁਇਟੀ ਸ਼ੇਅਰ ਜਿਨ੍ਹਾਂ ਦੀ ਫੇਸ ਵੈਲੀਊ ਰੁ: 2 (ਦੋ ਰੁਪਏ ਕੇਵਲ) ਹਰੇਕ ਫੁੱਲੀ ਪੇਡ ਅੱਪ ਪ੍ਰਤੀ ਸ਼ੇਅਰ ਦੀ ਵੰਡ ਨੂੰ ਸਬ ਡਵੀਜ਼ਨ ਮਨਜ਼ੂਰੀ।
- ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਟਿਡ (ਐੱਨ ਐੱਸ ਈ ਏਮਰਜ਼) ਦੇ ਪਲੇਟਫਾਰਮ ਏਮਰਜ਼ (ਐੱਨ ਐੱਸ ਈ) ਤੋਂ ਕੰਪਨੀ ਦਾ ਨੈਸ਼ਨਲ ਸਟਾਕ ਐਕਸਚੇਂਜ਼ ਆਫ਼ ਇੰਡੀਆ ਲਿਮਟਿਡ (ਐੱਨ ਐੱਸ ਈ) ਦੇ ਮੇਨ ਬੋਰਡ ਤੋਂ ਇਲਾਵਾ ਬੀ ਐੱਸ ਈ ਲਿਮਟਿਡ (ਬੀ ਐੱਸ ਈ) ਦੇ ਮੇਨ ਬੋਰਡ 'ਚ ਪਰਵਾਸ
- ਕੁਮਾਰੀ ਪ੍ਰਿਯੰਕਾ ਬਾਂਸਲ (ਡੀ ਆਈ ਐੱਨ : 09051665) ਦੀ ਕੰਪਨੀ ਦੇ ਨਾਨ-ਐਗਜ਼ੀਕਿਊਟਿਵ ਅਜ਼ਾਦ ਡਾਇਰੈਕਟਰ ਵਜੋਂ ਨਿਯੁਕਤੀ

(ਬੀ) ਰੀਮੋਟ ਈ-ਵੋਟਿੰਗ ਸਹੂਲਤ ਵੀਰਵਾਰ, 24 ਅਪ੍ਰੈਲ 2025 ਨੂੰ ਸਵੇਰੇ 9.00 ਵਜੇ (ਆਈ ਐੱਸ ਟੀ) ਨੂੰ ਸ਼ੁਰੂ ਹੋਵੇਗੀ ਅਤੇ ਸ਼ੁੱਕਰਵਾਰ, 23 ਮਈ 2025 ਨੂੰ ਸ਼ਾਮ ਦੇ 5.00 ਵਜੇ (ਆਈ ਐੱਸ ਟੀ) (ਦੋਵੇਂ ਦਿਨ ਸ਼ਾਮਲ) ਨੂੰ ਖ਼ਤਮ ਹੋਵੇਗੀ। ਦਰਸਾਈ ਮਿਤੀ ਅਤੇ ਸਮੇਂ ਤੋਂ ਬਾਅਦ ਰੀਮੋਟ ਈ-ਵੋਟਿੰਗ ਦੀ ਆਗਿਆ ਨਹੀਂ ਹੋਵੇਗੀ !

(ਸੀ) ਸਿਰਫ਼ ਉਹ ਮੈਂਬਰ, ਜਿਨ੍ਹਾਂ ਦੇ ਨਾਂਅ ਮੈਂਬਰਾਂ ਦੇ ਰਜਿਸਟਰ ਜਾਂ ਡਿਪਾਜ਼ਟਰੀਜ਼ ਵੱਲੋਂ ਲਾਭਪਾਤਰੀ ਮਾਲਕਾਂ ਦੇ ਰਖ-ਰਖਾਵ ਵਾਲੇ ਰਜਿਸਟਰ 'ਚ ਕੱਟ ਆਫ਼ ਡੇਟ ਨੂੰ ਦਰਜ ਹੋਵੇਗਾ, ਰੀਮੋਟ ਈ-ਵੋਟਿੰਗ ਪ੍ਰਣਾਲੀ ਰਾਹੀਂ ਆਪਣੀ ਵੋਟ ਪਾਉਣ ਦੇ ਯੋਗ ਹੋਣਗੇ।

(ਡੀ) ਨੋਟਿਸ ਕੰਪਨੀ ਦੀ ਵੈੱਬਸਾਈਟ http://www:jeenasikho.com ਸਟਾਕ ਐਕਸਚੇਂਜ ਜੋ ਕਿ ਨੈਸ਼ਨਲ ਸਟਾਕ ਐਕਸਚੇਜ਼ ਆਫ਼ ਇੰਡੀਆ ਲਿਮਟਿਡ www:nseindia.com ਦੀ ਵੈੱਬਸਾਈਟ ਅਤੇ ਨੈਸ਼ਨਲ ਸਕਿਉਰਟੀਜ਼ ਡਿਪਾਜ਼ਟਰੀ ਲਿਮਟਿਡ www:evoting.nsdl.com 'ਤੇ ਵੀ ਉਪਲਬਧ ਹੋਵੇਗਾ।

(ਈ) ਕੰਪਨੀ ਨੇ ਇਸ ਦੇ ਸਾਰੇ ਮੈਂਬਰਾਂ ਨੂੰ ਨੈਸ਼ਨਲ ਸਕਿਉਰਟੀਜ਼ ਡਿਪਾਜ਼ਟਰੀ ਲਿਮਟਿਡ ਵੱਲੋਂ ਮੁਹੱਈਆ ਰੀਮੋਟ ਵੋਟਿੰਗ ਪਲੇਟਫਾਰਮ ਰਾਹੀਂ ਰੀਮੋਟ ਈ-ਵੋਟਿੰਗ ਸਹੂਲਤ ਮੁਹੱਈਆ ਕਰਵਾਈ ਹੈ।

(ਐੱਫ) ਇਕ ਵਿਅਕਤੀ ਜੋ ਕੱਟ ਆਫ਼ ਡੇਟ 'ਤੇ ਮੈਂਬਰ ਨਹੀਂ ਹੈ, ਨੂੰ ਇਸ ਨੋਟਿਸ ਨੂੰ ਸਿਰਫ਼ ਸੂਚਨਾ ਦੇ ਮੰਤਵ ਲਈ ਜਾਨਣ ਦੀ ਬੇਨਤੀ ਕੀਤੀ ਜਾਂਦੀ ਹੈ।

(ਜੀ) ਸਾਂਝੇ ਹੋਲਡਰਾਂ ਦੇ ਮਾਮਲੇ 'ਚ ਸਿਰਫ਼ ਉਹ ਸਾਂਝਾ ਹੋਲਡਰ ਜਿਸ ਦਾ ਨਾਂਅ ਸਭ ਤੋਂ ਉੱਪਰ ਹੋਵੇਗਾ, ਬੈਲਟ ਨੋਟਿਸ 'ਚ ਸ਼ਾਮਲ ਰੈਜ਼ੋਲੂਸ਼ਨਜ਼ 'ਤੇ ਈ-ਵੋਟਿੰਗ ਲਈ ਯੋਗ ਹੋਵੇਗਾ।

ਕੰਪਨੀ ਦੇ ਡਾਇਰੈਕਟਰਾਂ ਦੇ ਬੋਰਡ ਦੀ 21 ਅਪ੍ਰੈਲ 2025 ਨੂੰ ਹੋਈ ਮੀਟਿੰਗ 'ਚ ਸ੍ਰੀ ਵਿਵੇਕ ਰਾਵਲ (ਮੈਂਬਰਸ਼ਿਪ ਨੰ: 43231, ਸਰਟੀਫਿਕੇਟ ਆਫ਼ ਪ੍ਰੈਕਟਿਸ ਨੰ: 22687) ਮਾਲਕ ਮੈਸ: ਰਾਵਲ ਐਂਡ ਕੰਪਨੀ, ਕੰਪਨੀ ਸੈਕ੍ਰੇਟਰੀ ਨੂੰ ਪੋਸਟਲ ਬੈਲਟ ਪ੍ਰਕ੍ਰਿਆ ਨੂੰ ਸਹੀ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਸਕਰੂਟਿਨਾਈਜ਼ਰ ਨਿਯੁਕਤ ਕੀਤਾ ਗਿਆ ਹੈ। ਪੋਸਟਲ ਬੈਲਟ ਦਾ ਨਤੀਜਾ ਸਮੇਤ ਸਕਰੂਟਿਨਾਈਜ਼ਰ ਦੀ ਰਿਪੋਰਟ ਦਾ ਐਲਾਨ, ਰੀਮੋਟ ਈ-ਵੋਟਿੰਗ ਰਾਹੀਂ ਪੋਸਟਲ ਬੈਲਟ ਪ੍ਰਕ੍ਰਿਆ ਮੁਕੰਮਲ ਹੋਣ ਤੋਂ 2 ਦਿਨਾਂ ਅੰਦਰ ਕੀਤਾ ਜਾਵੇਗਾ। ਨਤੀਜਾ ਕੰਪਨੀ ਦੀ ਵੈੱਬਸਾਈਟ http://www:jeenasikho.com ਸਟਾਕ ਐਕਸਚੇਜ਼, ਜੋ ਕਿ ਨੈਸ਼ਨਲ ਸਟਾਕ ਐਕਸਚੇਜ਼ ਇੰਡੀਆ ਲਿਮਟਿਡ ਹੈ ਦੀ ਵੈੱਬਸਾਈਟ www:nseindia.com ਅਤੇ ਨੈਸ਼ਨਲ ਸਕਿਉਰਟੀਜ਼ ਡਿਪਾਜ਼ਟਰੀ ਲਿਮਟਿਡ www:evoting.nsdl.com'ਤੇ ਵੀ ਅਪਲੋਡ ਕੀਤਾ ਜਾਵੇਗਾ।

ਭੌਤਿਕ ਸੂਰਤ 'ਚ ਸ਼ੇਅਰ ਰੱਖਣ ਵਾਲੇ ਸ਼ੇਅਰ ਹੋਲਡਰਾਂ ਨੂੰ ਦਸਤਖਤ ਕੀਤੇ ਬੇਨਤੀ ਪੱਤਰ ਦੀ ਸਕੈਨ ਕੀਤੀ ਕਾਪੀ, ਜਿਸ ਵਿੱਚ ਫੋਲੀਓ ਨੰ:, ਸ਼ੇਅਰ ਹੋਲਡਰ ਦਾ ਨਾਂਅ, ਪੂਰਾ ਪਤਾ, ਮੋਬਾਇਲ ਨੰ:, ਰਜਿਸਟਰ ਕਰਨ ਲਈ ਈਮੇਲ ਪਤਾ, ਸਮੇਤ ਪੈਨ ਦੀ ਸਕੈਨ ਖੁਦ ਤਕਸੀਦਸ਼ੁਦਾ ਕਾਪੀ ਅਤੇ ਹੋਰ ਕੋਈ ਦਸਤਾਵੇਜ਼ (ਜਿਵੇਂ ਡਰਾਇਵਿੰਗ ਲਾਇਸੰਸ, ਪਾਸਪੋਰਟ, ਬੈਂਕ ਸਟੇਟਮੈਂਟ, ਅਧਾਰ) ਸ਼ੇਅਰ ਹੋਲਡਰ ਦੇ ਰਜਿਸਟਰਡ ਪਤੇ ਦੇ ਸਮਰਥਨ 'ਚ, ਈਮੇਲ ਰਾਹੀਂ cs@jeenasikho.com ਨੂੰ ਭੇਜਣ ਦੀ ਬੇਨਤੀ ਕੀਤੀ ਜਾਂਦੀ ਹੈ ਅਤੇ ਜਿਨ੍ਹਾਂ ਦੇ ਸ਼ੇਅਰ ਹੋਲਡਰਾਂ ਦੇ ਸ਼ੇਅਰ ਡੀਮੈਟ ਸੂਰਤ 'ਚ ਹਨ, ਨੂੰ ਆਪਣੇ ਈਮੇਲ ਪਤੇ ਸੰਬੰਧਤ ਡਿਪਾਜ਼ਟਰੀ ਪਾਰਟੀਸੀਪੈਂਟਸ ਰਾਹੀਂ ਅਪਡੇਟ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਈ ਮੇਲ ਪਤੇ ਦਾ ਸਫ਼ਲਤਾਪੂਰਬਕ ਰਜਿਸਟ੍ਰੇਸ਼ਨ ਹੋਣ ਤੋਂ ਬਾਅਦ, ਇਸ ਪੋਸਟਲ ਬੈਲਟ ਨੋਟਿਸ ਦੀ ਕਾਪੀ ਸਮੇਤ ਰੀਮੋਟ ਈ-ਵੋਟਿੰਗ ਯੂਜ਼ਰ ਆਈ ਡੀ ਅਤੇ ਪਾਸਵਰਡ, ਸ਼ੇਅਰ ਹੋਲਡਰਾਂ ਦੀ ਪ੍ਰਾਪਤ ਕਰਨ ਵਾਸਤੇ ਬੇਨਤੀ 'ਤੇ ਰਜਿਸਟਰਡ ਈ-ਮੇਲ ਪਤੇ 'ਤੇ ਭੇਜ ਦਿੱਤੇ ਜਾਣਗੇ।

ਰੀਮੋਟ ਈ-ਵੋਟਿੰਗ ਦੀ ਪ੍ਰਕ੍ਰਿਆ ਸੰਬੰਧੀ ਹਦਾਇਤਾਂ, ਸਮੇਤ ਜਿਹੜੇ ਮੈਂਬਰ ਭੌਤਿਕ ਜਾਂ ਡੀਮੈਟ ਸੂਰਤ 'ਚ ਸ਼ੇਅਰ ਰੱਖਦੇ ਹਨ, ਰੀਮੋਟ ਈ-ਵੋਟਿੰਗ ਰਾਹੀਂ ਆਪਣਾ ਵੋਟ ਪਾ ਸਕਦੇ ਹਨ, ਨੋਟਿਸ ਦੇ ਵੇਰਵਿਆਂ 'ਚ ਮੁਹੱਈਆ ਕਰਵਾਈਆਂ ਗਈਆਂ ਹਨ। ਕਿਸੇ ਤਰ੍ਹਾਂ ਦੀ ਪੁੱਛਗਿੱਛ ਦੇ ਮਾਮਲੇ 'ਚ ਤੁਸੀਂ ਸ਼ੇਅਰ ਹੋਲਡਰਾਂ ਵਾਸਤੇ ਅਕਸਰ ਪੁੱਛੇ ਜਾਂਦੇ ਸਵਾਲ (ਐੱਫ ਦੇ ਕਿਊਜ਼) ਅਤੇ ਸ਼ੇਅਰ ਹੋਲਡਰਾਂ ਲਈ ਈ-ਵੋਟਿੰਗ ਯੂਜ਼ਰ ਮੈਨੂਅਲ ਜੋ www:evoting.nsdl.com ਦੇ ਡਾਊਨਲੋਡ ਸੈਕਸ਼ਨ 'ਤੇ ਉਪਲਬਧ ਹੈ, ਦਾ ਹਵਾਲਾ ਲੈ ਸਕਦੇ ਹੋ ਜਾਂ ਟੋਲ ਫ੍ਰੀ ਨੰ: 1800 1020 990 ਅਤੇ 1800224430 'ਤੇ ਕਾਲ ਕਰ ਸਕਦੇ ਹੋ ਜਾਂ ਕੁਮਾਰੀ ਪਲਵੀ ਮਹਾਤਰੇ, ਮੈਨੇਜਰ ਜਾਂ ਕੁਮਾਰੀ ਸੋਨੀ ਸਿੰਘ, ਸਹਾਇਕ ਮੈਨੇਜਰ, ਐੱਨ ਐੱਸ ਡੀ ਐੱਲ, ਟਰੇਡ ਵਰਲਡ, "ਏ" ਵਿੰਗ, ਚੌਥੀ ਮੰਜ਼ਲ, ਕਮਾਲਾਂ ਮਿੱਲਜ਼ ਕੰਪਾਊਂਡ, ਨੋਵਰ ਪਾਰੇਲ, ਮੁੰਬਈ-400013 ਨੂੰ ਈਮੇਲ evoting@nsdl.co.in 'ਤੇ ਬੇਨਤੀ ਭੇਜ ਸਕਦੇ ਹੋ।

ਉਪਰੋਕਤ ਜਾਣਕਾਰੀ ਕੰਪਨੀ ਦੇ ਸਾਰੇ ਮੈਂਬਰਾਂ ਦੇ ਲਾਭ ਵਾਸਤੇ ਅਤੇ ਕੰਪਨੀਜ਼ ਐਕਟ ਅਤੇ ਐੱਮ ਸੀ ਏ ਸਰਕੁਲਰ ਦੀ ਪਾਲਣਾ 'ਚ ਜਾਰੀ ਕੀਤੀ ਗਈ ਹੈ।

ਵਾਸਤੇ ਅਤੇ ਤਰਫ਼ੋਂ ਬੋਰਡ ਆਫ਼ ਡਾਇਰੈਕਟਰਜ਼
ਜੀਨਾ ਸੀਖੋ ਲਾਈਫਕੇਅਰ ਲਿਮਟਿਡ
ਸਹੀ/-
ਮਨੀਸ਼ ਗਰੋਵਰ
ਮੈਨੇਜਿੰਗ ਡਾਇਰੈਕਟਰ
(ਡੀ ਆਈ ਐੱਨ : 07557886)

ਮਿਤੀ : 24.04.2025
ਸਥਾਨ : ਜ਼ੀਰਕਪੁਰ, ਪੰਜਾਬ



AXIS BANK

**Retail Assets Center :** AXIS Bank Ltd., "2nd and 3rd Floor, Property No. 7-E, Malhar Road, Saraabha Nagar, Ludhiana -141001.
**Retail Assets Center :** AXIS Bank Ltd., 3rd Floor, SCO 367-368, Above Akash Institute, Sector 34A, Chandigarh -160022.
**Corporate Office :** 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025.
**Registered Office :** 'Trishul', 3rd floor, Opposite Samartheswar Temple, Law Garden, Ellisbridge, Ahmedabad-380006.

## ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਦੀਆਂ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਅਧੀਨ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ ਦਾ ਨਾਂਅ/ਪਤਾ | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਿਸਾਂ ਦਾ ਪਤਾ | ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ | ਕਰਜ਼ਾ ਰਕਮ | ਸਕਿਉਰਡ ਐਸਟਸ ਦਾ ਜਾਇਦਾਦੀ ਪਤਾ |
|---|---|---|---|---|---|---|---|
| 1. | 1. ਮੈਸਰਜ਼ ਰੂਪ ਰਾਇਸ ਮਿਲ ਰਾਹੀਂ ਇਸ ਦੇ ਭਾਈਵਾਲ ਖਸਰਾ ਨੰ. 31//24/1// 15-17, ਮਲਕਾਣਾ ਸਮਾਣਾ ਪਟਿਆਲਾ | 2. ਸ੍ਰੀ ਹਰੀਸ਼ ਜੈਨ ਪੁੱਤਰ ਭੁਪਿੰਦਰ ਜੈਨ ਵਾਸੀ ਜਗਦੰਬੇ ਕਾਲੋਨੀ ਸਮਾਣਾ ਪਟਿਆਲਾ, ਪੰਜਾਬ-147101, ਨਾਲ ਹੀ : ਸ੍ਰੀ ਹਰੀਸ਼ ਜੈਨ ਪੁੱਤਰ ਸ੍ਰੀ ਭੁਪਿੰਦਰ ਜੈਨ ਗਲੀ ਨੰ. 15 ਸਮਾਣਾ ਪਟਿਆਲਾ, ਪੰਜਾਬ-147101 3. ਸ੍ਰੀ ਸੰਭਵ ਜੈਨ ਪੁੱਤਰ ਸ੍ਰੀ ਹਰੀਸ਼ ਜੈਨ ਵਾਸੀ ਜਗਦੰਬੇ ਕਾਲੋਨੀ ਸਮਾਣਾ ਪਟਿਆਲਾ, ਪੰਜਾਬ-147101 ਨਾਲ ਹੀ : ਸ੍ਰੀ ਸੰਭਵ ਜੈਨ ਪੁੱਤਰ ਹਰੀਸ਼ ਜੈਨ ਵਾਸੀ ਜੈਨ ਸਟ੍ਰੀਟ 15 ਸਮਾਣਾ ਪਟਿਆਲਾ, ਪੰਜਾਬ-147101 | 28th-May-2024 | 29th-Mar-2025 | Rs. 13,18,653/- (Rupees Thirteen Lacs Eighteen Thousand Six Hundred And Fifty Three Only | Rs. 1,600,000/- ( Rupees Sixteen Lacs Only) | ਤਬਾਦਲਾ ਬੈਨਾਮਾ ਨੰ. 3289 ਮਿਤੀ 14-3-2016 ਅਨੁਸਾਰ ਸ੍ਰੀ ਸੰਭਵ ਜੈਨ ਦੇ ਨਾਂਅ ਰਜਿਸਟਰਡ ਜਾਇਦਾਦ, ਜਿਸ 'ਚ ਰਕਬਾ 0 ਕਨਾਲ 10-11/12 ਮਰਲਾ, ਜੋ ਕਿ 330 ਵਰਗ ਗਜ਼ 'ਤੇ ਇਮਾਰਤ ਅਤੇ ਢਾਂਚਾ, ਖੇਵਟ ਨੰ. 1564/1528, ਖਤੌਨੀ ਨੰ. 2225, ਖਸਰਾ ਨੰ. 185//8 (6-7), 155//13 (3-11), 155//13/1 (0-6), 185//8 (6-7), 155//13 (3-11), 185//13/ (0-6), 185//13/2 (0-12) ਕੁੱਲ ਖੇਤਰ ਰਕਬਾ 10 ਕਨਾਲ 16 ਮਰਲੇ, ਜਿਸ 'ਚ 0 ਕਨਾਲ 10-11/12 ਮਰਲਾ, ਜੋ ਕਿ 330 ਵਰਗ ਗਜ਼ ਹੈ, ਜਮ੍ਹਾਂਬੰਦੀ ਸਾਲ 2011-2012 ਵਾਲਾ ਰਕਬਾ ਘੜਾਮੀ ਪੱਤੀ ਸਮਾਣਾ ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਗਲੀ ਸਾਈਡ 33'-4", ਪੱਛਮ : ਗਲੀ ਸਾਈਡ 33'-4", ਉੱਤਰ : ਪਲਾਟ ਸਾਈਡ 89'-0", ਦੱਖਣ : ਗਲੀ ਸਾਈਡ 89'-0" |
| 2. | 1. ਮੈਸਰਜ਼ ਓਮ ਪ੍ਰਕਾਸ਼ ਸੰਜੀਵਨ ਕੁਮਾਰ ਗਰਗ ਰਾਹੀਂ ਇਸ ਦੇ ਪ੍ਰੋਪ. ਸ੍ਰੀ ਸੰਜੀਵਨ ਗਰਗ ਪੁੱਤਰ ਓਮ ਪ੍ਰਕਾਸ਼ ਵਾਸੀ ਓਮ ਪ੍ਰਕਾਸ਼ ਸੰਜੀਵਨ ਕੁਮਾਰ ਕੁਰਾਲੀ ਐਸ. ਏ. ਐਸ ਨਗਰ ਮੋਹਾਲੀ 140103 | 2. ਸ੍ਰੀ ਰਾਹੁਲ ਗਰਗ ਪੁੱਤਰ ਸ੍ਰੀ ਸੰਜੀਵਨ ਗਰਗ ਪਤਾ # 424 ਨੇੜੇ ਸਬਜ਼ੀ ਮੰਡੀ ਵਾਰਡ ਨੰ. 12 ਕੁਰਾਲੀ ਐਸ. ਏ. ਐਸ. ਨਗਰ ਮੋਹਾਲੀ 140103 3. ਸੰਜੀਵਨ ਗਰਗ ਪੁੱਤਰ ਓਮ ਪ੍ਰਕਾਸ਼ # 424 ਨੇੜੇ ਸਬਜ਼ੀ ਮੰਡੀ ਵਾਰਡ ਨੰ. 12 ਕੁਰਾਲੀ ਐਸ. ਏ. ਐਸ. ਨਗਰ ਮੋਹਾਲੀ 140103 | 28th-Sep-2023 | 15th-Feb-2025 | Rs. 20,74,308/- (Rupees Twenty Lacs Seventy Four Thousand Three Hundred And Eight Only) | Rs. 20,00,000/- (Rupees Twenty Lacs Only) | ਵਪਾਰਕ ਜਾਇਦਾਦ ਰਕਬਾ 50 ਵਰਗ ਗਜ਼, ਦੁਕਾਨ ਨੰ. 20, ਵਾਰਡ ਨੰ. 01, ਅਨਾਜ ਮੰਡੀ, ਕੁਰਾਲੀ, ਤਹਿਸੀਲ ਖਰੜ ਨਾਲ ਸੰਬੰਧਤ ਸਭ ਕੁਝ। ਜਿਸ ਦੀਆਂ ਹੱਦਾਂ ਹਨ (ਸਾਈਟ ਅਨੁਸਾਰ) : ਪੂਰਬ : ਦੁਕਾਨ ਸੋਮ ਰਾਜਿੰਦਰ ਨਾਥ, ਪੱਛਮ : ਵਿਨਾਇਕ ਬ੍ਰਦਰਜ਼, ਉੱਤਰ : ਗਲੀ, ਦੱਖਣ : ਦੁਕਾਨ ਸ੍ਰੀ ਗੋਇਲ। |
| 3. | 1. ਮੈਸਰਜ਼ ਗਣਪਤੀ ਟਰੇਡਰਜ਼ ਰਾਹੀਂ ਇਸ ਦੇ ਪ੍ਰੋਪ. ਸ੍ਰੀ ਨਿਗਮ ਉਪਲ ਪਤਾ : 134 ਸੀ ਇੰਡਸਟਰੀਅਲ ਏਰੀਆ ਲੁਧਿਆਣਾ-141003 | 2. ਸ੍ਰੀ ਨਿਗਮ ਉਪਲ ਪੁੱਤਰ ਗੋਪਾਲ ਕ੍ਰਿਸ਼ਨ ਉਪਲ ਪਤਾ : # 88 ਨੇੜੇ ਰਿਸ਼ੀ ਨਗਰ ਸੁਰਿਆ ਵਿਹਾਰ ਲੁਧਿਆਣਾ-141001 | 27th-Aug-2024 | 29-July-2024 | Rs. 87,10,574 /- (Rupees Eighty Seven Lacs Ten Thousand Five Hundred And Seventy Four Only) | Rs. 1,00,00,000/- (Rupees One Crore Only) | ਰਿਹਾਇਸ਼ੀ ਜਾਇਦਾਦ ਨੰ. 88 ਰਕਬਾ 396 ਵਰਗ ਗਜ਼ ਅਤੇ ਪਲਾਟ ਨੰ. 89 ਮਿਨ, ਰਕਬਾ 70 ਵਰਗ ਗਜ਼ ਬੱਦੋਵਾਲ ਅਵਾਣਾ, ਹੱਦਬਸਤ ਨੰ. 157, ਅਸ਼ੋਕ ਵਿਹਾਰ ਹੰਬੜਾਂ ਰੋਡ, ਲੁਧਿਆਣਾ, ਪੱਛਮ : ਖਸਰਾ ਨੰ. 743/3, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਅਸ਼ਵਨੀ ਕੁਮਾਰ-ਇੰਦਰਜੀਤ ਕੌਰ, ਪੱਛਮ : ਸੜਕ ਅਤੇ ਗਲੀ, ਉੱਤਰ : 89 ਅਤੇ ਬਾਕੀ, ਦੱਖਣ : ਨੰ. 88 ਅਤੇ ਗਲੀ। |
| 4. | 1.ਮੈਸਰਜ਼ ਮਨੀ ਸ਼ੰਕਰ ਸਟੀਲ ਪ੍ਰਾਈਵੇਟ ਲਿਮਿ. ਰਾਹੀਂ ਇਸ ਦੇ ਡਾਇਰੈਕਟਰ ਸ੍ਰੀ ਸੁਨੀਲ ਕੁਮਾਰ, ਸ੍ਰੀਮਤੀ ਰਜਨੀ ਕੁਕਰੇਜਾ, ਸ੍ਰੀਮਤੀ ਪੂਨਮ ਰਾਣੀ ਅਤੇ ਸ੍ਰੀਮਤੀ ਰਾਬੀਆ ਪਤਾ : ਖਸਰਾ ਨੰ. 42 ਐਨ ਡੀ ਐਚ ਏ, ਪਿੰਡ ਅਲਾਵਲਪੁਰ, ਜਲੰਧਰ ਸ਼ਹਿਰ, ਜਲੰਧਰ-144001 | 2. ਸ੍ਰੀ ਸੁਨੀਲ ਕੁਮਾਰ ਪੁੱਤਰ ਓਮ ਪ੍ਰਕਾਸ਼ ਪਤਾ : ਰਾਮ ਨਗਰ, ਗਲੀ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਅਜਨਾਲਾ, ਅੰਮ੍ਰਿਤਸਰ-143102 3. ਸ੍ਰੀਮਤੀ ਰਜਨੀ ਕੁਕਰੇਜਾ ਪਤਨੀ ਸੁਨੀਲ ਕੁਮਾਰ ਪਤਾ : ਰਾਮ ਨਗਰ, ਗਲੀ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਅਜਨਾਲਾ, ਅੰਮ੍ਰਿਤਸਰ-143102 4. ਸ੍ਰੀਮਤੀ ਪੂਨਮ ਰਾਣੀ ਪਤਨੀ ਪਵਨ ਕੁਮਾਰ ਪਤਾ : ਰਾਮ ਨਗਰ, ਵਾਰਡ 11 ਅਜਨਾਲਾ- ਅੰਮ੍ਰਿਤਸਰ-143102 5. ਸ੍ਰੀਮਤੀ ਰਾਬੀਆ ਪੁੱਤਰੀ ਪਵਨ ਕੁਮਾਰ ਪਤਾ : ਰਾਮ ਨਗਰ, ਵਾਰਡ 11 ਅਜਨਾਲਾ- ਅੰਮ੍ਰਿਤਸਰ-143102 | 27th-Dec-2024 | 05th-Feb-2025 | Rs. 11,15,94,244/- (Rupees Eleven Crores Fifteen Lacs Ninety Four Thousand Two Hundred And Forty Four Only) | Rs.7,00,00,000/-(Rupees Seven Crore Only) | ਜਾਇਦਾਦ ਨੰ. 1, ਰਿਹਾਇਸ਼ੀ ਜਾਇਦਾਦ ਰਕਬਾ 02 ਮਰਲਾ 138 ਵਰਗ ਫੁੱਟ, ਖਸਰਾ ਨੰ. 20//14, 20//16/2/1, 20//17/2, 20//18/2/1, 20//29/2, 21//20, 24//7, 25//26, 25//27, 26//1, 26//2, 26//3//1 ,21//21ਵਾਕਿਆ ਪਿੰਡ ਸਲੇਮਪੁਰ ਮੁਸਲਮਾਨਾਂ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਮਾਲਕ, ਪੱਛਮ : ਮਾਲਕ, ਉੱਤਰ : ਸੜਕ, ਦੱਖਣ : ਸੜਕ। ਜਾਇਦਾਦ ਨੰ. 2 : ਰਿਹਾਇਸ਼ੀ ਜਾਇਦਾਦ ਰਕਬਾ 02 ਮਰਲਾ 182 ਵਰਗ ਫੁੱਟ, ਖਸਰਾ ਨੰ. 20//14, 20//16/2/1, 20//17/2, 20//18/2/1, 20//29/2, 21//20, 24//7, 25//26, 25//27, 26//1, 26//2, 26//3//1, 21//21 ਵਾਕਿਆ ਪਿੰਡ ਸੁਲੇਮਪੁਰ ਮੁਸਲਮਾਨਾਂ, ਜਲੰਧਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਰਾਬੀਆ, ਪੱਛਮ : ਮਾਲਕ, ਉੱਤਰ : ਸੜਕ, ਦੱਖਣ : ਹੋਰ। ਜਾਇਦਾਦ ਨੰ. 3 : ਰਿਹਾਇਸ਼ੀ ਜਾਇਦਾਦ ਰਕਬਾ 02 ਮਰਲਾ 182 ਵਰਗ ਫੁੱਟ, ਖਸਰਾ ਨੰ. 20//14, 20//16/2/1, 20//17/2, 20//18/2/1, 20//29/2, 21//20, 24//7, 25//26, 25//27, 26//1, 26//2, 26//3//1, 21//21 ਵਾਕਿਆ ਪਿੰਡ ਸੁਲੇਮਪੁਰ ਮੁਸਲਮਾਨਾਂ, ਜਲੰਧਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਰਾਬੀਆ, ਪੱਛਮ : ਮਾਲਕ, ਉੱਤਰ : ਸੜਕ, ਦੱਖਣ : ਹੋਰ। ਜਾਇਦਾਦ ਨੰ. 4 : ਰਿਹਾਇਸ਼ੀ ਜਾਇਦਾਦ ਰਕਬਾ 02 ਮਰਲਾ 149 ਵਰਗ ਫੁੱਟ, ਖਸਰਾ ਨੰ. 20//14, 20//16/2/1, 20//17/2, 20//18/2/1, 20//29/2, 21//20, 24//7, 25//26, 25//27, 26//1, 26//2, 26//3//1, 21//21 ਵਾਕਿਆ ਪਿੰਡ ਸੁਲੇਮਪੁਰ ਮੁਸਲਮਾਨਾਂ, ਜਲੰਧਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਮਾਲਕ, ਪੱਛਮ : ਬਾਬਾ ਮੋਹਨ ਦਾਸ ਸਕੂਲ, ਉੱਤਰ : ਸੜਕ, ਦੱਖਣ : ਹੋਰ। ਜਾਇਦਾਦ ਨੰ. 5 (ਏ) ਰਿਹਾਇਸ਼ੀ ਜਾਇਦਾਦ ਨੰ. 204 ਰਕਬਾ 7 ਮਰਲਾ 202 ਵਰਗ ਫੁੱਟ, ਰਮਣੀਕ ਐਵੇਨਿਊ ਨੂਰਪੁਰ, ਖਸਰਾ ਨੰ. 6//19/2, 21, 22, 13//1, 2, 2, 3, 4, 5/1, 13//12/2 ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਪੂਰਬ : ਸੜਕ, ਪੱਛਮ ਨੰ. 203, ਉੱਤਰ : ਸੜਕ, ਦੱਖਣ : ਮਕਾਨ ਨੰ. 205 (ਬੀ) ਰਿਹਾਇਸ਼ੀ ਜਾਇਦਾਦ ਨੰ. 2024, ਰਕਬਾ 7 ਮਰਲਾ 202 ਵਰਗ ਫੁੱਟ, ਰਮਣੀਕ ਐਵੇਨਿਊ, ਨੂਰਪੁਰ, ਖਸਰਾ ਨੰ. 6//19/2, 21, 22, 13//1, 2, 2, 3, 4, 5/1, 13//12/2 ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਪੂਰਬ : ਸੜਕ, ਪੱਛਮ : ਹੋਰ, ਉੱਤਰ : ਮਕਾਨ ਨੰ. 204, ਦੱਖਣ : ਮਕਾਨ ਨੰ. 206 ਜਾਇਦਾਦ ਨੰ. 6 : ਇੰਡਸਟ੍ਰੀਅਲ ਜਾਇਦਾਦ ਵਾਕਿਆ ਬਿਆਸ ਪਿੰਡ-1, ਰਕਬਾ 112 ਮਰਲਾ, ਖਸਰਾ ਨੰ. 50//19/2/2(0-7),22/1 (2-16) , 50//19/1/1(4-5), 19/2/1(0-11),50//18/2(6-8), 64//2/2//1(2-18), 11/1(1-12), 50//23/2(2-12), 24(4-16) ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਜੀ ਟੀ ਰੋਡ, ਪੱਛਮ : ਦੀਪਕ ਅਰੋੜਾ, ਉੱਤਰ : ਮਾਲਕ, ਦੱਖਣ : ਰਸਤਾ। |
| 5. | 1. ਮੈਸਰਜ਼ ਸੁਖਮਨੀ ਟ੍ਰੈਕਟਰਜ਼ ਰਾਹੀਂ ਇਸ ਦੇ ਭਾਈਵਾਲ ਸ੍ਰੀ ਭੁਪਿੰਦਰ ਸਿੰਘ ਅਤੇ ਸ੍ਰੀ ਬਾਹਲ ਸਿੰਘ, ਪਤਾ : ਨੇੜੇ ਨੋਟ ਕੰਪਲੈਕਸ ਪਾਤੜਾਂ ਰੋਡ, ਮੂਨਕ ਸੰਗਰੂਰ-148001 | 2. ਸ੍ਰੀ ਭੁਪਿੰਦਰ ਸਿੰਘ ਪੁੱਤਰ ਅਜਾਇਬ ਸਿੰਘ ਪਤਾ : ਤਹਿਸੀਲ ਮੂਨਕ ਗੋਬਿੰਦਗੜ੍ਹ ਅਲਿਆਸ ਮਾਹਨ ਸਿੰਘ ਵਾਲਾ ਓਆਕੀ ਖਨੌਰੀ, ਸੰਗਰੂਰ 148027 3. ਸ੍ਰੀ ਬਾਹਲ ਸਿੰਘ ਪੁੱਤਰ ਅਜਾਇਬ ਸਿੰਘ ਪਤਾ : ਤਹਿਸੀਲ ਮੂਨਕ ਗੋਬਿੰਦਗੜ੍ਹ ਅਲਿਆਸ ਮਾਹਨ ਸਿੰਘ ਵਾਲਾ ਓਆਕੀ ਖਨੌਰੀ, ਸੰਗਰੂਰ 148027 | 24th-Feb-2025 | 06th-Mar-2025 | Rs. 1,25,29,587/- (Rupees One Crore Twenty Five Lacs Twenty Nine Thousand Five Hundred And Eighty Seven Only) | Rs. 1,25,00,000/- (Rupees One Crore Twenty Five Lacs Only) | ਵਪਾਰਕ ਜਾਇਦਾਦ ਰਕਬਾ (877.252) ਵਰਗ ਗਜ਼, ਜੋ ਕਿ (01 ਕਨਾਲ-09 ਮਰਲਾ)=(00 ਕਨਾਲ-18 ਮਰਲਾ), ਜੋ ਕਿ ਖੱਤਾ ਨੰ. 1 ਦਾ 3/128 ਹਿੱਸਾ, ਖਸਰਾ ਨੰ. 67//17/1(1-19) 24/2(2-0) 25/2(4-9) 92//4/2(2-0) 5(8-0) 6(8-0) 7/1(2-0) 14/2(2-0) 15(8-0, ਕਿੱਤਾ 09, ਕੁੱਲ ਜ਼ਮੀਨੀ ਰਕਬਾ 38 ਕਨਾਲ-08 ਮਰਲਾ+(00 ਕਨਾਲ-11 ਮਰਲਾ) ਜੋ ਕਿ ਖੱਤਾ ਨੰ. 4/5 ਦਾ 1/135 ਹਿੱਸਾ, ਖਸਰਾ ਨੰ. 67//17/2/1/2(4-0) 23/1/2(0-6) 23/2(4-16) 23/3/4/3(0-1) 24/1(6-0) 92//1/2 ਮਿੰਨ (5-2) 3(8-0) 4/1(6-0) 7/2(6-0) 8(8-0) 9 (8-0) 10 ਮਿੰਨ (7-16) 13/1(4-4) 14/1(6-0) ਕਿੱਤਾ-14, ਕੁੱਲ ਜ਼ਮੀਨੀ ਰਕਬਾ 74 ਕਨਾਲ-05 ਮਰਲਾ, ਪਿੰਡ ਮੂਨਕ-ਬੀ, ਤਹਿਸੀਲ ਮੂਨਕ, ਜ਼ਿਲ੍ਹਾ ਸੰਗਰੂਰ ਨਾਲ ਸੰਬੰਧਤ ਸਭ ਕੁਝ। ਜਮ੍ਹਾਂਬੰਦੀ ਸਾਲ 2016-2017 ਜਾਇਦਾਦ ਮਾਲਕ (ਭੁਪਿੰਦਰ ਸਿੰਘ ਪੁੱਤਰ ਅਜੈਬ ਸਿੰਘ) ਵਸੀਕਾ ਨੰ. 2010-20/121/843, ਮਿਤੀ 06-11-2011, ਹੱਦਾਂ : ਪੂਰਬ : 155 ਫੁੱਟ-00", ਖਾਲੀ ਪਲਾਟ, ਪੱਛਮ : 132 ਫੁੱਟ-00' ਸੜਕ ਗਿਆਨੀ ਨਿਰੰਜਨ ਸਿੰਘ ਭੁਟਾਲ, ਦੱਖਣ : 049 ਫੁੱਟ- 00" ਜਰਨੈਲ ਸਿੰਘ ਘੁਮਾਰਘਾਟ, ਉੱਤਰ : 058 ਫੁੱਟ-00" ਮੂਨਕ-ਪਾਤੜਾਂ ਰੋਡ। |
| 6. | 1. ਮੈਸਰਜ਼ ਐਸ ਆਰ ਸਟੀਲਜ਼ ਰਾਹੀਂ ਇਸ ਦੇ ਪ੍ਰੋਪ. ਸ੍ਰੀ ਸੁਮਿਤ ਬਾਂਸਲ ਪਤਾ : ਐਸ ਸੀ ਓ 106 ਸਿਲਵਰ ਪਲਾਜ਼ਾ ਮਾਰਕੀਟ ਸੋਢਲ ਰੋਡ ਪ੍ਰੀਤ ਨਗਰ, ਜਲੰਧਰ-144001 | 2. ਸ੍ਰੀ ਸੁਮਿਤ ਬਾਂਸਲ ਮਾਰਫਤ ਰਾਮ ਨਿਵਾਸ ਬਾਂਸਲ ਪਤਾ : ਮਕਾਨ ਨੰ. ਏ-1 ਜੋਤੀ ਨਗਰ, ਜਲੰਧਰ-144001 3. ਤਨੀਸ਼ਾ ਬਾਂਸਲ ਮਾਰਫਤ ਸੰਜੀਵ ਜੈਨ ਮਕਾਨ ਨੰ. ਏ-1 ਜੋਤੀ ਨਗਰ, ਜਲੰਧਰ-144001 | 28th-Feb-2025 | 07th-Mar-2025 | Rs. 96,46,054/- (Rupees Ninety Six Lacs Forty Six Thousand Fifty Four Only) | Rs. 1,10,00,000/- (Rupees One Crores Ten Lacs Only) | ਰਿਹਾਇਸ਼ੀ ਜਾਇਦਾਦ ਰਕਬਾ 8 ਮਰਲੇ 187 ਵਰਗ ਫੁੱਟ, ਮਕਾਨ ਨੰ. 206/5, ਨਿਊ ਲਕਸ਼ਮੀਪੁਰਾ, ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਮਕਾਨ ਪਿਆਰੇ ਲਾਲ, ਪੱਛਮ : ਗਲੀ, ਉੱਤਰ : ਗਲੀ, ਦੱਖਣ : ਬਲਰਾਜ ਦਾ ਮਕਾਨ। |
| 7. | 1. ਮੈਸਰਜ਼ ਸਿੰਗਲਾ ਕੌਂਟਰੈਕਟਰਜ਼ ਰਾਹੀਂ ਇਸ ਦੇ ਪ੍ਰੋਪ. ਸ੍ਰੀ ਦਵਿੰਦਰ ਸਿੰਗਲਾ ਪਤਾ : ਬੀ-6307, ਸਾਹਮਣੇ ਮਿੱਤਲ ਜਵੈਲਜ਼ ਸਦਰ ਬਜ਼ਾਰ ਬਰਨਾਲਾ-148101 | 2. ਸ੍ਰੀ ਦਵਿੰਦਰ ਸਿੰਗਲਾ ਪੁੱਤਰ ਰਾਕੇਸ਼ ਕੁਮਾਰ ਸਿੰਗਲਾ ਪਤਾ : ਮਕਾਨ ਨੰ. ਬੀ-VI/307 ਸਿੰਗਲਾ ਗਨ ਹਾਊਸ ਸਾਹਮਣੇ ਮਸਜ਼ਿਦ, ਸਦਰ ਬਜਾਰ, ਬਰਨਾਲਾ-148101 3. ਸ੍ਰੀਮਤੀ ਦੀਪਿਕਾ ਮਾਰਫਤ ਦਵਿੰਦਰ ਸਿੰਗਲਾ ਪਤਾ : ਮਕਾਨ ਨੰ. ਬੀ-VI/307 ਸਿੰਗਲਾ ਗਨ ਹਾਊਸ ਸਾਹਮਣੇ ਮਸਜ਼ਿਦ, ਸਦਰ ਬਜਾਰ, ਬਰਨਾਲਾ-148101 | 28th-Feb-2025 | 07th-Mar-2025 | Rs. 103,74,841/- (Rupees One Crore Three Lacs Seventy Four Thousand Eight Hundred And Forty One Only) | Rs. 48,00,000/- (Rupees Forty Eight Lacs Only) Rs. 62,00,000/- (Rupees Sixty Two Lacs Only | ਰਿਹਾਇਸ਼ੀ ਜਾਇਦਾਦ ਰਕਬਾ 8 ਮਰਲੇ 187 ਵਰਗ ਫੁੱਟ, ਮਕਾਨ ਨੰ. 206/5, ਨਿਊ ਲਕਸ਼ਮੀਪੁਰਾ, ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਪਿਆਰੇ ਲਾਲ ਦਾ ਮਕਾਨ, ਪੱਛਮ : ਗਲੀ, ਉੱਤਰ : ਗਲੀ, ਦੱਖਣ : ਬਲਰਾਜ ਦਾ ਮਕਾਨ। |
| 8. | 1. ਮੈਸਰਜ਼ ਰੋਹਨ ਇੰਡਸਟਰੀਜ਼ ਰਾਹੀਂ ਇਸ ਦੇ ਪ੍ਰੋਪ. ਸ੍ਰੀ ਸੀਯਾ ਰਾਮ ਮੁਖੀਆ ਪੁੱਤਰ ਲਕਛਮਣ ਮੁਖੀਆ ਪਤਾ : ਬਿਲਾਲ ਨਗਰ ਨਾਉਧਾਰਨੀ ਨਗਰ, ਮਲੇਰਕੋਟਲਾ ਸੰਗਰੂਰ-148023 | 2. ਸ੍ਰੀ ਸੀਯਾ ਰਾਮ ਮੁਖੀਆ ਪੁੱਤਰ ਲਛਮਣ ਮੁਖੀਆ ਪਤਾ : ਨਾਉਧਾਰਨੀ ਰੋਡ, ਬਿਲਾਲ ਨਗਰ, ਮਲੇਰਕੋਟਲਾ ਸੰਗਰੂਰ-148023 3. ਸ੍ਰੀ ਅਨੂੰਪ ਭਾਰਤੀ ਪੁੱਤਰ ਮਹੇਸ਼ ਰਾਮ ਪਤਾ : ਸੋਮਰ ਰਾਮ ਮੁਹੱਲਾ ਇਸਲਾਮ ਬਸਤੀ ਨਿਊ ਗਰੇਨ ਮਾਰਕੀਟ ਮਾਲੇਰਕੋਟਲਾ-ਸੰਗਰੂਰ-148023 | 10th-Feb-2025 | 10th-Mar-2025 | Rs. 67,04,610/- (Rupees Sixty Seven Lacs Four Thousand Six Hundred And Ten Only) | Rs. 25,00,000/- (Rupees Twenty Five Lacs Only) Rs. 44,00,000/- (Rupees Forty Four Lacs Only) | ਜਾਇਦਾਦ ਨੰ. 1. ਵਪਾਰਕ ਜਾਇਦਾਦ 1 ਕੇ-4.1/6ਐੱਮ (725 ਵਰਗ ਗਜ਼) ਜ਼ਮੀਨ ਰਕਬਾ 6 ਕੇ-13.1/3ਐੱਮ ਦਾ 725/4000 ਹਿੱਸਾ, ਖੱਤਾ ਨੰ. 1217/1064, ਖਤੌਨੀ ਨੰ. 1884, ਖਸਰਾ ਨੰ. 221//17/2ਮਿਨ/3-0,221//18ਮਿਨ/2-7.1/3,221//23ਮਿਨ/1-6 ਕਿੱਤੇ 3, ਸੀਆ ਰਾਮ ਮੁਖੀਆ ਦੀ ਮਲਕੀਅਤ 450/4000 ਹਿੱਸਾ, ਅਨੂਪ ਭਾਰਤੀ 275/4000 ਹਿੱਸਾ, ਮਾਲੇਰਕੋਟਲਾ (ਨੇੜੇ ਨਾਉਧਾਰਨੀ ਰੋਡ, ਤਹਿਸੀਲ ਮਾਲੇਰਕੋਟਲਾ, ਜ਼ਿਲ੍ਹਾ ਮਾਲੇਰਕੋਟਲਾ, ਜਮ੍ਹਾਂਬੰਦੀ ਸਾਲ 2018-2019, ਹੱਦਾਂ : ਪੂਰਬ : ਗਲੀ ਰਸਤਾ 20' ਚੌੜਾ ਸਾਈਡ 92'-5", ਪੱਛਮ : ਮੱਖਣ ਸਿੰਘ ਦਾ ਪਲਾਟ ਸਾਈਡ 17'-2"+ ਪ੍ਰਾਈਵੇਟ ਰਸਤਾ ਸਾਈਡ 77'-11.1/2", ਉੱਤਰ : ਵਿਕ੍ਰੇਤਾ ਦਾ ਪਲਾਟ ਸਾਈਡ 55'-6.3/4"+ 10'-0", ਦੱਖਣ : ਮੱਖਣ ਸਿੰਘ ਦਾ ਪਲਾਟ ਸਾਈਡ 37'-7.1/4"+ ਸੀਆ ਰਾਮ ਮੁਖੀਆ ਦਾ ਕਬਾੜਖਾਨਾ ਸਾਈਡ 40'-0"+ 10'0 ਜਾਇਦਾਦ ਨੰ. 2 : ਵਪਾਰਕ ਜਾਇਦਾਦ ਰਕਬਾ 0-16-2/3 ਮਰਲੇ (500 ਵਰਗ ਗਜ਼) ਜੋ ਕਿ ਜ਼ਮੀਨ ਰਕਬਾ 6 ਕਨਾਲ 13.1/3 ਮਰਲੇ ਦਾ 1/8 ਹਿੱਸਾ ਹੈ, ਖੇਵਟ ਨੰ. 1217/1064, ਖਸਰਾ ਨੰ. 221//17/2ਮਿਨ/3-0, 221//18ਮਿਨ/2-7.1/3, 221//23ਮਿਨ/1-6 ਖੇਵਟ ਤੇ ਖੱਤਾ ਨੰ. 1217/1884, ਜਮ੍ਹਾਂਬੰਦੀ ਸਾਲ 2018-2019, ਮਾਲੇਰਕੋਟਲਾ, ਜ਼ਿਲ੍ਹਾ ਮਾਲੇਰਕੋਟਲਾ, ਬੈਨਾਮਾ ਨੰ. 2022-23/131/1/1098 ਮਿਤੀ 04.07.2022 ਅਨੁਸਾਰ ਸੀਆ ਰਾਮ ਮੁਖੀਆ ਪੁੱਤਰ ਲਛਮਣ ਮੁਖੀਆ ਪੁੱਤਰ ਰਾਮਜੀ ਮੁਖੀਆ ਦੀ ਮਲਕੀਅਤ । ਹੱਦਾਂ : ਪੂਰਬ : ਸੜਕ ਸਾਈਡ 51 ਫੁੱਟ+10 ਫੁੱਟ, ਪੱਛਮ : ਮਾਲਕ ਦਾ ਪਲਾਟ 39 ਫੁੱਟ 11.1/4+10 ਫੁੱਟ, ਉੱਤਰ : 20'-0" ਚੌੜੀ ਸੜਕ, 80 ਫੁੱਟ-01/4", ਦੱਖਣ : ਸ੍ਰੀ ਕਾਲਾ ਦਾ ਪਲਾਟ, ਸਾਈਡ 82'-10" |
| 9. | 1. ਮੈਸਰਜ਼ ਨਿਮੀ ਮੋਬਾਇਲ ਜ਼ੋਨ ਰਾਹੀਂ ਇਸ ਦੇ ਪ੍ਰੋਪ. ਸ੍ਰੀ ਕਰਮਵੀਰ ਸਿੰਘ ਪੁੱਤਰ ਨਿਰਮਲ ਸਿੰਘ ਪਤਾ : 00 ਬਾਇਲਾਲ ਰੋਡ ਭਵਾਨੀਗੜ੍ਹ-ਸੰਗਰੂਰ-148026 | 2. ਸ੍ਰੀ ਕਰਮਵੀਰ ਸਿੰਘ ਪੁੱਤਰ ਨਿਰਮਲ ਸਿੰਘ ਪਤਾ : ਪ੍ਰੀਤ ਕਾਲੋਨੀ ਨੇੜੇ ਨਿਊ ਬੱਸ ਸਟੈਂਡ ਵਾਰਡ ਨੰ. 6, ਭਵਾਨੀਗੜ੍ਹ-ਸੰਗਰੂਰ-148026 3. ਸ੍ਰੀ ਪਰਮਵੀਰ ਸਿੰਘ ਪੁੱਤਰ ਨਿਰਮਲ ਸਿੰਘ ਪਤਾ : ਪ੍ਰੀਤ ਕਾਲੋਨੀ ਨੇੜੇ ਨਿਊ ਬੱਸ ਸਟੈਂਡ ਵਾਰਡ ਨੰ. 6, ਭਵਾਨੀਗੜ੍ਹ-ਸੰਗਰੂਰ-148026 | 28th-Feb-2025 | 11th-Mar-2025 | Rs. 15,17,547/- (Rupees Fifteen Lacs Seventeen Thousand Five Hundred And Forty Seven Only) | Rs. 15,00,000/- (Rupees Fifteen Lacs Only) | ਵਪਾਰਕ ਜਾਇਦਾਦ ਰਕਬਾ 0ਕੇ-1.2/30 ਐੱਮ (53 ਵਰਗ ਗਜ਼) ਜ਼ਮੀਨ ਰਕਬਾ 56ਕੇ-15ਐੱਮ-4.50 ਐੱਸ, ਖਾਤਾ ਨੰ. 1076/1539 ਖਸਰਾ ਨੰ. 137//1/2/2ਮਿਨ/1-12-4.50, 137//10/5-11,137//11/8-0, 137//12/1-10, 138//6/2/5-8, 138//7/8-17, 138//88/1/5-15, 138//131/4-18, 138//14/8-0, 138//15/7-4 ਭਵਾਨੀਗੜ੍ਹ (ਨੇੜੇ ਬਲਿਆਲ ਰੋਡ, ਮਾਇਆ ਸਿਟੀ ਸੈਂਟਰ ਕਾਲੋਨੀ) ਤਹਿਸੀਲ ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ, ਜਮ੍ਹਾਂਬੰਦੀ ਸਾਲ 2013-2014 ਨਾਲ ਸੰਬੰਧਤ ਸਭ ਕੁੱਝ। ਹੱਦਾਂ :- ਪੂਰਬ : ਮਾਰਕੀਟ ਕਮੇਟੀ ਦੀ ਜ਼ਮੀਨ ਸਾਈਡ 19'-0", ਪੱਛਮ : ਪਾਰਕਿੰਗ ਸਾਈਡ 19'-0", ਉੱਤਰ : ਵਿਕ੍ਰੇਤਾ ਸਾਈਡ 25'-0", ਦੱਖਣ : ਮੋਹਨਜੀਤ ਕੌਰ ਸਾਈਡ 25'-0" |
| 10. | 1. ਮੈਸਰਜ਼ ਟਰੂਡਿਲਾਸ ਵਿਅਰ ਹਾਊਸ ਰਾਹੀਂ ਇਸ ਭਾਈਵਾਲ ਸ੍ਰੀ ਦੇਵਾਸ਼ ਸਿੰਗਲਾ ਅਤੇ ਸ੍ਰੀ ਵਿਸ਼ਾਲ ਮੰਕੂ ਪਤਾ : ਸਾਹਮਣੇ ਗਲੀ ਜਾਖਲ ਰੋਡ, ਪਾਤੜਾਂ, ਪਟਿਆਲਾ-147105 | 2. ਸ੍ਰੀ ਦੇਵਾਸ਼ ਸਿੰਗਲਾ ਪੁੱਤਰ ਦੁਰਗਾ ਦਾਸ ਸਿੰਗਲਾ ਪਤਾ : ਟੋਬਾ ਮਾਰਕੀਟ, ਮਾਡਰਨ ਕਲੀਨਿਕ ਲੈਬੋਰਟਰੀ, ਪਾਤੜਾਂ-ਪਟਿਆਲਾ-147105 3. ਸ੍ਰੀ ਵਿਸ਼ਾਲ ਮੰਕੂ ਪੁੱਤਰ ਜਗਤਾਰ ਸਿੰਘ ਪਤਾ : ਗੁਰੂ ਨਾਲਨਕ ਨਗਰ ਵਾਰਡ ਨੰ. 14, ਸਮਾਣਾ-ਪਟਿਆਲਾ-147101 | 28th-Feb-2025 | 11th-Mar-2025 | Rs. 10,44,409/- (Rupees Ten Lacs Forty Four Thousand Four Hundred And Nine Only) | Rs. 10,10,000/- (Rupees Ten Lacs Ten Thousand Only) | ਵਪਾਰਕ ਜਾਇਦਾਦ, ਪਾਤੜਾਂ, ਤਹਿਸੀਲ ਪਾਤੜਾਂ, ਜ਼ਿਲ੍ਹਾ ਪਟਿਆਲਾ, ਜਮ੍ਹਾਂਬੰਦੀ ਸਾਲ 2016-2017, ਖੇਵਟ ਖਤੌਨੀ ਨੰ. 437/439/1207, ਖਸਰਾ ਨੰ. 59//12/2(0-10), 19/2(4-12), 20/1(0-4), 21/2(2-8), 22/1(3-14), 64//1/2(5-0), 2/1(1-16) ਕਿੱਤੇ 7, ਕੁਲ ਰਕਬਾ 18ਕੇ-4 ਮਰਲੇ 1/91 ਹਿੱਸਾ, ਰਕਬਾ 0ਕੇ-4 ਮਰਲੇ ਰਾਹੀਂ ਰਜਿਸਟਰਡ ਬੈਨਾਮਾ ਨੰ. 2022-23/83/1/400 ਮਿਤੀ 06.05.2022 ਰਾਹੀਂ ਦੇਵਾਸ ਸਿੰਗਲਾ ਦੇ ਨਾਂਅ 'ਤੇ, ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਗਲੀ ਸਾਈਡ 15', ਪੱਛਮ : ਖਾਲੀ ਪਲਾਟ ਸਾਈਡ 15', ਉੱਤਰ : ਸਤਵੀਰ ਸਿੰਘ ਪੁੱਤਰ ਜੋਗਾ ਸਿੰਘ ਸਾਈਡ 74', ਦੱਖਣ: ਅਮਨ ਕਰਿਆਨਾ ਦਾ ਪਲਾਟ ਸਾਈਡ 74' |
| 11. | 1. ਮੈਸਰਜ਼ ਮਣੀਮਹੇਸ਼ ਮੋਟਰ ਵਰਕਸ ਪ੍ਰਾਈਵੇਟ ਲਿਮਟਿਡ ਰਾਹੀਂ ਇਸ ਦੇ ਡਾਇਰੈਕਟਰ ਸ੍ਰੀ ਸੁਨੀਲ ਕੁਮਾਰ ਅਤੇ ਸ੍ਰੀਮਤੀ ਰਜਨੀ ਕੁਕਰੇਜਾ ਪਤਾ : ਖਸਰਾ ਨੰ. 42 ਐਨ ਡੀ ਐਚ ਏ, ਪਿੰਡ ਅਲਾਵਲਪੁਰ, ਜਲੰਧਰ ਸ਼ਹਿਰ, ਜਲੰਧਰ-144001 | 2. ਸ੍ਰੀ ਸੁਨੀਲ ਕੁਮਾਰ ਪੁੱਤਰ ਓਮ ਪ੍ਰਕਾਸ਼ ਪਤਾ : ਰਾਮ ਨਗਰ, ਗਲੀ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ, ਅਜਨਾਲਾ-ਅੰਮ੍ਰਿਤਸਰ-143102 3. ਸ੍ਰੀਮਤੀ ਰਜਨੀ ਕੁਕਰੇਜਾ ਪਤਨੀ ਸੁਨੀਲ ਕੁਮਾਰ ਪਤਾ : ਰਾਮ ਨਗਰ, ਗਲੀ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ, ਅਜਨਾਲਾ-ਅੰਮ੍ਰਿਤਸਰ-143102 4. ਸ੍ਰੀਮਤੀ ਪੂਨਮ ਰਾਣੀ ਪਤਨੀ ਪਵਨ ਕੁਮਾਰ ਪਤਾ : ਰਾਮ ਨਗਰ ਵਾਰਡ ਨੰ. 11 ਅਜਨਾਲਾ-ਅੰਮ੍ਰਿਤਸਰ-143102 5. ਸ੍ਰੀਮਤੀ ਰਾਬੀਆ ਪੁੱਤਰੀ ਪਵਨ ਕੁਮਾਰ ਪਤਾ : ਰਾਮ ਨਗਰ ਵਾਰਡ ਨੰ. 11 ਅਜਨਾਲਾ-ਅੰਮ੍ਰਿਤਸਰ-143102 | 28th-Feb-2025 | 03rd-Mar-2025 | Rs. 6,32,86,208/- (Rupees Six Crores Thirty Two Lacs Eighty Thousand Two hundred Eight Only) | Rs 5,80,00,000/- (Rupees Five Crores Eighty Lacs Only) Rs. 43,95,000/- (Rupees Forty Three Lacs Ninety Five Thousand Only) | ਜਾਇਦਾਦ ਨੰ. 1 : ਰਿਹਾਇਸ਼ੀ ਜਾਇਦਾਦ ਰਕਬਾ 02 ਮਰਲੇ 138 ਵਰਗ ਫੁੱਟ, ਖਸਰਾ ਨੰ. 20//14, 20//16/2/1, 20//17/2, 20//18/2/1, 20//29/2, 21//20, 24//7, 25//26, 25//27, 26//1, 26//2, 26//3//1, 21//21 ਵਾਕਿਆ ਪਿੰਡ ਸਲੇਮਪੁਰ ਮੁਸਲਮਾਨਾਂ ਜਲੰਧਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾ : ਪੂਰਬ ਮਾਲਕ, ਪੱਛਮ : ਮਾਲਕ, ਉੱਤਰ : ਸੜਕ, ਦੱਖਣ : ਸੜਕ। ਜਾਇਦਾਦ ਨੰ. 2 : ਰਿਹਾਇਸ਼ੀ ਜਾਇਦਾਦ ਰਕਬਾ 02 ਮਰਲੇ 18.2 ਵਰਗ ਫੁੱਟ, ਖਸਰਾ ਨੰ. 20//14, 20//16/2/1, 20//17/2, 20//18/2/1, 20//29/2, 21//20, 24//7, 25//26, 25//27, 26//1, 26//1, 26//2, 26//3//1, 21//21 ਵਾਕਿਆ ਪਿੰਡ ਸਲੇਮਪੁਰ ਮੁਸਲਮਾਨਾ ਜਲੰਧਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਰਾਬੀਆ, ਪੱਛਮ : ਮਾਲਕ, ਉੱਤਰ : ਸੜਕ, ਦੱਖਣ: ਹੋਰ। ਜਾਇਦਾਦ ਨੰ. 3 : ਰਿਹਾਇਸ਼ੀ ਜਾਇਦਾਦ ਰਕਬਾ 02 ਮਰਲੇ 182 ਵਰਗ ਫੁੱਟ, ਖਸਰਾ ਨੰ. 20//14,20//16/2/1, 20//17/2, 20//18/2/1, 20//29/2, 21//20, 24//7, 25//26, 25//27, 26//1, 26//2, 26//3//1, 21//21 ਵਾਕਿਆ ਪਿੰਡ ਸਲੇਮਪੁਰ ਮੁਸਲਮਾਨਾ ਜਲੰਧਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਪੂਰਬ : ਮਾਲਕ, ਪੱਛਮ : ਮਾਲਕ, ਉੱਤਰ : ਸੜਕ, ਦੱਖਣ : ਹੋਰ। ਜਾਇਦਾਦ ਨੰ. 4 : ਰਿਹਾਇਸ਼ੀ ਜਾਇਦਾਦ ਰਕਬਾ 02 ਮਰਲਾ 149 ਵਰਗ ਫੁੱਟ ਖਸਰਾ ਨੰ. .20//14, 20//16/2/1, 20//17/2, 20//18/2/1, 20//29/2, 21//20, 24//7, 25//26, 25//27, 26//1, 26//2, 26//3//1, 21//21 ਵਾਕਿਆ ਪਿੰਡ ਸਲੇਮਪੁਰ ਮੁਸਲਮਾਨਾਂ, ਜਲੰਧਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਮਾਲਕ, ਪੱਛਮ : ਬਾਬਾ ਮੋਹਨ ਦਾਸ ਸਕੂਲ, ਉੱਤਰ : ਸੜਕ, ਦੱਖਣ : ਹੋਰ। ਜਾਇਦਾਦ ਨੰ. 5 : (ਏ) ਰਿਹਾਇਸ਼ੀ ਜਾਇਦਾਦ ਨੰ. 204 ਰਕਬਾ 7 ਮਰਲਾ 202 ਵਰਗ ਫੁੱਟ, ਰਮਣੀਕ ਐਵੇਨਿਊ ਨੂਰਪੁਰ, ਖਸਰਾ ਨੰ. 6//19/2, 21,22,13//1,2,3,4,5/1, 13//12/2, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਪੂਰਬ : ਸੜਕ, ਪੱਛਮ : ਨੰ. 203, ਉੱਤਰ : ਸੜਕ, ਦੱਖਣ : ਮਕਾਨ ਨੰ. 205 (ਬੀ) ਰਿਹਾਇਸ਼ੀ ਜਾਇਦਾਦ ਨੰ. 204 ਰਕਬਾ 7 ਮਰਲਾ 184 ਵਰਗ ਫੁੱਟ, ਰਮਣੀਕ ਐਵੇਨਿਊ ਨੂਰਪੁਰ, ਖਸਰਾ ਨੰ. 6//19/2, 21, 22, 13//1, 2, 2, 3, 4, 5/1, 13//12/2 ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਪੂਰਬ : ਸੜਕ, ਪੱਛਮ : ਹੋਰ, ਉੱਤਰ : ਮਕਾਨ ਨੰ. 204, ਦੱਖਣ : ਮਕਾਨ ਨੰ. 206, ਜਾਇਦਾਦ ਨੰ. 6 : ਇੰਡਸਟ੍ਰੀਅਲ ਜਾਇਦਾਦ ਬਿਆਸ ਪਿੰਡ-1, ਰਕਬਾ 112 ਮਰਲਾ, ਖੱਤਾ ਨੰ. 383/557, 390/565, 389/564, 348/511, 362/527, 400/578, 336/497 ਖਸਰਾ ਨੰ. 50//19/2/2(0-7), 22/1 (2-16),50//19/1/1(4-5), 19/2/1(0-11), 50//18/2(6-8), 64//2/2//1(2-18), 11/1(1-12), 50//23/2(2-12), 24(4-16) ਤਹਿਸੀਲ ਤੇ ਜ਼ਿਲ੍ਹਾ ਜਲੰਧਲ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਜੀ ਟੀ ਰੋਡ, ਪੱਛਮ : ਦੀਪਕ ਅਰੋੜਾ, ਉੱਤਰ : ਮਾਲਕ, ਦੱਖਣ : ਰਸਤਾ। ਜਾਇਦਾਦ ਨੰ. 7 ਰਿਹਾਇਸ਼ੀ ਜਾਇਦਾਦ ਖੱਤਾ ਨੰ. 48/61, ਖਸਰਾ ਨੰ. 42//14/2 (0-8) ਕਿੱਤਾ 1 ਰਕਬਾ 0 ਕਨਾਲ 8 ਮਰਲਾ ਜੋ 00 ਕਨਾਲ 1 ਮਰਲਾ ਦੇ 1/8 ਹਿੱਸਾ, ਖੱਤਾ ਨੰ. 165/210, 211, 212, 213, 214, 215,216, ਖਸਰਾ ਨੰ. 42//6 ਮਿੰਨ (3-0), 7 ਮਿੰਨ (3-0),14/2 ਮਿੰਨ (1-6), 15/1 ਮਿੰਨ (1-8), 38//25/1 ਮਿੰਨ (0-15), 42//5/1 ਮਿੰਨ (1-4), 38/25/1 ਮਿੰਨ (0-15), 42//5/1 ਮਿੰਨ (0-15), 42//13/2 (0-12), 7 ਮਿੰਨ (5-0), 8 (9-0), 14/1 ਮਿੰਨ (0-17, 38//24/3 ਮਿੰਨ (0-7), 25/1 ਮਿੰਨ (0-8), 42//16 ਮਿੰਨ (5-0), 15/1 ਮਿੰਨ (2-14), 38//24/3 ਮਿੰਨ (0-8), 25/1 ਮਿੰਨ (0-7) ਕਿਤੇ 18 ਰਕਬਾ 36 ਕਨਾਲ 16 ਮਰਲੇ, ਜੋ ਕਿ 4 ਕਨਾਲ 12 ਮਰਲੇ ਦਾ 1/8 ਹਿੱਸਾ, ਖੱਤਾ ਨੰ. 470/575, ਖਸਰਾ ਨੰ. 42//3/1 (5-16) ਕਿੱਤਾ 1 ਰਕਬਾ 5 ਕਨਾਲ 16 ਮਰਲੇ, ਜੋ ਕਿ 12 ਮਰਲੇ 32/2 ਸਰਸਾਈ ਦਾ 223/2058 ਹਿੱਸਾ, ਖੱਤਾ ਨੰ. 471/576, 578, 579, 580, ਖਸਰਾ ਨੰ. 41//4 ਮਿਨ (1-6), 42//4 ਮਿਨ (1-6), 317 (1-12), 42//14 ਮਿਨ (2-14), 42//4 ਮਿੰਨ (2-14), ਕਿੱਤਾ 5 ਰਕਬਾ 9 ਕਨਾਲ 12 ਮਰਲੇ, ਜੋ ਕਿ 1 ਕਨਾਲ 4 ਮਰਲੇ 3 ਸਰਸਾਈ ਦਾ 223/2088 ਹਿੱਸਾ, ਕੁੱਲ ਜ਼ਮੀਨੀ ਰਕਬਾ 6 ਕਨਾਲ 9 ਮਰਲੇ 3 1/2 ਸਰਸਾਈ, ਜੋ ਕਿ 272 ਵਰਗ ਗਜ਼, ਜਮ੍ਹਾਂਬੰਦੀ ਸਾਲ 2018-2019, ਪਿੰਡ ਅਲਾਵਲਪੁਰ, ਜ਼ਿਲ੍ਹਾ ਜਲੰਧਰ, ਤਹਿਸੀਲ ਜਲੰਧਰ ਨਾਲ ਸੰਬੰਧਤ ਸਭ ਕੁਝ। ਪੂਰਬ : ਜਗਦੀਪ ਸਿੰਘ, ਪੱਛਮ : ਰੇਸ਼ਮ ਕੌਰ ਅਤੇ ਬਚਿੱਤਰ ਸਿੰਘ, ਉੱਤਰ : ਸੜਕ, ਦੱਖਣ : ਰੇਸ਼ਮ ਕੌਰ ਅਤੋ ਓਮ ਸ਼ਿਵਮ ਉਤਪਾਦਨ। -ਜਾਇਦਾਦ ਨੰ. 8 : (ਏ) ਰਿਹਾਇਸ਼ੀ ਜਾਇਦਾਦ ਹੱਦਬਸਤ ਨੰ. 139, ਰਕਬਾ 2 ਕਨਾਲ 10 ਮਰਲੇ 5 ਸਰਸਾਈ, ਖੱਤਾ ਨੰ. 165/212, 215, 217, ਖਸਰਾ ਨੰ. 41//6 ਮਿੰਨ (3-0), 42//7 ਮਿੰਨ (3-0), 42//6 ਮਿੰਨ (5-0), 42//6 ਮਿੰਨ (5-10), ਪਿੰਡ ਅਲਾਵਲਪੁਰ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। (ਬੀ) ਰਿਹਾਇਸ਼ੀ ਜਾਇਦਾਦ ਹਦਬਸਤ ਨੰ. 139, ਖੱਤਾ ਨੰ. 165/212, 215, ਖਸਰਾ ਨੰ. 42//14/1 ਮਿੰਨ (1-6), 42//14/1 ਮਿੰਨ (0-17), ਕਿੱਤੇ 2 ਰਕਬਾ ਕੁੱਲ ਜ਼ਮੀਨ ਰਕਬਾ 2 ਕਨਾਲ 9 ਮਰਲੇ, 4 ਸਰਸਾਈ, ਪਿੰਡ ਅਲਾਵਲਪੁਰ, ਤਹਿਸੀਲ ਤੇ ਜ਼ਿਲ੍ਹਾ ਜਲੰਧਲ ਨਾਲ ਸੰਬੰਧਤ ਸਭ ਕੁਝ। ਪੂਰਬ : ਰੇਸ਼ਮ ਕੌਰ, ਪੱਛਮ : ਲੋਹਾ ਫੈਕਟਰੀ, ਉੱਤਰ : ਮਾਲਕ, ਦੱਖਣ : ਅਲਾਵਲਪੁਰ ਤੋਂ ਕਿਸ਼ਨਗੜ੍ਹ ਰੋਡ। |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਏ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਦੇ ਸਕਿਉਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ। ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਉਰਡ ਕ੍ਰੈਡਿਟਸ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਉਰਡ ਐੱਸਟਸ ਨੂੰ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 24.04.2025, ਸਥਾਨ : ਪੰਜਾਬ — ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਮਜ਼ਦੂਰਾਂ ਨੂੰ ਉਜਰਤ ਦਿਵਾਉਣ ਨੂੰ ਲੈ ਕੇ ਲੇਬਰ ਪਾਰਟੀ ਦਾ ਵਫਦ ਜੀ ਏ ਟੂ ਡਿਪਟੀ ਕਮਿਸ਼ਨਰ ਨੂੰ ਮਿਲਿਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪੰਚਾਇਤੀ ਬਲਾਕ ਹੁਸ਼ਿਆਰਪੁਰ 2,1 ਵਿਚ ਪ੍ਰਬੰਧਕ ਲੱਗਣ ਸਮੇਂ ਪਿੰਡਾਂ ਵਿਚ 37 ਦੇ ਕਰੀਬ ਮਜ਼ਦੂਰਾਂ ਵਲੋਂ ਪੰਚਾਇਤ ਸਕੱਤਰਾਂ ਅਤੇ ਜ ਈ ਦੇ ਅਧੀਨ 8 ਪਿੰਡਾਂ ਵਿਚ ਕੀਤੇ ਕੰਮਾਂ ਦੀ ਲੱਖਾਂ ਰੁਪਏ ਦੀ ਉਜਰਤ ਦਿਵਾਉਣ ਨੂੰ ਲੈ ਕੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਠੇਕੇਦਾਰ ਪਾਤੀਰਾਮ ਦੀ ਅਗਵਾਈ ਵਫਦ ਜੀ ਏ ਟੂ ਡਿਪਟੀ ਕਮਿਸ਼ਨਰ ਪਰਮਪ੍ਰੀਤ ਸਿੰਘ ਨੂੰ ਮਿਲਿਆ ਅਤੇ ਦੱਸਿਆ ਕਿ ਪਹਿਲਾਂ ਵੀ ਠੇਕੇਦਾਰ ਨੇ ਮਜ਼ਦੂਰਾਂ ਨੂੰ ਨਾਲ ਲੈ ਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੂੰ 20 ਫਰਵਰੀ ਨੂੰ ਇਕ ਲਿਖਤੀ ਸ਼ਿਕਾਇਤ ਕੀਤੀ ਸੀ ਪਰ ਉਸ ਉਤੇ ਕੋਈ ਵੀ ਕਾਰਵਾਈ ਨਾ ਹੋਣ ਦੀ ਸੂਰਤ ਵਿਚ ਦੁਬਾਰਾ ਮੰਗ ਪੱਤਰ ਦਿਤਾ। ਇਸ ਮੌਕੇ ਠੇਕਦਾਰ ਪਾਤੀਰਾਮ ਨੇ ਦੱਸਿਆ ਕਿ ਉਨ੍ਹਾਂ 2024 ਵਿਚ ਪੰਚਾਇਤਾਂ ਭੰਗ ਹੋਣ ਤੋਂ ਬਾਅਦ ਪ੍ਰਬੰਧਕ ਲੱਗਣ ਤੇ 8 ਪਿੰਡਾਂ ਡੁਗਲਾਨਾ,ਰਾਜਪੁਰ, ਮੁੱਖਲੀਆਣਾ, ਪਦਮਾ, ਹੁਕੜਾਂ, ਪੱਟੀ, ਬੋਹਨ ਅਤੇ ਖੇੜਾ ਵਿਚ ਮਿਸਤਰੀ ਅਤੇ ਮਜ਼ਦੂਰੀ ਦਾ ਕੰਮ ਕੀਤਾ, ਪਰ ਉਨ੍ਹਾਂ ਨੂੰ ਕੀਤੇ ਕੰਮ ਦੀ ਅੱਜ ਤੱਕ ਅਦਾਇਗੀ ਨਹੀਂ ਕੀਤੀ ਗਈ। ਜਿਸ ਦੀ ਕੁਲ ਉਜਰਤ 7, 8 ਲੱਖ ਦੇ ਲਗਭਗ ਬਨਦੀ ਹੈ। ਜਦੋਂ ਕਿ ਠੇਕੇਦਾਰ ਕਈ ਵਾਰ ਜੇ ਈ ਗੁਰਦੀਪ ਸਿੰਘ ਦੇ ਵੀ ਮਾਮਲਾ ਧਿਆਨ ਵਿਚ ਲਿਆ ਚੁੱਕੇ ਹਨ ਪਰ ਉਨ੍ਹਾਂ ਨੇ ਵੀ ਕੋਈ ਸੁਣਵਾਈ ਨਹੀਂ ਕੀਤੀ। ਇਸੇ ਤਰ੍ਹਾਂ ਮਜ਼ਦੂਰ ਅਤੇ ਠੇਕੇਦਾਰ ਕਈ ਵਾਰ ਪੰਚਾਇਤ ਸਕੱਤਰ ਬਲਵਿੰਦਰ ਕੁਮਾਰ ਅਤੇ ਮੁਕੇਸ਼ ਕੁਮਾਰ ਨੂੰ ਕਹਿ ਚੁੱਕੇ ਹਨ ਜੋ ਕਿ ਉਸ ਸਮੇਂ ਪਿੰਡਾਂ ਪ੍ਰਬੰਧਕ ਸਨ। ਧੀਮਾਨ ਨੇ ਕਿਹਾ ਕਿ ਮਜ਼ਦੂਰਾਂ ਦੀ ਉਜਰਤ ਨਾ ਦੇਣਾ ਲੇਬਰ ਐਕਟ ਦੀ ਉਲੰਘਣਾ ਹੈ ਅਤੇ ਗੈਰ ਸੰਵਿਧਾਨਕ ਰਵੱਈਆ ਹੈ। ਜਦੋਂ ਕਿ ਮਜ਼ਦੂਰਾਂ ਕੋਲ ਕੀਤੇ ਕੰਮਾਂ ਦੇ ਸਾਰੇ ਸਬੂਤ ਹਨ। ਮਜ਼ਦੂਰਾਂ ਦੀ ਆਰਥਿਕ ਹਾਲਤ ਵਿਗੜ ਰਹੀ ਹੈ ਤੇ ਮਹਿਗਾਈ ਦੇ ਦੌਰ ਵਿਚ ਘਰਾਂ ਦਾ ਗੁਜ਼ਾਰਾ ਕਰਨਾ ਔਖਾ ਹੋ ਰਿਹਾ ਹੈ। ਇਸੇ ਤਰ੍ਹਾਂ ਛਾਉਣੀ ਕਲਾਂ ਵਿਚ ਨਿਹਾਲ ਸਿੰਘ ਦਾ ਜੇ ਈ ਵੱਲ 55000 ਰੁਪਈਆ ਨਹੀਂ ਮਿਲ ਰਿਹਾ। ਧੀਮਾਨ ਨੇ ਦੱਸਿਆ ਕਿ ਹੁਸ਼ਿਆਰਪੁਰ ਬਲਾਕ 1 ਵਿਚ ਪੰਚਾਇਤ ਸਕੱਤਰ ਵੱਲ ਠੇਕੇਦਾਰ ਪਾਤੀਰਾਮ ਦਾ 1 ਲੱਖ 25 ਹਜ਼ਾਰ ਰੁਪਇਆ ਬਕਾਇਆ ਹੈ, ਪਰ ਜਾਣਬੁੱਝ ਕੇ ਨਹੀਂ ਦਿਤਾ ਜਾ ਰਿਹਾ ਜਦੋਂ ਕਿ ਉਹ ਸਕੱਤਰ ਰਿਟਾਇਰ ਵੀ ਹੋ ਚੁੱਕਾ ਹੈ। ਧੀਮਾਨ ਨੇ ਕਿਹਾ ਕਿ ਜਦੋਂ ਤੱਕ ਮਜ਼ਦੂਰਾਂ ਵਲੋਂ ਕੀਤੀ ਉਜਰਤ ਦੇ ਪੈਸੇ ਨਹੀਂ ਦਿੱਤੇ ਜਾਂਦੇ ਉਦੋਂ ਤੱਕ ਅੰਦੋਲਨ ਜਾਰੀ ਜਾਵੇਗਾ। ਇਸ ਬੇਇਨਸਾਫੀ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵੀ ਜੁੰਮੇਵਾਰ ਹਨ। ਇਸ ਮੌਕੇ ਵੀਰਾ ਵਤੀ, ਜਸ਼ੋਦਾ, ਛਮਾ ਦੇਵੀ, ਪੂਜਾ, ਮੁਰਲੀ, ਦੀਪਕ, ਸੁਨੀਲ, ਗੌਰਵ, ਅਸ਼ੋਕ, ਗੋਤਮ, ਅਰਜੁਨ ਆਦਿ ਸ਼ਾਮਿਲ ਸਨ।



# ਫਾਲਕਨ ਇੰਟਰਨੈਸ਼ਨਲ ਸਕੂਲ 'ਚ ਧਰਤੀ ਦਿਵਸ ਮਨਾਇਆ



**ਸੁਲਤਾਨਪੁਰ ਲੋਧੀ (ਹਨੀ)**- ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਅਰਥ ਡੇ ਨੂੰ ਸਮਰਪਤ ਐਕਟੀਵਿਟੀ ਕਰਵਾਈ ਗਈ। ਜਿਸ ਵਿੱਚ ਸੱਤਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਦੌਰਾਨ ਵਿਦਿਆਰਥੀਆਂ ਨੇ ਧਰਤੀ ਨੂੰ ਪ੍ਰਦੂਸ਼ਣ ਰਹਿਤ ਕਰਨ ਸਬੰਧੀ ਵੱਖ-ਵੱਖ ਤਰ੍ਹਾਂ ਦੇ ਚਿੱਤਰ ਬਣਾਏ ਗਏ। ਪੰਜਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਅਰਥ ਡੇ ਭਾਸ਼ਣ ਦੇ ਕੇ ਧਰਤੀ ਨੂੰ ਪ੍ਰਦੂਸ਼ਣ ਰਹਿਤ ਕਰਨ ਦਾ ਸੁਨੇਹਾ ਦਿੱਤਾ। ਇਸ ਦੌਰਾਨ ਵਿਦਿਆਰਥੀਆਂ ਨੇ ਧਰਤੀ ਦੇ ਨਾਲ ਨਾਲ ਪਾਣੀ ਤੇ ਰੁੱਖਾਂ ਨੂੰ ਬਚਾਉਣ ਸਬੰਧੀ ਵੀ ਆਪਣੇ ਵਿਚਾਰ ਸਾਂਝੇ ਕੀਤੇ। ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਅਤੇ ਮੈਨੇਜਿੰਗ ਡਾਇਰੈਕਟਰ ਮੈਡਮ ਨਵਦੀਪ ਕੌਰ ਢਿੱਲੋਂ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਬਚਾਉਣ ਅਤੇ ਉਸ ਨੂੰ ਸਾਫ ਸੁਥਰਾ ਰੱਖਣ ਸਬੰਧੀ ਪ੍ਰੇਰਿਤ ਕੀਤਾ।ਇਸ ਮੌਕੇ ਕੁਆਰਡੀਨੇਟਰ ਰਵਿੰਦਰਜੀਤ ਕੌਰ, ਐਕਟੀਵਿਟੀ ਇੰਚਾਰਜ ਚੰਚਲ, ਸਪੋਰਟਸ ਇੰਚਾਰਜ ਜਤਿੰਦਰ ਸਿੰਘ, ਮੈਡਮ ਤਾਨੀਆ ਧੀਰ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਸੁਪਰ ਸੀਨੀਅਰ ਰੇਡੀਓਗ੍ਰਾਫਰਜ਼ ਨੂੰ ਕੀਤਾ ਸਨਮਾਨਤ

**ਬੰਗਾ (ਅਵਤਾਰ ਕਲੇਰ)**

ਰਿਟਾਇਰਡ ਸੀਨੀਅਰ ਰੇਡੀਓਗ੍ਰਾਫਰਜ਼ ਵੈਲਫੇਅਰ ਐਸੋਸੀਏਸ਼ਨ ਪੰਜਾਬ ਵਲੋਂ ਇੱਕ ਵਿਸ਼ੇਸ਼ ਪ੍ਰੋਗਰਾਮ ਡਾ. ਹੋਮੀ ਜਹਾਂਗੀਰ ਭਾਭਾ ਪ੍ਰਮਾਣੂ ਊਰਜਾ ਦੇ ਖੋਜਕਾਰ-ਉਘੇ ਭੌਤਿਕ ਵਿਗਿਆਨੀ ਅਤੇ ਉਰਦੂ, ਪੰਜਾਬੀ ਤੇ ਹਿੰਦੀ ਦੇ ਉਘੇ ਲੇਖਕ ਸਾਹਿਰ ਲੁਧਿਆਣਵੀ ਨੂੰ ਸਮਰਪਤ ਸੀ, ਅਯੋਜਿਤ ਕੀਤਾ ਗਿਆ। ਇਹ ਸਮਾਗਮ ਹਰੀ ਬਿਲਾਸ ਹੀਉਂ, ਗੁਰਵਿੰਦਰ ਸਿੰਘ ਭੁੱਲਰ, ਗੋਪਾਲ ਸਿੰਘ ਸੰਧੂ, ਈਸਰ ਪਾਲ ਸਿੰਘ, ਦਲਬੀਰ ਸਿੰਘ, ਗੋਪਾਲ ਕਿਸ਼ਨ ਸ਼ਰਮਾ, ਚੰਦਰ ਪ੍ਰਕਾਸ਼ ਗਰਗ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਇਸ ਮੌਕੇ ਹਰੀ ਬਿਲਾਸ ਹੀਉਂ ਨੇ ਡਾ. ਹੋਮੀ ਜਹਾਂਗੀਰ ਭਾਭਾ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਉਹ ਆਜ਼ਾਦ ਭਾਰਤ ਦੇ ਰੇਡੀਏਸ਼ਨ ਅਤੇ ਪ੍ਰਮਾਣੂ ਉਰਜਾ ਦੇ ਖੇਤਰ ਵਿੱਚ ਪਹਿਲੇ ਵਿਗਿਆਨੀ ਤੇ ਖੋਜੀ ਸਨ। ਉਹਨਾਂ ਆਜ਼ਾਦ ਭਾਰਤ ਵਿੱਚ ਆਪਣੇ ਪੱਧਰ 'ਤੇ ਹੀ ਭਾਰਤ ਸਰਕਾਰ ਨਾਲ ਸਾਂਝੇ ਯਤਨਾਂ ਸਦਕਾ ਭਾਭਾ ਐਟੋਮਿਕ ਰਿਸਰਚ ਸੈਂਟਰ ਅਤੇ ਅਟੋਮਿਕ ਅਨਰਜੀ ਰੈਗੂਲੈਰਟੀ ਬੋਰਡ ਦੀ ਸੰਰਚਨਾ ਕੀਤੀ। ਇਹ ਸਮਾਗਮ ਰੀਜੈਂਟਾ ਕਲਾਸਿਕ ਹੋਟਲ ਲੁਧਿਆਣਾ ਵਿਖੇ ਹੋਣ ਕਰਕੇ, ਲੁਧਿਆਣਾ ਦੇ ਹੀ ਜੰਮਪਲ, ਉਰਦੂ, ਪੰਜਾਬੀ ਤੇ ਹਿੰਦੀ ਦੇ ਉਘੇ ਲੇਖਕ ਸਾਹਿਰ ਲੁਧਿਆਣਵੀ ਨੂੰ ਸਮਰਪਤ ਕੀਤਾ ਗਿਆ। ਇਸ ਮੌਕੇ ਗੁਰਵਿੰਦਰ ਸਿੰਘ ਭੁੱਲਰ, ਗੋਪਾਲ ਸਿੰਘ ਸੰਧੂ, ਦਲਬੀਰ ਸਿੰਘ, ਗੋਪਾਲ ਕਿਸਨ, ਐਸ. ਕੇ. ਸਰੀਨ, ਸੁਰਜੀਤ ਸਿੰਘ ਗਿੱਲ, ਅਸ਼ਵਨੀ ਕੁਮਾਰ, ਜਗਦੀਸ਼ ਸਿੰਘ ਆਦਿ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਪ੍ਰੋਗਰਾਮ ਵਿੱਚ ਮੈਡੀਕਲ ਰੇਡੀਓਗ੍ਰਾਫੀ ਕੈਟਾਗਰੀ ਦੇ 20 ਤੋਂ ਵੱਧ ਸੇਵਾ-ਮੁਕਤ ਸੁਪਰ ਸੀਨੀਅਰ ਰੇਡੀਓਗ੍ਰਾਫਰਜ਼ ਨੂੰ ਯਾਦਗਾਰੀ ਮੋਮੈਂਟੋ ਅਤੇ ਲੋਈ ਦੇ ਕੇ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵਿੱਚ ਪੁਸ਼ਪ ਰਾਜ ਸ਼ਰਮਾ, ਸੁਰਜੀਤ ਸਿੰਘ ਗਿੱਲ (ਕਨੇਡਾ), ਸੁਭਾਸ਼ ਚੰਦਰ ਕੁੰਦੀ, ਪ੍ਰੇਮਜੀਤ ਸਿੰਘ, ਸੁਭਾਸ਼ ਚੰਦਰ ਲੁਧਿਆਣਾ, ਸਰਨਜੀਤ ਕੌਰ ਕਪੂਰਥਲਾ, ਰਜਿੰਦਰ ਦੱਤ, ਅਸ਼ਵਨੀ ਕੁਮਾਰ, ਗਿ: ਮਨਮੋਹਨ ਸਿੰਘ, ਐਸ.ਕੇ.ਸਰੀਨ, ਮੇਵਾ ਸਿੰਘ, ਵਰਿੰਦਰ ਬਜਾਜ, ਗੁਰਦਾਸ ਸਿੰਘ, ਨਛੱਤਰ ਸਿੰਘ, ਪਰਮਜੀਤ ਕੌਰ,ਜਗਦੀਸ ਸਿੰਘ, ਸੁਰਿੰਦਰ ਸਿੰਘ ਅਤੇ ਵਿਜੇ ਗੋਇਲ ਸ਼ਾਮਲ ਸਨ। ਇਸ ਸਮੇਂ ਸਮੂਹ ਰਿਟਾਇਰਡ ਸੀਨੀਅਰ ਰੇਡੀਓਗ੍ਰਾਫਰਜ਼ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਬਿਨਾਂ ਦੇਰ ਹੱਲ ਕੀਤਾ ਜਾਵੇ ਅਤੇ ਬਕਾਏ ਤੁਰੰਤ ਦਿੱਤੇ ਜਾਣ। ਇਸ ਸਮਾਗਮ ਵਿੱਚ ਜਤਿੰਦਰ ਸਿੰਘ, ਪ੍ਰਕਾਸ਼ ਚੰਦ ਦੋਸ਼ੀ, ਅਵਤਾਰ ਸਿੰਘ, ਸੁਖਵੀਰ ਸਿੰਘ ਚਾਹਲ, ਅਮਨ ਬਾਂਸਲ, ਕੁਲਵੰਤ ਸਿੰਘ ਤੇ ਰਾਜਵਿੰਦਰ ਕੌਰ ਸ਼ਾਮਲ ਸਨ। ਇਸ ਸਮੇਂ ਦਵਿੰਦਰਪਾਲ ਸਿੰਘ ਵਲੋਂ ਨਿਭਾਈਆਂ ਸੇਵਾਵਾਂ ਦੀ ਪ੍ਰਸੰਸਾ ਕੀਤੀ ਗਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਹਰੀ ਬਿਲਾਸ ਹੀਉਂ ਨੇ ਨਿਭਾਈ ਅਤੇ ਸਾਰਿਆਂ ਦਾ ਧੰਨਵਾਦ ਕੀਤਾ।



# ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੇ ਵਿਦਿਆਰਥੀ-ਅਧਿਆਪਕਾਂ ਦਾ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)**- ਇਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਨੇ ਸਕੂਲ ਇੰਟਰਨਸ਼ਿਪ ਅਤੇ ਫੀਲਡ ਐਂਗੇਜਮੈਂਟ ਪ੍ਰੋਗਰਾਮ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਕੇ ਇੱਕ ਵਾਰ ਫਿਰ ਗੁਣਵੱਤਾ ਵਾਲੀ ਸਿੱਖਿਆ ਵਿੱਚ ਇੱਕ ਮਾਪਦੰਡ ਸਥਾਪਤ ਕੀਤਾ ਹੈ ਜੋ ਕਿ ਜੀ ਐਨ ਡੀ ਯੂ ਬੀ.ਐੱਡ. ਸੀ. - 999 ਦਸੰਬਰ 2024 ਦੀ ਪ੍ਰੀਖਿਆ ਦੇ ਨਤੀਜਿਆਂ ਵਿੱਚ ਸਪੱਸ਼ਟ ਤੌਰ 'ਤੇ ਝਲਕਦਾ ਹੈ, ਜਿਸ ਵਿੱਚ ਕਲਾਸ ਦੇ 100% ਵਿਦਿਆਰਥੀ-ਅਧਿਆਪਕਾਂ ਨੇ ਪਹਿਲੀ ਡਿਵੀਜ਼ਨ ਪ੍ਰਾਪਤ ਕੀਤੀ, ਉਨ੍ਹਾਂ ਵਿੱਚੋਂ 82 ਪ੍ਰਤੀਸ਼ਤ ਨੇ ਡਿਸਟਿੰਕਸ਼ਨ ਪ੍ਰਾਪਤ ਕੀਤੇ ਅਤੇ 78 ਪ੍ਰਤੀਸ਼ਤ ਵਿਦਿਆਰਥੀ-ਅਧਿਆਪਕਾਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ।ਦੀਕਸ਼ਿਤ ਦੱਤਾ, ਗੋਲਡਾ ਖੁੱਲਰ, ਗੁਰਪ੍ਰੀਤ ਕੌਰ, ਹਰਮਨਜੋਤ ਕੌਰ, ਕੰਦਲਾ ਕਸ਼ਯਪ, ਖੁਸ਼ੀ ਸ਼ਰਮਾ, ਕੋਮਲ ਵਰਮਾ, ਮਨਮੀਤ ਕੌਰ, ਪਾਰੁਲ, ਪੂਜਾ ਮਾਹੀ, ਪੂਨਮ, ਸੰਗੀਤਾ ਜੈਨ, ਸ਼ਿਖਾ ਅਰੋੜਾ, ਤਮੰਨਾ ਕੌਰ ਅਤੇ ਤਰੁਣ ਨੇ 9.00 ਸੀ ਜੀ ਪੀ ਏ ਨਾਲ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਖੁਸ਼ਬੂ ਰਲਹਨ, ਸਲਮਾ ਖਾਨਮ, ਸੁਨੀਤਾ ਸੁਮਨ ਅਤੇ ਤਨਵੀ ਭੰਡਾਰੀ ਨੇ 8.80 ਸੀ ਜੀ ਪੀ ਏ ਨਾਲ ਕਾਲਜ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਬਿਊਟੀ ਕੁਮਾਰੀ, ਚੇਤਨਾ ਮੋਹਨ, ਇਸਮੀਨ ਕੌਰ, ਜਨ੍ਹਪ੍ਰਿਆ ਕਤਿਆਲ, ਮਨਪ੍ਰੀਤ ਕੌਰ, ਪਰਮਪ੍ਰੀਤ ਕੌਰ, ਪ੍ਰਭਲੀਨ ਕੌਰ, ਰਮਨਜੀਤ ਕੌਰ, ਰਿਧੀ ਨਈਅਰ, ਸਪਨਾ ਮਹਾਜਨ, ਸਿਮਰਨਜੀਤ ਕੌਰ, ਯਾਸਮੀਨ ਨੇ 8.20 ਸੀ ਜੀ ਪੀ ਏ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ।ਕਾਲਜਾਂ ਦੀ ਕਾਰਜਕਾਰੀ ਨਿਰਦੇਸ਼ਕ ਸ੍ਰੀਮਤੀ ਅਰਾਧਨਾ ਬੌਰੀ ਨੇ ਸਾਰੇ ਹੋਣ ਵਾਲੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਹਰ ਪਹਿਲੇ ਸਥਾਨ ਦੇ ਪਿੱਛੇ ਲਗਨ ਅਤੇ ਸਮਰਪਣ ਦੀ ਕਹਾਣੀ ਹੁੰਦੀ ਹੈ। ਪ੍ਰਿੰਸੀਪਲ ਡਾ. ਅਰਜਿੰਦਰ ਸਿੰਘ ਨੇ ਸਾਰੇ ਹੋਣ ਵਾਲੇ ਅਧਿਆਪਕਾਂ ਨੂੰ ਕੋਸ਼ਿਸ਼ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ। ਮੈਨੇਜਮੈਂਟ ਦੇ ਮੈਂਬਰਾਂ, ਪ੍ਰਿੰਸੀਪਲ ਅਤੇ ਫੈਕਲਟੀ ਮੈਂਬਰਾਂ ਨੇ ਸਾਰੇ ਹੋਣ ਵਾਲੇ ਅਧਿਆਪਕਾਂ ਨੂੰ ਉਨ੍ਹਾਂ ਦੇ ਸ਼ਾਨਦਾਰ ਅਕਾਦਮਿਕ ਪ੍ਰਦਰਸ਼ਨ ਲਈ ਵਧਾਈ ਦਿੱਤੀ।



# ਬੱਲਾਂ 'ਚ ਡਾ. ਅੰਬੇਡਕਰ ਦਾ ਜਨਮ ਦਿਵਸ ਮਨਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**

ਨਜ਼ਦੀਕੀ ਪਿੰਡ ਬੱਲਾਂ ਵਿਖੇ ਡਾ. ਬੀ ਆਰ ਅੰਬੇਡਕਰ ਦਾ 134ਵਾਂ ਜਨਮ ਦਿਵਸ ਐਨ.ਆਰ.ਆਈ ਸਾਥੀ ਚਰਨਜੀਤ ਬੱਬੂ, ਲਾਡੀ ਬੱਲਾਂ, ਬਲਵਿੰਦਰ ਬੱਲ, ਸਰਪੰਚ ਰਾਜ ਕੁਮਾਰੀ ਅਤੇ ਸਮੂਹ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਸਾਂਝੇ ਤੌਰ 'ਤੇ ਮਨਾਇਆ ਗਿਆ। ਇਸ ਮੌਕੇ ਬਸਪਾ ਆਗੂ ਐਡਵੋਕੇਟ ਬਲਵਿੰਦਰ ਕੁਮਾਰ, ਇੰਜੀਨੀਅਰ ਜਸਵੰਤ ਰਾਏ ਮੁੱਖ ਮਹਿਮਾਨ ਵਜੋਂ ਪਹੁੰਚੇ। ਇਸ ਮੌਕੇ ਕਲਾਕਾਰਾਂ ਵੱਲੋਂ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ 'ਤੇ ਅਧਾਰਿਤ ਕੋਰਿਓਗ੍ਰਾਫੀ ਪੇਸ਼ ਕੀਤੀ ਗਈ ਅਤੇ ਮਿਸ਼ਨਰੀ ਗਾਇਕ ਕਲਾਕਾਰਾਂ ਵੱਲੋਂ ਬਾਬਾ ਸਾਹਿਬ ਦੇ ਜੀਵਨ ਅਤੇ ਸੰਘਰਸ਼ ਬਾਰੇ ਆਪਣੇ ਗੀਤਾਂ ਰਾਹੀਂ ਜਾਣੂ ਕਰਵਾਇਆ ਗਿਆ। ਇਸ ਮੌਕੇ ਐਡਵੋਕੇਟ ਬਲਵਿੰਦਰ ਕੁਮਾਰ ਅਤੇ ਇੰਜ. ਜਸਵੰਤ ਰਾਏ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਅਮਲੀ ਜੀਵਨ 'ਚ ਬਾਬਾ ਸਾਹਿਬ ਦੇ ਅਨਮੋਲ ਸੰਦੇਸ਼ ਪੜ੍ਹੋ, ਲਿਖੋ, ਸੰਗਠਿਤ ਹੋਵੋ ਅਤੇ ਸੰਘਰਸ਼ ਕਰੋ ਨੂੰ ਸਮਰਪਿਤ ਹੋ ਕੇ ਆਪਣਾ ਜੀਵਨ ਮਾਰਗ ਦਰਸ਼ਕ ਬਣਾਉਣਾ ਚਾਹੀਦਾ ਹੈ। ਇਸ ਮੌਕੇ ਪ੍ਰਬੰਧਕਾਂ ਵੱਲੋਂ ਪਹੁੰਚੀਆਂ ਹੋਈਆਂ ਸ਼ਖਸੀਅਤਾਂ ਅਤੇ ਕਲਾਕਾਰਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਰਪੰਚ ਰਾਜ ਕੁਮਾਰੀ, ਅਮੀਰ ਚੰਦ, ਰਵਿੰਦਰ ਕੁਮਾਰ, ਰਾਜ ਰਾਣੀ, ਕਰਨ ਕੁਮਾਰ, ਅਜੀਤ ਸਿੰਘ, ਰਣਜੀਤ ਸਿੰਘ, ਸਰਬਜੀਤ ਕੌਰ (ਸਾਰੇ ਪੰਚ) ਬਸਪਾ ਆਗੂ ਸ਼ਾਦੀ ਰਾਮ ਬੱਲਾਂ, ਮਲਕੀਤ ਬੱਲ, ਤ੍ਰਸ਼ੀ ਬੱਲ, ਹਰਭਜਨ ਬੱਲ, ਸੁੱਖਾ ਬੱਲ, ਚਰਨਜੀਤ, ਨਰਿੰਦਰ ਬੱਲ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



# ਮੇਹਰ ਚੰਦ ਪਾਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਵੱਲੋਂ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਦਾ ਦੌਰਾ





**ਜਲੰਧਰ (ਸ਼ੈਲੀ ਐਲਬਰਟ)**

ਪ੍ਰਿੰਸੀਪਲ ਡਾ. ਜਗਰੂਪ ਸਿੰਘ ਅਤੇ ਡਾ. ਰਾਜੀਵ ਭਾਟੀਆ ਦੀ ਸਰਪ੍ਰਸਤੀ ਹੇਠ ਮਹਿਰ ਚੰਦ ਪਾਲੀਟੈਕਨਿਕ ਕਾਲਜ, ਜਲੰਧਰ ਦੇ 32 ਵਿਦਿਆਰਥੀਆਂ ਦੇ ਇੱਕ ਸਮੂਹ ਨੇ ਲੁਧਿਆਣਾ ਸਥਿਤ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਦਾ ਵਿਦਿਅਕ ਦੌਰਾ ਕੀਤਾ।ਇਹ ਦੌਰਾ ਡਾ. ਕਪਿਲ ਓਹਰੀ, ਇੰਜੀ. ਅਮਿਤ ਖੰਨਾ ਅਤੇ ਇੰਜੀ. ਕਨਵ ਮਹਾਜਨ ਦੀ ਅਗਵਾਈ ਹੇਠ ਕੀਤਾ ਗਿਆ।ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਵੀਨਤਮ ਰਿਮੋਟ ਸੈਂਸਿੰਗ ਅਤੇ ਜੀ ਓ ਸਪੈਸ਼ੀਅਲ ਤਕਨਾਲੋਜੀਆਂ ਬਾਰੇ ਹਥੋਂ-ਹੱਥ ਅਨੁਭਵ ਦਿਵਾਉਣਾ ਸੀ।ਵਿਦਿਆਰਥੀਆਂ ਨੂੰ ਉਥੇ ਉਪਸਥਿਤ ਸਾਇੰਟਿਸਟ ਡਾ. ਸ਼ਸ਼ਿਕੰਤ ਸਾਹੂ (ਸੈਟੇਲਾਈਟ ਡੇਟਾ ਐਨਾਲਿਸਟ) ਵੱਲੋਂ ਸੈਟੇਲਾਈਟ ਡੇਟਾ ਪ੍ਰਾਪਤੀ, ਪ੍ਰੀ-ਪ੍ਰੋਸੈਸਿੰਗ, ਪ੍ਰੋਸੈਸਿੰਗ ਅਤੇ ਵਿਸ਼ਲੇਸ਼ਣ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਸਿਵਲ ਇੰਜੀਨੀਅਰਿੰਗ ਵਿਭਾਗ ਵੱਲੋਂ ਕੀਤੀ ਗਈ ਕੋਸ਼ਿਸ਼ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਵਿਭਾਗ ਦਾ ਉਦਮ ਪ੍ਰੈਕਟੀਕਲ ਸਿਖਲਾਈ, ਉਦਯੋਗੀ ਤਿਆਰੀ ਅਤੇ ਨਵੀਨ ਚਿੰਤਨ ਵੱਲ ਮਜ਼ਬੂਤ ਪਗ ਭਰ ਰਿਹਾ ਹੈ।ਇਹ ਦੌਰਾ ਵਿਦਿਆਰਥੀਆਂ ਦੇ ਅਕਾਦਮਿਕ ਅਨੁਭਵ ਨੂੰ ਹੋਰ ਗਹਿਰਾ ਕਰ ਗਿਆ, ਉਨ੍ਹਾਂ ਦੀ ਸੋਚ ਨੂੰ ਵਧਾਇਆ ਅਤੇ ਰਿਮੋਟ ਸੈਂਸਿੰਗ ਅਤੇ ਜੀਓਸਪੈਸ਼ੀਅਲ ਤਕਨਾਲੋਜੀ ਦੀ ਵਰਤੋਂ ਰਾਹੀਂ ਸਕਾਰਾਤਮਕ ਬਦਲਾਅ ਅਤੇ ਟਿਕਾਊ ਵਿਕਾਸ ਵੱਲ ਉਨ੍ਹਾਂ ਨੂੰ ਪ੍ਰੇਰਿਤ ਕੀਤਾ।

# ਕਾਹਨਾਂ ਢੇਸੀਆਂ ਪਿੰਡ ਦੇ ਮਸਲੇ ਨੂੰ ਲੈ ਕੇ ਬੀ ਡੀ ਪੀ ਓ ਦਫਤਰ ਰੁੜਕਾ ਕਲਾਂ ਵਿਖੇ ਧਰਨਾ ਅੱਜ

**ਗੁਰਾਇਆ (ਬਿੰਦਰ ਸੁੰਮਨ)**- ਬਲਾਕ ਰੁੜਕਾ ਕਲਾਂ ਦੇ ਅਧੀਨ ਪੈਂਦੇ ਪਿੰਡ ਕਾਹਨਾ ਢੇਸੀਆਂ ਦੇ ਮਸਲੇ ਨੂੰ ਲੈ ਕੇ ਪਿੰਡ ਵਾਸੀਆਂ ਵਲੋਂ ਬਲਾਕ ਦਫਤਰ ਰੁੜਕਾ ਕਲਾਂ ਵਿਖੇ 24 ਅਪ੍ਰੈਲ ਨੂੰ ਧਰਨਾ ਲਾਇਆ ਜਾ ਰਿਹਾ ਹੈ। ਇਸ ਮੌਕੇ ਪਿੰਡ ਦੇ ਸਾਬਕਾ ਸਰਪੰਚ ਸੁਸ਼ੀਲ ਵਿਰਦੀ ਨੇ ਕਿਹਾ ਕਿ ਪਿੰਡ ਦੇ ਸਰਪੰਚ ਜਗੀਰੋ ਮਹੇ ਦੀ ਬੀਤੇ ਦਿਨੀਂ ਮੌਤ ਹੋ ਗਈ ਸੀ। ਪਿੰਡ ਵਿੱਚ ਅਧਿਕਾਰਤ ਪੰਚ ਲਾਉਣ ਲਈ ਬੀ ਡੀ ਪੀ ਓ ਤੇਜਿੰਦਰ ਸਿੰਘ ਵਲੋਂ ਪੰਚਾਇਤ ਮੈਬਰਾਂ ਨੂੰ ਚਿੱਠੀਆਂ ਕੱਢੀਆਂ ਗਈਆਂ ਸਨ। ਜਿਸ ਵਿੱਚ ਬੀ ਡੀ ਪੀ ਓ ਨੇ ਧੱਕੇ ਨਾਲ ਜਨਰਲ ਸੀਟ 'ਤੇ ਜਿੱਤੇ ਵਿਅਕਤੀ ਨੂੰ ਅਧਿਕਾਰਤ ਪੰਚ ਬਣਾਇਆ, ਜਦੋਂ ਕਿ ਪਿੰਡ ਦੀ ਸੀਟ ਐਸ ਸੀ ਰਿਜ਼ਰਵ ਹੈ। ਉਨ੍ਹਾਂ ਕਿਹਾ ਕਿ ਦੋ ਦਿਨ ਤੋਂ ਪਿੰਡ ਵਾਸੀ ਬੀ ਡੀ ਪੀ ਓ ਦਫਤਰ ਆ ਰਹੇ ਹਨ, ਕੋਈ ਵੀ ਅਧਿਕਾਰੀ ਆਪਣੀ ਸੀਟ 'ਤੇ ਨਹੀਂ ਬੈਠ ਰਿਹਾ। ਉਨਾਂ ਕਿਹਾ ਕਿ ਜੇਕਰ ਇਸ ਮਸਲੇ ਦਾ ਹੱਲ ਨਾ ਕੀਤਾ ਗਿਆ ਤਾਂ 24 ਅਪ੍ਰੈਲ ਨੂੰ ਬੀ ਡੀ ਪੀ ਓ ਦਫਤਰ ਰੁੜਕਾ ਕਲਾਂ ਵਿਖੇ ਧਰਨਾ ਲਾਇਆ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਬਲਾਕ ਅਫਸਰ 'ਤੇ ਹੋਵੇਗੀ। ਇਸ ਮੌਕੇ ਮੁਲਖ ਰਾਜ ਮੂਲ ਨਿਵਾਸੀ, ਸੁਸ਼ੀਲ ਵਿਰਦੀ, ਮਿੰਦਰ ਪਾਲ ਕਾਮਰੇਡ, ਸੁਭਾਸ਼ ਚੰਦਰ, ਮਨਦੀਪ ਬਿੱਟਾ, ਲਖਵੀਰ ਮਹੇ, ਬਲਜੀਤ ਕੌਰ ਪੰਚ, ਮਨੋਜ ਕੁਮਾਰ, ਡਾ. ਜਸਵੰਤ ਸਿੰਘ ਆਦਿ ਹਾਜ਼ਰ ਸਨ। ਦੂਜੇ ਪਾਸੇ ਬੀ ਡੀ ਪੀ ਓ ਤੇਜਿੰਦਰ ਸਿੰਘ ਨੇ ਕਿਹਾ ਕਿ ਪਿੰਡ ਕਾਹਨਾ ਢੇਸੀਆਂ ਦੇ ਸਰਪੰਚ ਦੀ ਮੌਤ ਹੋਣ 'ਤੇ ਪੰਚਾਇਤ ਮੈਂਬਰਾਂ ਨੇ ਪਿੰਡ ਵਿੱਚ ਅਧਿਕਾਰਤ ਪੰਚ ਲਾਉਣ ਦੀ ਅਰਜ਼ੀ ਦਿੱਤੀ ਸੀ, ਇਸ ਦੇ ਸਬੰਧ ਵਿੱਚ ਪੰਚਾਂ ਦੀ ਮੀਟਿੰਗ ਬੁਲਾਈ ਗਈ, ਜਿਸ ਵਿੱਚ ਅੱਠ ਮੈਂਬਰ ਸ਼ਾਮਲ ਹੋਏ। ਸਮੂਹ ਪੰਚਾਇਤ ਮੈਂਬਰਾਂ ਦੀ ਸਹਿਮਤੀ ਨਾਲ ਅਧਿਕਾਰਤ ਪੰਚ ਦੀ ਚੋਣ ਕੀਤੀ ਗਈ ਹੈ, ਕਿਸੇ ਵੀ ਪੰਚਾਇਤ ਮੈਂਬਰ 'ਤੇ ਕੋਈ ਦਬਾ ਨਹੀਂ ਪਾਇਆ ਗਿਆ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਦੌਰਾਨ ਪਿੰਡ ਵਿੱਚ ਐਸ ਸੀ ਸਰਪੰਚ ਦੀ ਚੋਣ ਕਰਵਾਈ ਜਾਵੇਗੀ।



# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਸੰਬੰਧੀ ਵੈਬੀਨਾਰ



**ਨਵਾਂਸ਼ਹਿਰ (ਮਨੋਜ ਲਾਡੀ)**- ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅੰਕੁਰਜੀਤ ਸਿੰਘ ਅਤੇ ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਮੁੱਖ ਕਾਰਜਕਾਰੀ ਅਧਿਕਾਰੀ ਰਾਜੀਵ ਵਰਮਾ ਦੀ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ ਦੇ ਸਹਿਯੋਗ ਨਾਲ ਅੱਜ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਟੂਲ ਸਬੰਧੀ ਆਨਲਾਈਨ ਵੈਬੀਨਾਰ ਕਰਵਾਇਆ ਗਿਆ। ਇਸ ਵੈਬੀਨਾਰ ਵਿਚ ਜ਼ਿਲ੍ਹੇ ਦੀਆਂ ਸਮੂਹ ਸਰਕਾਰੀ ਅਤੇ ਪ੍ਰਾਈਵੇਟ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਭਾਗ ਲਿਆ। ਇਸ ਵੈਬੀਨਾਰ ਵਿਚ ਮੁੱਖ ਬੁਲਾਰੇ ਡਾ. ਧਰਮਿੰਦਰ ਪਾਠਕ ਵੱਲੋਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵੱਖ-ਵੱਖ ਟੂਲਜ਼ ਜਿਵੇਂ ਕਿ ਯੂਡਲੀ, ਚੈਟ ਜੀ.ਪੀ. ਟੀ, ਕੈਨਵਾ, ਨੈਪਕਿਨ, ਕਿਊ.ਆਰ ਕੋਡ ਜਨਰੇਟਰ, ਗਾਮਾ, ਮੀਕਸੋ ਆਦਿ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਟੂਲਜ਼ ਦੀ ਮਦਦ ਨਾਲ ਪ੍ਰੈਜ਼ਨਟੇਸ਼ਨ ਤਿਆਰ ਕਰਨੀ, ਇੰਟਰਵਿਊ ਦੀ ਤਿਆਰੀ ਲਈ ਸਵਾਲ-ਜਵਾਬ, ਕੁਇਜ਼ ਸਬੰਧੀ ਸਵਾਲ-ਜਵਾਬ ਆਦਿ ਵਰਗੇ ਕੰਮ ਬਹੁਤ ਹੀ ਆਸਾਨੀ ਨਾਲ ਕੀਤੇ ਜਾ ਸਕਦੇ ਹਨ। ਅੰਤ 'ਚ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਸੰਦੀਪ ਕੁਮਾਰ ਵੱਲੋਂ ਸਾਰੇ ਸਕੂਲ-ਕਾਲਜ ਮੁਖੀਆਂ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਬੁਲਾਰਿਆਂ ਦਾ ਇਸ ਵੈਬੀਨਾਰ ਨੂੰ ਸਫਲ ਬਣਾਉਣ ਲਈ ਧੰਨਵਾਦ ਕਰਦੇ ਹੋਏ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਗਿਆ ਕਿ ਉਹ ਆਪਣੇ ਸਹੀ ਸਵਾਲ ਤਿਆਰ ਕਰਕੇ ਇਨ੍ਹਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਟੂਲਜ਼ ਦੀ ਵਰਤੋਂ ਕਰਨ ਤਾਂ ਜੋ ਉਨ੍ਹਾਂ ਨੂੰ ਤਕਨਾਲੋਜੀ ਦਾ ਫਾਇਦਾ ਮਿਲ ਸਕੇ।

# ਜ਼ਿਲ੍ਹੇ 'ਚ ਸੜਕਾਂ ਤੇ ਚੌਕਾਂ 'ਚ ਜਾਮ ਲਾਉਣ 'ਤੇ ਮੁਕੰਮਲ ਪਾਬੰਦੀ

**ਨਵਾਂਸ਼ਹਿਰ, (ਮਨੋਜ ਲਾਡੀ)**

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਵੱਖ-ਵੱਖ ਜਥੇਬੰਦੀਆਂ ਅਤੇ ਯੂਨੀਅਨਾਂ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿਚ ਰੋਸ ਪ੍ਰਦਰਸ਼ਨ/ਮੁਜ਼ਾਹਰੇ ਦੌਰਾਨ ਮੁੱਖ ਮਾਰਗ 'ਤੇ ਰਸਤਾ ਰੋਕ ਕੇ ਧਰਨੇ ਆਦਿ ਲਾਉਣ ਕਾਰਨ ਚੰਡੀਗੜ੍ਹ-ਜਲੰਧਰ-ਅੰਮ੍ਰਿਤਸਰ ਜਾਣ ਵਾਲੇ ਲੋਕਾਂ ਨੂੰ ਆਉਂਦੀ ਸਮੱਸਿਆ ਅਤੇ ਮਰੀਜ਼ਾਂ ਨੂੰ ਹੰਗਾਮੀ ਹਾਲਤ ਵਿਚ ਲੈ ਕੇ ਜਾਣ ਵਾਲੀਆਂ ਐਂਬੂਲੈਂਸਾਂ ਨੂੰ ਰਸਤਾ ਨਾ ਮਿਲਣ ਕਾਰਨ, ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਨੂੰ ਹੁੰਦੀ ਪ੍ਰੇਸ਼ਾਨੀ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟ੍ਰੇਟ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਨੇ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਕਿਸੇ ਵੀ ਯੂਨੀਅਨ/ਜਥੇਬੰਦੀ ਵੱਲੋਂ ਸੜਕਾਂ/ਚੌਕਾਂ ਵਿਚ ਟ੍ਰੈਫਿਕ ਜਾਮ ਲਗਾਉਣ 'ਤੇ ਮੁਕੰਮਲ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।ਜ਼ਿਲ੍ਹਾ ਮੈਜਿਸਟ੍ਰੇਟ ਅਨੁਸਾਰ ਰੋਸ ਧਰਨਿਆਂ ਵਾਸਤੇ ਜ਼ਿਲ੍ਹੇ ਦੀਆਂ ਤਿੰਨਾਂ ਸਬ ਡਵੀਜ਼ਨਾਂ ਵਿਚ ਸਥਾਨ ਨਿਰਧਾਰਤ ਕੀਤੇ ਗਏ ਹਨ ਅਤੇ ਕੋਈ ਵੀ ਜਥੇਬੰਦੀ/ਯੂਨੀਅਨ ਇਨ੍ਹਾਂ ਸਥਾਨਾਂ 'ਤੇ ਸਥਾਨਕ ਪ੍ਰਸ਼ਾਸਨ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ ਰੋਸ ਪ੍ਰਦਰਸ਼ਨ ਨਹੀਂ ਕਰ ਸਕੇਗੀ। ਇਨ੍ਹਾਂ ਥਾਵਾਂ ਵਿਚ ਸਬ ਡਵੀਜ਼ਨ ਨਵਾਂਸ਼ਹਿਰ ਵਿਚ ਦੁਸਹਿਰਾ ਗਰਾਊਂਡ ਨਵਾਂਸ਼ਹਿਰ ਅਤੇ ਨਗਰ ਕੌਂਸਲ ਨਵਾਂਸ਼ਹਿਰ ਦੇ ਅਧਿਕਾਰ ਖੇਤਰ ਅਧੀਨ ਆਉਂਦਾ ਪਿੰਡ ਗੁੱਜਰਪੁਰ ਕਲਾਂ ਦਾ ਲਗਭਗ 40 ਕਨਾਲ ਰਕਬਾ ਨੇੜੇ ਰੇਲਵੇ ਫਾਟਕ ਬੰਗਾ ਰੋਡ ਨਵਾਂਸ਼ਹਿਰ, ਸਬ ਡਵੀਜ਼ਨ ਬੰਗਾ ਵਿਚ ਪੰਚਾਇਤੀ ਰਕਬਾ, ਗ੍ਰਾਮ ਪੰਚਾਇਤ ਪਿੰਡ ਪੂਨੀਆ ਅਤੇ ਸਬ ਡਵੀਜ਼ਨ ਬਲਾਚੌਰ ਵਿਖੇ ਮਿਊਂਸਪਲ ਖੇਡ ਮੈਦਾਨ (ਨਜ਼ਦੀਕ ਸਿਵਲ ਹਸਪਤਾਲ) ਜਗਤਪੁਰ ਰੋਡ ਸਿਆਣਾ ਨਿਰਧਾਰਤ ਕੀਤੀਆਂ ਗਈਆਂ ਹਨ। ਨਿਰਧਾਰਤ ਥਾਵਾਂ 'ਤੇ ਮਨਜ਼ੂਰੀ ਲੈਣ ਉਪਰੰਤ ਲਾਊਡ ਸਪੀਕਰ ਦੀ ਮਨਜ਼ੂਰੀ ਸਬੰਧਤ ਉੱਪ ਮੰਡਲ ਮੈਜਿਸਟ੍ਰੇਟ ਪਾਸੋਂ ਲੈਣੀ ਜ਼ਰੂਰੀ ਹੋਵੇਗੀ।ਨਵਾਂਸ਼ਹਿਰ ਵਿਖੇ ਚੰਡੀਗੜ੍ਹ ਚੌਕ, ਬੱਸ ਅੱਡਾ ਚੌਕ ਅਤੇ ਨਹਿਰੂ ਗੇਟ ਵਿਖੇ ਕਿਸੇ ਵੀ ਤਰ੍ਹਾਂ ਦਾ ਧਰਨਾ/ਆਵਾਜਾਈ ਵਿਚ ਵਿਘਨ ਪਾਉਣ ਦੀ ਵੀ ਮਨਾਹੀ ਕੀਤੀ ਗਈ ਹੈ। ਇਸ ਦੇ ਨਾਲ ਹੀ ਜ਼ਿਲ੍ਹੇ ਦੇ ਤਹਿਸੀਲ ਕੰਪਲੈਕਸਾਂ, ਐਸ.ਡੀ.ਐਮ ਕੰਪਲੈਕਸਾਂ ਅਤੇ ਡੀ. ਏ. ਸੀ ਕੰਪਲੈਕਸ ਵਿਚ ਵੀ ਅਜਿਹੀ ਕਿਸੇ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ, ਧਰਨੇ ਲਾਉਣ ਜਾਂ ਲਾਊਡ ਸਪੀਕਰ ਵਜਾਉਣ 'ਤੇ ਵੀ ਮੁਕੰਮਲ ਪਾਬੰਦੀ ਲਾਈ ਗਈ ਹੈ। ਜ਼ਿਲ੍ਹਾ ਮੈਜਿਸਟ੍ਰੇਟ ਅਨੁਸਾਰ ਉਕਤ ਨਿਰਧਾਰਤ ਸਥਾਨਾਂ ਤੋਂ ਇਲਾਵਾ ਹੋਰ ਕਿਸੇ ਵੀ ਥਾਂ/ਸੜਕ 'ਤੇ ਰੋਸ ਧਰਨਾ/ਪ੍ਰਦਰਸ਼ਨ ਕਰਨ 'ਤੇ ਪਾਬੰਦੀ ਹੋਵੇਗੀ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਹ ਮਨਾਹੀ ਦੇ ਹੁਕਮ 23 ਜੂਨ, 2025 ਤੱਕ ਲਾਗੂ ਰਹਿਣਗੇ।

# ਪੰਡੋਰੀ ਖਜੂਰ ਵਿਖੇ ਪੋਸ਼ਣ ਪਖਵਾੜਾ ਸਮਾਰੋਹ ਕਰਵਾਇਆ

**ਬੁੱਲ੍ਹੋਵਾਲ, (ਵਿਰਦੀ)**

ਡਾਇਰੈਕਟਰ ਸਮਾਜਿਕ ਸੁਰਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਹੇਠ ਜਿਲ੍ਹਾ ਪ੍ਰੋਗ੍ਰਾਮ ਅਫਸਰ ਹੁਸਿਆਰਪੁਰ-1 ਤੇ ਸੀ ਡੀ ਪੀ ਓ ਮੈਡਮ ਸ੍ਰੀਮਤੀ ਰਾਵਿੰਦਰ ਕੌਰ ਦੀ ਅਗਵਾਈ ਹੇਠ ਸਰਕਲ ਸੁਪਰਵਾਈਜਰ ਮੈਡਮ ਸ੍ਰੀਮਤੀ ਸ਼ਰਮੀਲਾਰਾਣੀ ਬਲਾਕ ਹੁਸਿਆਰਪੁਰ-1 ਸਰਕਲ ਲਾਚੋਵਾਲ ਵਿੱਚ ਪੈਂਦੇ ਪਿੰਡ ਪੰਡੋਰੀ ਖਜੂਰ ਵਿਖੇ ਪੋਸ਼ਣ ਪਖਵਾੜਾ ਦੇ ਸਮਾਪਤੀ ਸਮਾਰੋਹ ਵਿੱਚ ਆਂਗਨਵਾੜੀ ਵਰਕਰ ਕਮਲਜੀਤ ਰਾਣੀ ਵੱਲੋਂ ਪਿੰਡ ਤੋਂ ਆਈਆਂ ਹੋਈਆਂ ਔਰਤਾਂ ਦਾ ਸਵਾਗਤ ਕੀਤਾ ਗਿਆ ਜਿਸ ਵਿੱਚ ਸੁਪਰਵਾਈਜ਼ਰ ਸ਼ਰਮੀਲਾ ਰਾਣੀ ਵੱਲੋਂ ਪੋਸ਼ਣ ਪਖਵਾੜਾ ਦੇ ਚਲਦਿਆਂ ਉਹਨਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 8 ਅਪ੍ਰੈਲ ਤੋਂ 22 ਅਪ੍ਰੈਲ 2025 ਤੱਕ ਪੋਸ਼ਣ ਪਖਵਾੜਾ ਚੱਲਿਆ ਹੈ ਪੋਸ਼ਣ ਪਖਵਾੜਾ ਦੇ ਚਲਦਿਆਂ ਸਰਕਲ ਲਾਚੋਵਾਲ ਦੇ ਆਂਗਨਵਾੜੀ ਵਰਕਰਾ ਵੱਲੋਂ ਵੱਖ ਵੱਖ ਗਤੀਵਿਧੀਆਂ ਕੀਤੀਆਂ ਜਿਨਾਂ ਵਿੱਚ ਉਹਨਾਂ ਨੇ ਕੋਸ਼ਿਸ਼ ਕੀਤੀ ਹੈ ਕਿ ਕੁਪੋਸ਼ਣ ਨੂੰ ਜੜ੍ਹੋਂ ਖਤਮ ਕਰਨਾ ਹੈ ਅਤੇ ਪੋਸ਼ਣ ਨੂੰ ਵਧਾਉਣਾ ਹੈ ਉਹਨਾਂ ਕਿਹਾ ਕਿ ਕਿਚਨ ਗਾਰਡਨ ਘਰ ਵਿੱਚ ਬਣਾਉਣਾ ਲਾਜ਼ਮੀ ਹੈ ਤਾਂ ਜੋ ਸਾਨੂੰ ਖਾਦ ਤੇ ਸਪਰੇਅ ਤੋਂ ਬਗੈਰ ਸਬਜੀਆਂ ਪ੍ਰਾਪਤ ਹੋ ਸਕਣ ਉਹਨਾਂ ਕਿਹਾ ਦੁੱਧ ਪਿਲਾਓ ਮਾਵਾਂ ਨੂੰ ਚਾਹੀਦਾ ਹੈ ਕਿ ਬੱਚਿਆਂ ਨੂੰ ਛੇ ਹੀ ਮਹੀਨੇ ਤੱਕ ਆਪਣਾ ਹੀ ਦੁੱਧ ਪਿਲਾਉਣ। ਮੈਡਮ ਸ਼ਰਮੀਲਾ ਰਾਣੀ ਵੱਲੋਂ ਕਿਹਾ ਕਿ ਘੱਟ ਲਾਗਤ ਵਿਚ ਬਣਨ ਵਾਲੇ ਪੌਸਟਿਕ ਭੋਜਨ ਜਿਵੇਂ ਘੀਆ ਦਾ ਹਲਵਾ, ਪੁੰਗਰੀਆਂ ਹੋਈਆਂ ਦਾਲਾਂ ਬਣਾ ਕੇ ਆਪਣੇ ਬੱਚਿਆਂ ਨੂੰ ਖਿਲਾ ਸਕਦੇ ਹੋ। ਪੋਸ਼ਣ ਪਖਵਾੜਾ ਦੇ ਸਮਾਪਤੀ ਸਮਾਰੋਹ ਵਿੱਚ ਸਕੂਲ ਅਧਿਆਪਕ, ਆਸ਼ਾ ਵਰਕਰ ਤੇ ਸਕੂਲ ਦੇ ਬੱਚਿਆਂ ਵੱਲੋਂ ਭਾਗ ਲਿਆ ਗਿਆ।





# ਨਗਰ ਕੀਰਤਨ ਦਾ ਭਰਵਾਂ ਸਵਾਗਤ

**ਕਰਤਾਰਪੁਰ (ਹਰਮੇਸ਼ ਦੱਤ)**-ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਗੁਰਦੁਆਰਾ ਥੰਮ੍ਹ ਜੀ ਸਾਹਿਬ ਤੋਂ ਆਰੰਭ ਹੋਏ ਨਗਰ ਕੀਰਤਨ ਦਾ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ (ਰਜਿ) ਅਤੇ ਰਣ-ਜੀਤ ਗੱਤਕਾ ਅਖਾੜਾ ਰਜਿ. ਵਲੋਂ ਫਰਨੀਚਰ ਬਜ਼ਾਰ ਦੇ ਬਾਹਰ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਗਿਆ ਅਤੇ ਲੰਗਰ ਲਗਾਇਆ ਗਿਆ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਮਨਜੀਤ ਸਿੰਘ, ਚੇਅਰਮੈਨ ਓਂਕਾਰ ਸਿੰਘ, ਪ੍ਰਧਾਨ ਗੁਰਦਿੱਤ ਸਿੰਘ, ਖ਼ਜ਼ਾਨਚੀ ਐਡਵੋਕੇਟ ਮਨਿੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਅਮਰਜੀਤ ਸਿੰਘ, ਮੀਤ ਪ੍ਰਧਾਨ ਪ੍ਰਭਜੋਤ ਸਿੰਘ, ਸਕੱਤਰ ਸਾਬ ਸਿੰਘ, ਪ੍ਰੈਸ ਸਕੱਤਰ ਤਜਿੰਦਰ ਸਿੰਘ, ਮੁੱਖ ਸਲਾਹਕਾਰ ਨਿਰਵੈਰ ਸਿੰਘ, ਸਲਾਹਕਾਰ ਹਰਜੀਤ ਸਿੰਘ, ਸਟੋਰ ਕੀਪਰ ਗੁਰਬੀਰ ਸਿੰਘ, ਜਸਪ੍ਰੀਤ ਸਿੰਘ, ਕਰਨਪ੍ਰੀਤ ਸਿੰਘ ਧਾਮੀ, ਇੰਦਰਪਾਲ ਸਿੰਘ, ਦਮਨਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਤਰਨਜੋਤ ਸਿੰਘ, ਪ੍ਰਭਜੀਤ ਸਿੰਘ, ਮਨਜੋਤ ਸਿੰਘ, ਦਿਲਜੋਤ ਸਿੰਘ, ਪ੍ਰਭਜੋਤ ਸਿੰਘ, ਬੀਬੀ ਮਨਜਿੰਦਰ ਕੌਰ ( ਸੀਨੀਅਰ ਮੀਤ ਪ੍ਰਧਾਨ ਨਗਰ ਕੌਂਸਲ ਕਰਤਾਰਪੁਰ ), ਬੀਬੀ ਕੁਲਵੰਤ ਕੌਰ, ਬੀਬੀ ਜਸਬੀਰ ਕੌਰ, ਬੀਬੀ ਮਨਜੀਤ ਕੌਰ, ਗੁਰਕੀਰਤ ਕੌਰ, ਮਨਦੀਪ ਕੌਰ, ਕਮਲਪ੍ਰੀਤ ਕੌਰ, ਜਸਨੂਰ ਕੌਰ ਆਦਿ ਹਾਜ਼ਰ ਸਨ।

# ਸੁਖਵਿੰਦਰ ਕੌਰ ਨੇ ਮਾਸਟਰ ਗੇਮਜ਼ 'ਚੋਂ ਇਕ ਸਿਲਵਰ ਤੇ 2 ਬਰੌਂਜ਼ ਜਿੱਤੇ

**ਨੂਰਮਹਿਲ (ਬਾਲਕ੍ਰਿਸ਼ਨ ਬਾਲੀ)**-ਨੈਸ਼ਨਲ ਮਾਸਟਰ ਗੇਮਜ਼ ਜੋ ਕਿ ਅਥਲੈਟਿਕਸ ਸਟੇਡੀਅਮ ਧਰਮਸ਼ਾਲਾ ਹਿਮਾਚਲ ਪ੍ਰਦੇਸ਼ ਵਿਖੇ 20 ਤੋਂ 22 ਅਪਰੈਲ ਤੱਕ ਹੋਈਆਂ, ਜਿਸ ਵਿੱਚ ਵੱਖ ਵੱਖ ਰਾਜਾਂ ਤੋਂ ਆਏ ਹੋਏ ਮਾਸਟਰਜ਼ ਖਿਡਾਰੀਆਂ ਨੇ ਭਾਗ ਲਿਆ। ਮੈਡਮ ਸੁਖਵਿੰਦਰ ਕੌਰ ਨੇ ਹਰਡਲ ਰੇਸ ਵਿਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਸਿਲਵਰ ਮੈਡਲ, ਲੌਂਗ ਜੰਪ ਵਿੱਚੋਂ ਤੀਸਰਾ ਸਥਾਨ ਤੇ ਟ੍ਰਿਪਲ ਜੰਪ ਵਿੱਚੋਂ ਵੀ ਤੀਸਰਾ ਸਥਾਨ ਪ੍ਰਾਪਤ ਕਰਕੇ 2 ਬ੍ਰੌਂਜ਼ ਤੇ ਇਕ ਸਿਲਵਰ ਮੈਡਲ ਜਿੱਤਿਆ। ਆਪਣੇ ਮਾਪਿਆਂ, ਇਲਾਕੇ, ਜ਼ਿਲ੍ਹਾ ਜਲੰਧਰ ਤੇ ਪੰਜਾਬ ਦਾ ਨਾਂਅ ਰੌਸ਼ਨ ਕੀਤਾ। ਪੰਜਾਬ ਦੇ ਮਾਸਟਰ ਅਥਲੀਟ ਖ਼ਾਸ ਕਰਕੇ ਜ਼ਿਲ੍ਹਾ ਬਟਾਲਾ ਦੇ ਸਿੱਖ ਪਰਵਾਰ ਸਪੋਰਟਸ ਅਕੈਡਮੀ ਦੇ ਮਾਸਟਰ ਅਥਲੀਟ ਤੇ ਅੰਮ੍ਰਿਤਸਰ ਦੇ ਮਾਸਟਰ ਅਥਲੀਟ ਆਪਣੀ ਨਿਵੇਕਲੀ ਪ੍ਰਤਿਭਾ ਦੇ ਜੌਹਰ ਵਿਖਾ ਕੇ ਪੰਜਾਬ ਵਲੋਂ ਹਿਮਾਚਲ ਪ੍ਰਦੇਸ਼, ਧਰਮਸ਼ਾਲਾ ਵਿੱਚ ਅਥਲੈਟਿਕ ਗਰਾਊਂਡ ਵਿਚ ਛਾਏ ਰਹੇ। ਸਿੱਖ ਅਕੈਡਮੀ ਦੇ ਕੋਚ ਮਨੋਹਰ ਸਿੰਘ ਨੇ ਆਪਣੇ ਮਾਸਟਰ ਅਥਲੀਟ ਬਲਵੰਤ ਸਿੰਘ ਘੋੜੇ ਦੀ ਵੀ ਵਿਸ਼ੇਸ਼ ਚਰਚਾ ਕੀਤੀ।






# ਕੰਬਾਈਨ ਹਾਦਸੇ 'ਚ ਮਾਰੀ ਗਈ ਮਨਰੇਗਾ ਮਜ਼ਦੂਰ ਦੇ ਪਰਵਾਰ ਨੂੰ ਮੁਆਵਜ਼ਾ ਦੇਣ ਦੀ ਮੰਗ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪਿੰਡ ਮਾਈ ਦਿੱਤਾ ਵਿਖੇ ਕੰਬਾਈਨ ਹਾਦਸੇ ਵਿੱਚ ਜਖਮੀ ਹੋਈ ਮਨਰੇਗਾ ਮਜ਼ਦੂਰ ਸ਼੍ਰੀਮਤੀ ਪਰਮਜੀਤ ਕੌਰ ਦੀ ਪੀ ਜੀ ਆਈ ਵਿਖੇ ਇਲਾਜ ਦੌਰਾਨ ਮੌਤ ਹੋ ਗਈ ਹੈ। ਮਨਰੇਗਾ ਅਧਿਕਾਰ ਅੰਦੋਲਨ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਆਗੂ ਪਿੰਡ ਮਾਈ ਦਿੱਤਾ ਵਿਖੇ ਪੁੱਜੇ ਅਤੇ ਪਰਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਬੈਂਸ ਕੋਮਲ ਰਾਣੀ ਮੀਤ ਪ੍ਰਧਾਨ ਅਤੇ ਨਿਰਮਲਾ ਦੇਵੀ ਮੀਤ ਪ੍ਰਧਾਨ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਅਤੇ ਜਿਲ੍ਹਾ ਪ੍ਰਸ਼ਾਸਨ ਮ੍ਰਿਤਕ ਮਜ਼ਦੂਰ ਦੇ ਪਰਵਾਰ ਨੂੰ ਮੁਆਵਜ਼ਾ ਦੇਵੇ। ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਦੀ ਕੰਮ ਦੌਰਾਨ ਸੁਰੱਖਿਆ ਦੀ ਪੂਰਨ ਗਰੰਟੀ ਸਰਕਾਰ ਵੱਲੋਂ ਦਿੱਤੀ ਜਾਵੇ।

# ਜ਼ਿਲ੍ਹੇ 'ਚ ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ 'ਤੇ ਮੁਕੰਮਲ ਪਾਬੰਦੀ

**ਨਵਾਂਸ਼ਹਿਰ (ਮਨੋਜ ਲਾਡੀ)**- ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸ਼ਹਿਰੀ ਤੇ ਦਿਹਾਤੀ ਖੇਤਰ ਵਿਚ ਪੈਂਦੇ ਥਾਣਿਆਂ ਦੇ ਇਲਾਕਿਆਂ ਅੰਦਰ ਪਤੰਗ/ਗੁੱਡੀਆਂ ਉਡਾਉਣ ਲਈ ਨਾਈਲੋਨ/ ਸਿੰਥੈਟਿਕ/ਪਲਾਸਟਿਕ ਦੀ ਬਣੀ ਡੋਰ (ਚਾਈਨਾ ਡੋਰ) ਨੂੰ ਬਣਾਉਣ, ਵੇਚਣ, ਸਟੋਰ ਕਰਨ, ਖ਼ਰੀਦਣ, ਸਪਲਾਈ ਕਰਨ, ਬਾਹਰੋਂ ਆਯਾਤ ਕਰਨ ਅਤੇ ਇਸ ਦੀ ਵਰਤੋਂ ਕਰਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾ ਦਿੱਤੀ ਹੈ। ਨਗਰ ਕੌਂਸਲਾਂ ਦੇ ਸਮੂਹ ਕਾਰਜ ਸਾਧਕ ਅਫਸਰ ਅਤੇ ਡੀ.ਡੀ.ਪੀ.ਓ ਸ਼ਹੀਦ ਭਗਤ ਸਿੰਘ ਨਗਰ ਆਪਣੀ-ਆਪਣੀ ਹਦੂਦ ਅੰਦਰ ਇਹ ਹੁਕਮ ਲਾਗੂ ਕਰਨ ਲਈ ਆਪਣੇ-ਆਪਣੇ ਏਰੀਏ ਵਿਚ ਮੁਨਾਦੀ ਕਰਵਾਉਣਗੇ ਅਤੇ ਇਨ੍ਹਾਂ ਹੁਕਮਾਂ ਦੇ ਇੰਨ-ਬਿੰਨ ਲਾਗੂ ਹੋਣ ਸਬੰਧੀ ਚੈਕਿੰਗ ਕਰਕੇ ਰਿਪੋਰਟ ਭੇਜਣ ਲਈ ਜ਼ਿੰਮੇਵਾਰ ਹੋਣਗੇ। ਸੀਨੀਅਰ ਪੁਲਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ/ ਨਗਰ ਕੌਂਸਲਾਂ ਦੇ ਸਮੂਹ ਕਾਰਜ ਸਾਧਕ ਅਫ਼ਸਰ ਅਤੇ ਪੇਂਡੂ ਏਰੀਏ ਵਿਚ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਇਨ੍ਹਾਂ ਹੁਕਮਾਂ ਨੂੰ ਸਹੀ ਤਰੀਕੇ ਨਾਲ ਲਾਗੂ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ।ਜ਼ਿਲ੍ਹਾ ਮੈਜਿਸਟ੍ਰੇਟ ਨੇ ਇਹ ਪਾਬੰਦੀ ਲਗਾਉਣ ਮੌਕੇ ਕਿਹਾ ਕਿ ਸਿੰਥੈਟਿਕ/ਪਲਾਸਟਿਕ ਦੀ ਡੋਰ ਬਹੁਤ ਮਜ਼ਬੂਤ, ਨਾ-ਗਲਣਯੋਗ ਅਤੇ ਨਾ ਹੀ ਟੁੱਟਣਯੋਗ ਹੈ। ਇਸ ਡੋਰ ਨਾਲ ਸਾਈਕਲ, ਸਕੂਟਰ ਅਤੇ ਮੋਟਰ ਸਾਈਕਲ ਚਾਲਕਾਂ ਦੇ ਗਲ਼ੇ ਅਤੇ ਕੰਨ ਕੱਟੇ ਜਾਂਦੇ ਹਨ, ਉੱਡਦੇ ਪੰਛੀ ਫਸ ਜਾਣ 'ਤੇ ਉਨ੍ਹਾਂ ਦੇ ਮਰਨ ਬਾਰੇ ਵੀ ਕਾਫੀ ਘਟਨਾਵਾਂ ਵਾਪਰਦੀਆਂ ਹਨ। ਇਸ ਤਰ੍ਹਾਂ ਇਹ ਸਿੰਥੈਟਿਕ/ਪਲਾਸਿਟਕ ਡੋਰ ਜਦੋਂ ਪਤੰਗ ਉਡਾਉਣ ਲਈ ਵਰਤੀ ਜਾਂਦੀ ਹੈ ਤਾਂ ਇਹ ਮਨੁੱਖੀ ਜਾਨਾਂ, ਰਾਹਗੀਰਾਂ ਅਤੇ ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ, ਇਸ ਲਈ ਇਸ ਡੋਰ 'ਤੇ ਪਾਬੰਦੀ ਲਗਾਉਣੀ ਜ਼ਰੂਰੀ ਹੈ। ਇਹ ਹੁਕਮ 22 ਅਕਤੂਬਰ, 2025 ਤੱਕ ਲਾਗੂ ਰਹੇਗਾ।

# ਕਸ਼ਯਪ ਰਾਜਪੂਤ ਸਭਾ ਪੰਜਾਬ ਵੱਲੋਂ ਮਾਤਾ ਕੈਲਾਸ਼ ਕੌਰ ਯਾਦਗਾਰੀ ਡਿਸਪੈਂਸਰੀ ਦੀ ਆਰੰਭਤਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਕਸ਼ਯਪ ਰਾਜਪੂਤ ਸਭਾ ਪੰਜਾਬ ਵੱਲੋਂ ਆਪਣੇ ਲੋਕ ਭਲਾਈ ਕਾਰਜਾਂ ਅਤੇ ਮਨੁੱਖਤਾ ਦੀ ਸੇਵਾ ਨੂੰ ਮੁੱਖ ਰੱਖਦੇ ਹੋਏ ਲੋੜਵੰਦਾਂ ਲਈ ਮੁਫਤ ਡਿਸਪੈਂਸਰੀ ਦੀ ਸੇਵਾ ਸ਼ੁਰੂ ਕੀਤੀ ਗਈ ਹੈ।ਟਾਂਡਾ-ਮਿਆਣੀ ਰੋਡ ਨਜਦੀਕ ਸਥਿਤ ਗੁਰਦੁਆਰਾ ਸਾਹਿਬ ਬਾਬਾ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ, ਮਾਤਾ ਗੁਜਰ ਕੌਰ ਤੇ ਛੋਟੇ ਸਾਹਿਬਜ਼ਾਦੇ ਵਿੱਚ ਮਾਤਾ ਕੈਲਾਸ਼ ਕੌਰ ਯਾਦਗਾਰੀ ਡਿਸਪੈਂਸਰੀ ਦੀ ਆਰੰਭਤਾ ਸਮੇਂ ਧਾਰਮਿਕ ਸਮਾਗਮ ਕਰਵਾਇਆ। ਕਸ਼ਯਪ ਰਾਜਪੂਤ ਸਭਾ ਦੇ ਸੂਬਾ ਪ੍ਰਧਾਨ ਸਵਰਨ ਸਿੰਘ ਡੱਡੀਆਂ, ਜਨਰਲ ਸਕੱਤਰ ਜਗਦੀਸ਼ ਲਾਂਬਾ ਤੇ ਸਿਟੀ ਪ੍ਰਧਾਨ ਤਰਸੇਮ ਲਾਲ ਪੱਪੂ ਦੀ ਦੇਖ ਰੇਖ ਹੇਠ ਕਰਵਾਏ ਗਏ ਸਮਾਗਮ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਸੰਤ ਬਾਬਾ ਸਤਨਾਮ ਸਿੰਘ ਨਰੂੜ ਵਾਲਿਆਂ ਨੇ ਕਥਾ ਵਿਚਾਰਾ ਰਾਹੀਂ ਨਿਹਾਲ ਕੀਤਾ।ਇਸ ਮੌਕੇ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਮਾਤਾ ਕੈਲਾਸ਼ ਕੌਰ ਯਾਦਗਾਰੀ ਡਿਸਪੈਂਸਰੀ ਦਾ ਉਦਘਾਟਨ ਕਰਦੇ ਹੋਏ ਕਸ਼ਅਪ ਰਾਜਪੂਤ ਸਭਾ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ। ਇਸ ਮੌਕੇ ਉਨ੍ਹਾਂ ਸਭਾ ਦੇ ਸਮੂਹ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ। ਇਸ ਮੌਕੇ ਸੂਬਾ ਪ੍ਰਧਾਨ ਸਿੰਘ ਡੱਡੀਆਂ, ਜਨਰਲ ਸਕੱਤਰ ਜਗਦੀਸ਼ ਲਾਂਬਾ ਤੇ ਸਿਟੀ ਪ੍ਰਧਾਨ ਤਰਸੇਮ ਲਾਲ ਮਹਿਰਾ ਨੇ ਵਿਧਾਇਕ ਜਸਵੀਰ ਸਿੰਘ ਰਾਜਾ ਤੇ ਪਹੁੰਚੀਆਂ ਹੋਰ ਸ਼ਖ਼ਸ਼ੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾ ਤੋਂ ਇਲਾਵਾ ਨਗਰ ਕੌਂਸਲ ਟਾਂਡਾ ਦੇ ਸਾਬਕਾ ਪ੍ਰਧਾਨ ਦੇਸ਼ ਰਾਜ ਡੋਗਰਾ, ਕੌਂਸਲਰ ਹਰੀ ਕ੍ਰਿਸ਼ਨ ਸੈਣੀ, ਕਮਲ ਧੀਰ, ਗੁਰਦੀਪ ਸਿੰਘ ਹੈਪੀ, ਬਲਜੀਤ ਸੈਣੀ, ਸਾਬਕਾ ਕੌਂਸਲਰ ਤਿਲਕ ਰਾਜ ਮਹਿਰਾ, ਸਰਪੰਚ ਗੁਰਦਿਆਲ ਸਿੰਘ, ਸਾਬਕਾ ਸਰਪੰਚ ਸੁਰਜੀਤ ਸਿੰਘ ਡੱਡੀਆਂ, ਸਰਬਜੀਤ ਕੌਰ, ਬਸੰਤ ਖਨਮੋਤਰਾ, ਰਾਜ ਕੁਮਾਰ ਤੋਂ ਇਲਾਵਾ ਹੋਰ ਸੇਵਾਦਾਰ ਵੀ ਮੌਜੂਦ ਸਨ।

# ਧਰਤੀ ਨੂੰ ਸੁਰੱਖਿਅਤ ਰੱਖਣ ਲਈ ਹਵਾ, ਪਾਣੀ ਤੇ ਵਾਤਾਵਰਣ ਨੂੰ ਦੂਸ਼ਿਤ ਨਾ ਕਰੋ : ਡਾ. ਪ੍ਰੇਮ ਕੁਮਾਰ





**ਕਾਲਾ ਸੰਘਿਆਂ (ਮਨਜੀਤ ਮਾਨ)** ਵਿਸ਼ਵ ਧਰਤੀ ਦਿਵਸ ਮੌਕੇ ਸਿਵਲ ਸਰਜਨ ਕਪੂਰਥਲਾ ਡਾ. ਰਜੀਵ ਪ੍ਰਾਸ਼ਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੇਮ ਕੁਮਾਰ ਦੀ ਯੋਗ ਅਗਵਾਈ ਹੇਠ ਢਿੱਲਵਾਂ ਦੇ ਸਰਕਾਰੀ ਹਾਈ ਸਕੂਲ (ਲੜਕੀਆਂ) ਵਿੱਚ ਆਰ ਬੀ ਐਸ ਕੇ ਦੀ ਟੀਮ ਵੱਲੋਂ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਮੈਡੀਕਲ ਅਫ਼ਸਰ ਡਾ. ਪ੍ਰੇਮ ਕੁਮਾਰ ਨੇ ਦੱਸਿਆ ਕਿ ਧਰਤੀ ਨੂੰ ਸੁਰੱਖਿਅਤ ਰੱਖਣਾ ਅਤੇ ਇਸ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਧਰਤੀ ਨੂੰ ਸੁਰੱਖਿਅਤ ਰੱਖਣ ਲਈ ਸਾਨੂੰ ਸਾਰਿਆਂ ਨੂੰ ਹਵਾ, ਪਾਣੀ ਅਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਚਾਹੀਦਾ ਹੈ।ਇਸ ਮੌਕੇ ਸਰਕਾਰੀ ਹਾਈ ਸਕੂਲ (ਲੜਕੀਆਂ) ਦੇ ਹਾਜ਼ਰ ਸਮੂਹ ਵਿਦਿਆਰਥਣਾ ਨੂੰ ਏ ਐਮ ਓ ਡਾ. ਗੌਰਵ ਕੁਮਾਰ ਵੱਲੋਂ ਵਾਤਾਵਰਣ ਪ੍ਰਤੀ ਜਾਗਰੂਕ ਕਰਦਿਆਂ ਧਰਤੀ ਦੀ ਮਹੱਤਤਾ ਨੂੰ ਸਮਝਣ ਲਈ ਵੀ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਧਰਤੀ ਨੂੰ ਸੁੰਦਰ ਅਤੇ ਹਰਾ-ਭਰਾ ਬਣਾਉਣ ਲਈ ਸਾਨੂੰ ਸਾਰਿਆਂ ਨੂੰ ਆਪਣੇ-ਆਪਣੇ ਹਿੱਸੇ ਦਾ ਯੋਗਦਾਨ ਪਾਉਣਾ ਚਾਹੀਦਾ ਹੈ।ਇਸ ਮੌਕੇ ਮੋਨਿਕਾ ਬੀ ਈ ਈ, ਐਲ ਐਚ ਵੀ ਗੁਰਸ਼ਰਨਜੀਤ ਕੌਰ ਅਤੇ ਸਕੂਲ ਇੰਚਾਰਜ ਆਦਿ ਹਾਜ਼ਰ ਸਨ।

# ਮਾਣਕਰਾਈ ਦੇ ਸਕੂਲ ਦੀ ਚਾਰਦੀਵਾਰੀ ਦੀ ਉਸਾਰੀ ਦਾ ਉਦਘਾਟਨ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**

ਮਿਡਲ ਪ੍ਰਾਇਮਰੀ ਸਮਾਰਟ ਸਕੂਲ ਮਾਣਕਰਾਏ ਵਿਖੇ ਚਾਰ ਦੀਵਾਰੀ ਦੀ ਮੁਰੰਮਤ ਦਾ ਕੰਮ ਮੁਕੰਮਲ ਹੋਣ ਬਾਅਦ ਉਸਦਾ ਉਦਘਾਟਨ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ/ਡਾਇਰੈਕਟਰ ਪਨ ਬਸ ਪੰਜਾਬ ਨੇ ਆਪਣੇ ਕਰ ਕਮਲਾਂ ਨਾਲ ਕੀਤਾ।ਇਸ ਮੌਕੇ ਜੀਤ ਲਾਲ ਭੱਟੀ ਨੇ ਕਿਹਾ ਕਿ ਆਪਣੇ ਬੱਚੇ ਸਰਕਾਰੀ ਸਕੂਲਾਂ ਦੇ ਵਿੱਚ ਪੜ੍ਹਾਏ ਜਾਣ ਤਾਂ ਜੋ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਆਪਣੇ ਪੰਜਾਬੀ ਬੱਚੇ ਫਾਇਦਾ ਲੈ ਸਕਣ।ਇਸ ਮੌਕੇ ਮਨੋਜ ਭੱਟੀ ਹਲਕਾ ਇੰਚਾਰਜ ਪੰਜਾਬ ਸਿੱਖਿਆ ਕ੍ਰਾਂਤੀ, ਗੁਰਪ੍ਰੀਤ ਸਿੰਘ ਭੋਗਲ ਪੰਜਾਬ ਸਿੱਖਿਆ ਕ੍ਰਾਂਤੀ ਮੈਂਬਰ, ਬਲਾਕ ਪ੍ਰਧਾਨ ਮਦਨ ਸਿੰਘ, ਬਲਾਕ ਪ੍ਰਧਾਨ ਸਤਨਾਮ ਮਨਕੋਟੀਆ, ਬਲਾਕ ਪ੍ਰਧਾਨ ਮਦਨ ਸਿੰਘ, ਬਲਾਕ ਪ੍ਰਧਾਨ ਅਜੈ ਕੁਮਾਰ, ਬਲਾਕ ਪ੍ਰਧਾਨ ਪਰਮਜੀਤ ਪੰਮਾ, ਰਵੀ ਕਾਂਤ ਬਲਾਕ ਇੰਚਾਰਜ ਸਿੱਖਿਆ ਵਿਭਾਗ, ਸਕੂਲ ਇੰਚਾਰਜ ਪ੍ਰਾਈਮਰੀ ਪ੍ਰਭਜੀਤ ਬਾਂਸਲ ਸੀ. ਐਚ. ਟੀ ਮਾਣਕਰਾਏ, ਸਕੂਲ ਇੰਚਾਰਜ ਮਿਡਲ ਨਰਿੰਦਰ ਕੁਮਾਰ ਐਸ. ਐਮ. ਸੀ, ਚੇਅਰ ਪਰਸਨ ਮਿਡਲ ਪਰਵੀਨ ਕੌਰ ਐਸ. ਐਮ. ਸੀ, ਚੇਅਰ ਪਰਸਨ ਪ੍ਰਾਈਮਰੀ ਹਰਪ੍ਰੀਤ ਕੌਰ, ਸਰਪੰਚ ਕਰਮਵੀਰ ਸਿੰਘ ਜੋਤੀ, ਰਾਮ ਮੂਰਤੀ ਪੰਚ, ਪ੍ਰੇਮ ਪਾਲ ਪੰਚ, ਜਸਵਿੰਦਰ ਕੌਰ ਪੰਚ, ਪਰਮਜੀਤ ਕੌਰ ਪੰਚ, ਅਵਤਾਰ ਰਾਮ ਪੰਚ, ਹਰਬੰਸ ਸਿੰਘ ਪੰਚ, ਰਣਧੀਰ ਸਿੰਘ ਪੰਚ, ਕਮਲੇਸ਼ ਰਾਣੀ ਪੰਚ, ਜਸਵਿੰਦਰ ਕੌਰ ਪੰਚ, ਸਾਬਕਾ ਸਰਪੰਚ ਲਹਿੰਬਰ ਅਤੇ ਸੁਖਬੀਰ ਸਿੰਘ ਸਾਬਕਾ ਪੰਚ, ਹਰਮੇਸ਼ ਲਾਲ, ਦੀਦਾਰ ਸਿੰਘ ਸਾਬਕਾ ਪੰਚ, ਗੁਰਨਾਮ ਸਿੰਘ, ਜਗਤਾਰ ਸਿੰਘ, ਬਲਵੀਰ ਸਿੰਘ, ਗੁਰਚਰਨ ਰਾਮ, ਜਗਜੀਤ ਸਿੰਘ, ਐਸ. ਐਮ. ਸੀ ਕਮੇਟੀ ਦੇ ਮੈਂਬਰ ਤੇ ਪਿੰਡ ਦੇ ਪਤਵੰਤੇ ਸੱਜਣ ਤੇ ਬੱਚਿਆਂ ਦੇ ਮਾਤਾ ਪਿਤਾ ਹਾਜ਼ਰ ਹੋਏ।



# ਪਾਵਰਕਾਮ ਦੀਆਂ ਦੋ ਡਵੀਜ਼ਨਾਂ ਨੂੰ ਨਿੱਜੀ ਹੱਥਾਂ 'ਚ ਦੇਣ ਖਿਲਾਫ਼ ਨਾਅਰੇਬਾਜ਼ੀ

## ਨਿੱਜੀਕਰਨ ਦੇ ਹੱਲੇ ਨੂੰ ਰੋਕਣ ਲਈ ਭਲਕੇ ਹੰਗਾਮੀ ਮੀਟਿੰਗ



**ਪਟਿਆਲਾ (ਪੱਤਰ ਪ੍ਰੇਰਕ)**
ਪਾਵਰ ਮੈਨੇਜਮੈਂਟ ਵੱਲੋਂ ਲਾਲੜੂ ਅਤੇ ਖਰੜ ਡਵੀਜ਼ਨਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਖਿਲਾਫ ਪੀ ਐਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਅਤੇ ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰ ਨਾਲ ਸਬੰਧਤ ਮੁਲਾਜ਼ਮ ਜਥੇਬੰਦੀਆਂ ਦੇ ਵਫਦ ਨੂੰ ਸੀ ਐਮ ਡੀ ਵੱਲੋਂ ਮੁਲਾਕਾਤ ਲਈ ਸਮਾਂ ਨਾ ਦੇਣ ਦੇ ਰੋਸ ਵਜੋਂ ਆਗੂਆਂ ਨੇ ਮੁੱਖ ਦਫ਼ਤਰ ਦੇ ਮੇਨ ਗੇਟ ਤੇ ਸੀ ਐਮ ਡੀ ਦੇ ਹੈਂਕੜ ਵਤੀਰੇ ਵਿਰੁੱਧ ਜੋਰਦਾਰ ਨਾਅਰੇਬਾਜ਼ੀ ਕੀਤੀ।ਮੁਲਾਜ਼ਮ ਆਗੂਆਂ ਰਤਨ ਸਿੰਘ ਮਜਾਰੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਹਰਪਾਲ ਸਿੰਘ ਅਤੇ ਗੁਰਵੇਲ ਸਿੰਘ ਬੱਲਪੁਰੀਆ, ਬਲਦੇਵ ਸਿੰਘ ਮੰਢਾਲੀ ਨੇ ਅਫਸੋਸ ਜ਼ਾਹਰ ਕਰਦੇ ਹੋਏ ਕਿਹਾ ਕਿ ਨਿੱਜੀਕਰਨ ਦੀ ਮੁਲਾਜ਼ਮ ਅਤੇ ਲੋਕ ਵਿਰੋਧੀ ਨੀਤੀ ਨੂੰ ਪਾਵਰ ਮੈਨੇਜਮੈਂਟ ਧੱਕੇ ਨਾਲ ਲਾਗੂ ਕਰਨ ਲਈ ਹਿਟਲਰਸ਼ਾਹੀ ਤਰੀਕਾ ਅਪਣਾਅ ਰਹੀ ਹੈ।

ਆਗੂਆਂ ਨੇ ਮੈਨੇਜਮੈਂਟ ਨੂੰ ਸਖਤ ਲਹਿਜੇ ਵਿੱਚ ਤਾੜਨਾ ਕੀਤੀ ਕਿ ਲੋਕਾਂ ਦੇ ਅਦਾਰੇ ਨੂੰ ਪੂੰਜੀਪਤੀਆਂ ਦੇ ਹਵਾਲੇ ਕਰਨ ਦੀ ਨੀਤੀ ਦਾ ਤਿੱਖੇ ਸੰਘਰਸ਼ਾਂ ਰਾਹੀਂ ਮੂੰਹ ਤੋੜ ਜਵਾਬ ਦਿੱਤਾ ਜਾਵੇਗਾ।ਮੁਲਾਜ਼ਮ ਆਗੂਆਂ ਨੇ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਮੁਲਾਜ਼ਮ ਅਤੇ ਲੋਕ ਵਿਰੋਧੀ ਨੀਤੀ ਖਿਲਾਫ਼ ਵੱਡੇ ਪੱਧਰ ਤੇ ਤਿੱਖਾ ਸੰਘਰਸ਼ ਵਿੱਢਣ ਲਈ 25 ਅਪ੍ਰੈਲ ਨੂੰ ਸਮੂਹ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੀ ਸਵੇਰੇ 11 ਵਜੇ ਈਸੜੂ ਭਵਨ ਲੁਧਿਆਣਾ ਵਿਖੇ ਹੰਗਾਮੀ ਮੀਟਿੰਗ ਸੱਦ ਲਈ ਹੈ।ਆਗੂਆਂ ਨੇ ਅਦਾਰੇ ਵਿੱਚ ਕੰਮ ਕਰ ਰਹੀਆਂ ਸਮੂਹ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਨੂੰ ਮੀਟਿੰਗ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਹੈ। ਇਸ ਮੌਕੇ ਤੇ ਮੁਲਾਜ਼ਮ ਆਗੂ ਸਰਿੰਦਰ ਪਾਲ ਲਹੌਰੀਆ, ਰਛਪਾਲ ਸਿੰਘ, ਕੁਲਵਿੰਦਰ ਸਿੰਘ ਢਿੱਲੋਂ, ਰਣਜੀਤ ਸਿੰਘ ਢਿੱਲੋਂ, ਦਵਿੰਦਰ ਸਿੰਘ ਪਿਸ਼ੌਰ, ਦਲੀਪ ਕੁਮਾਰ, ਗੁਰਪਿਆਰ ਸਿੰਘ, ਗੁਰਵਿੰਦਰ ਸਿੰਘ, ਹਰਮਨਦੀਪ, ਤਜਿੰਦਰ ਸਿੰਘ ਸੇਖੋਂ, ਕੌਰ ਸਿੰਘ ਸੋਹੀ, ਸੁਖਵਿੰਦਰ ਸਿੰਘ ਦੁੰਮਣਾ, ਬਲਵਿੰਦਰ ਸਿੰਘ, ਰਘਬੀਰ ਸਿੰਘ ਆਦਿ ਵੀ ਨੇ ਵੀ ਹਿੱਸਾ ਲਿਆ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਨੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**
ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਸੱਦੇ 'ਤੇ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ।ਇਸ ਤੋਂ ਪਹਿਲਾਂ ਜਿਲ੍ਹੇ ਦੇ ਪੈਨਸ਼ਨਰਾਂ ਅਤੇ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮਾਂ ਵਲੋਂ ਨਰਿੰਦਰ ਕੁਮਾਰ ਮਹਿਤਾ, ਸੋਮ ਲਾਲ ਥੋਪੀਆ, ਗੁਰਮੇਲ ਚੰਦ, ਜੀਤ ਲਾਲ ਗੋਹਲੜੋਂ, ਕਰਨੈਲ ਸਿੰਘ ਰਾਹੋਂ, ਮਦਨ ਸਿੰਘ, ਅਸ਼ੋਕ ਕੁਮਾਰ, ਸੋਹਣ ਸਿੰਘ ਦੀ ਅਗਵਾਈ ਵਿੱਚ ਰੋਸ ਰੈਲੀ ਕੀਤੀ ਗਈ। ਜਿਸ ਨੂੰ ਕੁਲਦੀਪ ਸਿੰਘ ਦੌੜਕਾ, ਜਗਦੀਸ਼ ਕੁਮਾਰ, ਕੁਲਵਿੰਦਰ ਸਿੰਘ ਅਟਵਾਲ, ਜਗਤਾਰ ਸਿੰਘ, ਜਸਵੀਰ ਸਿੰਘ ਮੋਰੋਂ, ਹਰੀ ਬਿਲਾਸ, ਸੁੱਖ ਰਾਮ, ਅਸ਼ਵਨੀ ਕੁਮਾਰ,ਦੀਦਾਰ ਸਿੰਘ ਆਦਿ ਨੇ ਸੰਬੋਧਨ ਕੀਤਾ।ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗਾਂ ਤੋਂ ਟਾਲਾ ਵੱਟਣ ਦੀ ਪਰਜ਼ੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ।ਜ਼ਿਕਰਯੋਗ ਹੈ ਕਿ ਮੁਲਾਜ਼ਮ ਅਤੇ ਪੈਨਸ਼ਨਰ ਪਿਛਲੇ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਦਾ ਹੱਲ ਕਰਵਾਉਣ ਲਈ ਸੰਘਰਸ਼ ਦੇ ਰਾਹ ਪਏ ਹੋਏ ਹਨ। ਰੋਸ ਪ੍ਰਦਰਸ਼ਨ ਉਪਰੰਤ ਪੰਜਾਬ ਸਰਕਾਰ ਵੱਲੋਂ ਮੀਟਿੰਗ ਦਾ ਸਮਾਂ ਦਿੱਤਾ ਜਾਂਦਾ ਹੈ। ਪਰ ਐਨ ਮੌਕੇ 'ਤੇ ਮੀਟਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ ਇਸ ਸਮੇਂ ਧਰਮ ਪਾਲ, ਹਰਭਜਨ ਸਿੰਘ ਵਿਜੇ ਕੁਮਾਰ ਨਿਰਮਲਜੀਤ ਪਿਆਰਾ ਸਿੰਘ, ਰਜਿੰਦਰ ਸਿੰਘ ਦੇਹਲ, ਹਰਭਜਨ ਸਿੰਘ, ਮਨੋਹਰ ਲਾਲ, ਹਰੀ ਸਿੰਘ, ਦੇਸ ਰਾਜ ਬੱਜੋਂ, ਜਗਦੀਸ਼ ਰਾਮ, ਅਸ਼ੋਕ ਕੁਮਾਰ, ਹੁਸਨ ਲਾਲ, ਰਾਮ ਪਾਲ, ਸ਼ਿੰਗਾਰਾ ਰਾਮ, ਜੈਪਾਲ ਸ਼ਰਮਾ, ਤੇਲੂ ਰਾਮ, ਦੇਵਰਾਜ, ਬਲਵੀਰ ਸਿੰਘ, ਸੰਤ ਰਾਮ, ਹਰਮੇਸ਼ ਸਿੰਘ, ਨਿਰਮਲ ਸਿੰਘ, ਰਾਮ ਦਾਸ, ਗੁਰਦੇਵ ਰਾਮ, ਰਾਮ ਲੁਭਾਇਆ, ਪ੍ਰੇਮ ਚੰਦ, ਸ਼ਾਮ ਲਾਲ, ਪ੍ਰੇਮ ਸਿੰਘ, ਜੁਝਾਰ ਸਿੰਘ ਆਦਿ ਹਾਜ਼ਰ ਸਨ।

# ਵਿਰਾਸਤੀ ਅਖਾੜੇ 'ਚ ਹੋਵੇਗਾ ਚੌਥਾ ਵਿਸਾਖੀ ਮੇਲਾ

**ਮੋਹਾਲੀ (ਗੁਰਜੀਤ ਬਿੱਲਾ)**- ਯੂਨੀਵਰਸਲ ਆਰਟ ਐਂਡ ਕਲਚਰ ਵੈਲਫ਼ੇਅਰ ਸੁਸਾਇਟੀ (ਰਜਿ) ਮੋਹਾਲੀ ਦੀ ਇਕੱਤਰਤਾ ਸੁਸਾਇਟੀ ਦੇ ਪ੍ਰਧਾਨ ਤੇ ਅਦਾਕਾਰ ਨਰਿੰਦਰ ਨੀਨਾ ਦੀ ਦੇਖਰੇਖ ਹੇਠ ਹੋਈ।ਜਿਸ ਵਿਚ ਯੂਨੀਵਰਸਲ ਵਿਰਾਸਤੀ ਅਖਾੜੇ ਵਿੱਚ 27 ਅਪ੍ਰੈਲ ਦਿਨ ਐਤਵਾਰ ਨੂੰ ਵਿਸਾਖੀ ਮੇਲਾ ਕਰਵਾਉਣ ਲਈ ਸਹਿਮਤੀ ਹੋਈ।ਇਹ ਵਿਸਾਖੀ ਮੇਲਾ ਮਸ਼ਹੂਰ ਖੂਨਦਾਨੀ ਅਤੇ ਸਾਡੀ ਸੁਸਾਇਟੀ ਦੇ ਸਲਾਹਕਾਰ ਸਵਰਗਵਾਸੀ ਬੀਬੀ ਜਸਵੰਤ ਕੌਰ ਦੀ ਯਾਦ ਨੂੰ ਸਮਰਪਿਤ ਹੋਵੇਗਾ।ਜੋ ਪਿਛਲੇ ਦਿਨੀਂ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ ਸਨ। ਪਿਛਲੇ ਸਮੇਂ ਵਿੱਚ ਮਾਰਚ 2018 ਵਿੱਚ ਲੱਚਰ ਤੇ ਹਥਿਆਰਾਂ ਸਭਿਆਚਾਰ ਗਾਇਕੀ ਦੇ ਵਿਰੋਧ ਵਿੱਚ ਯੂਨੀਵਰਸਲ ਵਿਰਾਸਤੀ ਅਖਾੜਾ ਸ਼ੁਰੂ ਕੀਤਾ ਗਿਆ ਸੀ। ਜੋ ਕਿ ਹਰ ਮਹੀਨੇ ਦੇ ਆਖ਼ਰੀ ਐਤਵਾਰ ਨੂੰ ਫੇਸ 1 ਵਿੱਚ ਆਯੋਜਿਤ ਕੀਤਾ ਜਾਂਦਾ ਸੀ। ਇਸ ਵਾਰ 32ਵੇਂ ਵਿਰਾਸਤੀ ਅਖਾੜੇ ਵਿੱਚ ਤਿੰਨ ਸ਼ਖ਼ਸੀਅਤਾ ਕਰਮਵਾਰ ਪੁਆਧ ਦਾ ਮਾਣ ਮੋਹਣੀ ਤੂਰ, ਹਾਸਰਸ ਕਲਾਕਾਰ ਮਲਕੀਤ ਮਲੰਗਾ ਅਤੇ ਗੱਤਕਾ ਮਾਸਟਰ ਸੱਤਪਾਲ ਸਿੰਘ ਬਾਗੀ ਦਾ ਸਨਮਾਨ ਕਰਨ ਲਈ ਸਹਿਮਤੀ ਹੋਈ ਹੈ।

# ਸਰਕਾਰੀ ਮਿਡਲ ਸਮਾਰਟ ਸਕੂਲ ਇੱਟਾਂਬੱਧੀ 'ਚ ਬਣ ਰਹੀ ਚਾਰਦੀਵਾਰੀ ਦਾ ਉਦਘਾਟਨ



**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ )**- ਸਰਕਾਰੀ ਮਿਡਲ ਸਮਾਰਟ ਸਕੂਲ ਇੱਟਾਂ ਬੱਧੀ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਅਧੀਨ ਪੰਜਾਬ ਦੇ ਸਕੂਲਾਂ ਵਿੱਚ ਚੱਲ ਰਹੇ ਵੱਖ ਵੱਖ ਉਸਾਰੀ ਅਤੇ ਵਿੱਦਿਅਕ ਸੁਧਾਰਾਂ ਦੀ ਲੜੀ ਤਹਿਤ ਸਰਕਾਰੀ ਮਿਡਲ ਸਮਾਰਟ ਸਕੂਲ ਇੱਟਾਂ ਬੱਧੀ ਵਿੱਚ ਬਣ ਰਹੀ ਚਾਰਦੀਵਾਰੀ ਦਾ ਉਦਘਾਟਨ ਜੀਤ ਲਾਲ ਭੱਟੀ ਹਲਕਾ ਇੰਚਾਰਜ ਆਦਮਪੁਰ/ਡਾਇਰੈਕਟਰ ਪਨਬਸ ਪੰਜਾਬ ਨੇ ਆਪਣੇ ਕਰ ਕਮਲਾਂ ਨਾਲ਼ ਕੀਤਾ।ਸਭ ਤੋਂ ਪਹਿਲਾਂ ਸਕੂਲ ਭੋਗਪੁਰ ਬਲਾਕ ਦੇ ਬਲਾਕ ਨੋਡਲ ਅਫਸਰ ਸੁਰਿੰਦਰ ਕੁਮਾਰ ਰਾਣਾ ਅਤੇ ਇੰਚਾਰਜ ਦੀਕਸ਼ਤ ਕੁਮਾਰ ਸਰਕਾਰੀ ਮਿਡਲ ਸਮਾਰਟ ਸਕੂਲ ਇੱਟਾਂ ਬੱਧੀ ਅਤੇ ਰਾਜਵਿੰਦਰ ਕੌਰ ਹੈੱਡ ਟੀਚਰ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਇੱਟਾਂ ਬੱਧੀ ਨੇ ਹਲਕਾ ਇੰਚਾਰਜ ਆਦਮਪੁਰ ਜੀਤ ਲਾਲ ਭੱਟੀ ਨਾਲ ਆਈ ਉਹਨਾਂ ਦੀ ਸਮੂਹ ਟੀਮ ਦਾ ਸਵਾਗਤ ਕੀਤਾ ਅਤੇ ਉਹਨਾਂ ਨੂੰ ਜੀ ਆਇਆ ਕਿਹਾ ਗਿਆ, ਫਿਰ ਪੱਥਰ ਦੀ ਘੁੰਢ ਚੁਕਾਈ ਦੀ ਰਸਮ ਅਦਾ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਪਿੰਡ ਦੇ ਸਰਪੰਚ ਕੁਲਵਿੰਦਰ ਸਿੰਘ ਨੇ ਜੀਤ ਲਾਲ ਭੱਟੀ ਨਾਲ ਆਈ ਸਮੂਹ ਟੀਮ ਨੂੰ ਜੀ ਆਇਆ ਆਖਿਆ ਤੇ ਮਿਡਲ ਸਕੂਲ ਵਿੱਚ ਇੰਟਰ ਲੌਕ ਟਾਇਲ ਲਗਵਾਉਣ ਦੀ ਤਜ਼ਵੀਜ਼ ਰੱਖੀ। ਜਿਸ ਨੂੰ ਭੱਟੀ ਸਾਬ ਦੁਆਰਾ ਜਲਦੀ ਹੀ ਪੂਰਾ ਕਰਨ ਦਾ ਆਸ਼ਵਾਸਨ ਦਿੱਤਾ ਗਿਆ।

# ਡਾ. ਅੰਬੇਡਕਰ ਦੀ ਸੋਚ ਤੇ ਵਿਚਾਰਧਾਰਾ ਹੀ ਸਰਬਪੱਖੀ ਵਿਕਾਸ ਤੇ ਵਿਕਸਤ ਭਾਰਤ ਦਾ ਸਹੀ ਮਾਰਗ : ਇੰਜੀ. ਸੰਧੂ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)**
ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ134ਵਾਂ ਜਨਮ ਦਿਨ ਕਨੇਡਾ ਵਿਖੇ ਇੰਜੀ. ਸੁਰਿੰਦਰ ਸਿੰਘ ਸੰਧੂ ਸੇਵਾ ਮੁਕਤ ਐਕਸੀਅਨ ਹੁਸ਼ਿਆਰਪੁਰ ਦੀ ਅਗਵਾਈ ਹੇਠ ਬਾਬਾ ਸਾਹਿਬ ਦੀ ਮੂਰਤੀ 'ਤੇ ਫੁੱਲ ਮਲਾਵਾਂ ਭੇਂਟ ਕਰਕੇ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਨਾਲ ਵੱਡੀ ਗਿਣਤੀ 'ਚ ਕਨੇਡਾ 'ਚ ਰਹਿਣ ਵਾਲੇ ਬਾਬਾ ਸਾਹਿਬ ਦੇ ਪੈਰੋਕਾਰ ਭਾਰਤੀ ਮੌਜੂਦ ਸਨ। ਇਸ ਮੌਕੇ ਇੰਜੀ. ਸੁਰਿੰਦਰ ਸੰਧੂ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਕਦੀ ਮਜ਼ਾਕ ਕੀਤਾ ਜਾਂਦਾ ਸੀ ਕਿ ਇਹਨੇ ਕਿਹੜਾ ਪੜ੍ਹਕੇ ਪਟਵਾਰੀ ਲੱਗ ਜਾਣਾ ਉਹ ਲੋਕ ਬਾਬਾ ਸਾਹਿਬ ਦੇ ਲਿਖੇ ਸੰਵਿਧਾਨ ਕਰਕੇ ਪੜ੍ਹ ਲਿਖੇ ਕੇ ਰਾਸ਼ਟਰਪਤੀ, ਰੱਖਿਆ ਮੰਤਰੀ, ਮੁੱਖ ਮੰਤਰੀ, ਜੱਜ, ਵਕੀਲ ਡੀ ਸੀ, ਐਸ ਐਸ ਪੀ ਹੋਰ ਉਚ ਅਹੁੱਦਿਆਂ ਤੇ ਵਿਰਾਜਮਾਨ ਹੋਏ। ਜਿਨਾਂ ਦਲਿਤ ਲੋਕਾਂ ਨੂੰ ਕਦੀ ਸਕੂਲਾਂ ਅੰਦਰ ਦਾਖਲ ਨਹੀਂ ਸੀ ਹੋਣ ਦਿੱਤਾ ਜਾਂਦਾ ਉਹ ਮਾਸਟਰ, ਹੈਡਮਾਸਟਰ, ਪ੍ਰਿੰਸੀਪਲ ਬਣੇ, ਜਿਨ੍ਹਾਂ ਨੂੰ ਪੰਚਾਇਤਾਂ 'ਚ ਬੈਠਣ ਨਹੀਂ ਦਿੱਤਾ ਜਾਂਦਾ ਸੀ ਉਹ ਨਿਆਂ ਦੇਣ ਵਾਲੇ ਵਕੀਲ, ਜੱਜ ਬਣੇ। ਇੰਜੀ.ਸੰਧੂ ਨੇ ਕਿਹਾ ਵੀਹਵੀਂ ਸਦੀ ਦੇ ਮਹਾਨ ਰਹਿਬਰ ਡਾ. ਅੰਬੇਡਕਰ ਨੇ ਸਮਾਜ ਵਿੱਚ ਸਦਭਾਵਨਾ, ਸਮਾਨਤਾ ਅਤੇ ਸਮਾਜਕ ਨਿਆ ਦੀ ਨੀਂਹ ਰੱਖੀ ਉਸ ਨਾਲ ਭਾਰਤ ਮਜਬੂਤ ਲੋਕਤੰਤਰ ਦੇਸ਼ ਬਣਿਆ।ਉਨਾਂ ਕਿਹਾ ਪੜ੍ਹੋ ਜੁੜੋ ਤੇ ਸੰਘਰਸ਼ ਕਰੋ। ਇਸ ਮੌਕੇ ਹਰਭਜਨ ਲਾਲ ਵਿਰਦੀ, ਮੋਹਣ ਬੈਂਸ, ਰਤਨਪਾਲ, ਡਾ. ਰੋਹਿਤ, ਬਿੱਲ ਬਸਰਾ, ਰੂਪ ਲਾਲ ਗਡੂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਆਟੋ ਯੂਨੀਅਨ ਵੱਲੋਂ ਕੌਮਾਂਤਰੀ ਮਜ਼ਦੂਰ ਦਿਵਸ ਸੰਮੇਲਨ 'ਚ ਭਰਵੀਂ ਸ਼ਮੂਲੀਅਤ ਦਾ ਫੈਸਲਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਨਿਊ ਆਟੋ ਯੂਨੀਅਨ ਪਹਿਲੀ ਮਈ ਨੂੰ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ) ਵੱਲੋਂ ਵਿਸ਼ਵਕਰਮਾ ਮੰਦਰ ਰਾਹੋਂ ਰੋਡ ਵਿਖੇ ਮਨਾਏ ਜਾ ਰਹੇ ਕੌਮਾਂਤਰੀ ਮਜਦੂਰ ਦਿਵਸ 'ਚ ਭਰਵੀਂ ਸ਼ਮੂਲੀਅਤ ਕਰੇਗੀ।ਇਹ ਫੈਸਲਾ ਯੂਨੀਅਨ ਦੀ ਭਰਵੀਂ ਮੀਟਿੰਗ ਵਿੱਚ ਲਿਆ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਇਫਟੂ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਜਸਬੀਰ ਦੀਪ, ਸੂਬਾ ਡਿਪਟੀ ਸੈਕਟਰੀ ਅਵਤਾਰ ਸਿੰਘ ਤਾਰੀ, ਜਿਲ੍ਹਾ ਪ੍ਰਧਾਨ ਗੁਰਦਿਆਲ ਰੱਕੜ, ਆਟੋ ਯੂਨੀਅਨ ਦੇ ਜਿਲ੍ਹਾ ਪ੍ਰਧਾਨ ਪੁਨੀਤ ਕਲੇਰ ਨੇ ਆਖਿਆ ਕਿ ਮਜਦੂਰ ਦਿਵਸ ਕਿਰਤੀਆਂ ਦਾ ਮਾਣਮੱਤਾ ਇਤਿਹਾਸਕ ਦਿਹਾੜਾ ਹੈ ਜੋ ਦੁਨੀਆਂ ਭਰ ਦੇ ਕਿਰਤੀ ਮਨਾਉਂਦੇ ਹਨ।ਇਸ ਮੌਕੇ ਤਰਨਜੀਤ, ਜੋਹਨੀ, ਗੁਰਪ੍ਰੀਤ ਗੋਪੀ ਅਤੇ ਸਤਨਾਮ ਨੇ ਵੀ ਵਿਚਾਰ ਪੇਸ਼ ਕੀਤੇ।



# ਚੰਨੀ ਨੇ ਗਾਉਸ਼ਾਲਾਂ ਤੇ ਸੀਵਰੇਜ ਦੀ ਉਸਾਰੀ ਦੇ ਕੰਮ ਦਾ ਰੱਖਿਆ ਨੀਂਹ ਪੱਥਰ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**
ਸਾਬਕਾ ਮੁੱਖ ਮੰਤਰੀ ਤੇ ਐੱਮ ਪੀ ਚਰਨਜੀਤ ਸਿੰਘ ਚੰਨੀ ਨੂਰਮਹਿਲ ਵਿਚ ਆਏ ਤੇ ਉਨ੍ਹਾਂ ਨੇ ਗਾਉਸ਼ਾਲਾਂ ਤੇ ਸੀਵਰੇਜ ਦਾ ਨੀਂਹ ਪੱਥਰ ਰੱਖਿਆ ਅਤੇ ਚੰਨੀ ਨੇ ਮੰਦਰ ਬਾਬਾ ਭੂਤ ਨਾਥ ਮੱਥਾ ਟੇਕਿਆ। ਇਸੇ ਦੌਰਾਨ ਉਹ ਨਜ਼ਦੀਕੀ ਪਿੰਡ ਚੂਹੇਕੀ ਵੀ ਗਏ ਜਿੱਥੇ ਉਨ੍ਹਾਂ ਨੇ 5 ਲੱਖ 50 ਹਜ਼ਾਰ ਰੁਪਏ ਦਾ ਲਾਗਤ ਨਾਲ ਸੀਵਰੇਜ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਡਾ. ਨਵਜੋਤ ਸਿੰਘ ਦਾਹੀਆ ਕਾਂਗਰਸ ਹਲਕਾ ਇੰਚਾਰਜ ਨਕੋਦਰ, ਪੁਨੀਤ ਕੁਮਾਰ ਪੰਚਾਇਤ ਸਕੱਤਰ, ਸੰਦੀਪ, ਬਲਜੀਤ ਸਿਘ ਜੌਹਲ ਬਲਾਕ ਪ੍ਰਧਾਨ, ਗੁਰਪ੍ਰੀਤ ਸਿੰਘ ਜੀਤਾ ਸਰਪੰਚ ਪਿੰਡ ਚੂਹੇਕੀ, ਅਮਨਦੀਪ ਸਿੰਘ ਫਰਵਾਲਾ , ਓਮ ਪ੍ਰਕਾਸ਼ ਕੁੰਦੀ, ਦੀਪਕ ਕੁਮਾਰ ਕੌਂਸਲਰ, ਬੀਬੀ ਸੁਰਜੀਤ ਕੌਰ ਕਾਂਗਰਸ ਮਹਿਲਾਂ ਸੀਨੀਅਰ ਆਗੂ, ਰਾਜ ਕੁਮਾਰ ਮੈਹਨ, ਜੰਗ ਬਹਾਦਰ ਕੋਹਲੀ, ਬੀਬੀ ਹਰਦੀਪ ਕੌਰ ਜੌਹਲ ਪ੍ਰਧਾਨ ਨਗਰ ਕੌਂਸਲ ਨੂਰਮਹਿਲ ਸੁਮਨ ਲਤਾ ਪਾਠਕ ਪ੍ਰਧਾਨ ਨੂਰਮਹਿਲ ਸ਼ਹਿਰੀ, ਇੰਦਰਜੀਤ ਸਿੰਘ ਜੌਹਲ, ਜਤਿੰਦਰ ਕੁਮਾਰ ਨਈਅਰ, ਗੁਰਨਾਮ ਸਿੰਘ ਨਾਗਰਾ, ਮਨੋਜ ਕੋਹਲੀ, ਕੁਲਵੰਤ ਸਹਿਜਲ, ਬਬਲੀ ਸੌਂਧੀ ਕੌਂਸਲਰ, ਅਨਿਲ ਮੈਹਨ ਕੌਂਸਲਰ, ਰਾਕੇਸ਼ ਕਲੇਰ ਹਾਜ਼ਰ ਸਨ।

# ਧਰਤੀ ਦਿਵਸ ਮਨਾਇਆ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**-ਅੰਤਰਰਾਸ਼ਟਰੀ ਪੱਧਰ 'ਤੇ ਮਨਾਏ ਜਾਣ ਵਾਲੇ ਧਰਤੀ ਦਿਵਸ ਨੂੰ ਮਨਾਉਂਦਿਆਂ ਇਕ ਰੰਗੀਨ ਅਤੇ ਅਰਥਪੂਰਨ ਸਮਾਰੋਹ ਦਾ ਆਯੋਜਨ ਕੀਤਾ। ਇਸ ਸਮਾਰੋਹ ਦਾ ਮੁੱਖ ਉਦੇਸ਼ ਵਿਦਿਆਰਥੀਆਂ 'ਚ ਵਾਤਾਵਰਣ ਸੁਰੱਖਿਆ ਅਤੇ ਟਿਕਾਊ ਵਿਕਾਸ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਸਮਾਰੋਹ ਦੀ ਸ਼ੁਰੂਆਤ ਸਕੂਲ ਪਰਿਸਰ 'ਚ ਬੂਟੇ ਲਗਾਉਣ ਦੀ ਮੁਹਿੰਮ ਅਤੇ ਸਹੁੰ ਨਾਲ ਹੋਈ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਉਤਸਾਹ ਨਾਲ ਵੱਖ-ਵੱਖ ਪ੍ਰਜਾਤੀਆਂ ਦੇ ਪੌਦੇ ਲਗਾ ਕੇ ਹਰੇ ਭਰੇ ਪਲਾਨੇ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਗਟਾਵਾ ਕੀਤਾ। ਇਸ ਤੋਂ ਬਾਅਦ ਇੱਕ ਪੋਸਟਰ ਕਮ ਸਲੋਗਨ ਨਿਰਮਾਣ ਮੁਕਾਬਲਾ ਕਰਵਾਇਆ ਗਿਆ। ਵਿਦਿਆਰਥੀਆਂ ਨੇ ਰੰਗ ਬਿਰੰਗੇ ਪੋਸਟਰਾਂ ਅਤੇ ਧਿਆਨ ਖਿੱਚਣ ਵਾਲੇ ਨਾਅਰਿਆਂ ਰਾਹੀਂ ਵਾਤਾਵਰਣ ਪ੍ਰਤੀ ਆਪਣੀ ਚਿੰਤਾ ਵਿਅਕਤ ਕੀਤੀ। ਇਸ ਦਿਨ ਦੀ ਹੋਰ ਖਾਸ ਘਟਨਾ 'ਬੈਸਟ ਆਉਟ ਆਫ ਵੇਸਟ' ਮੁਕਾਬਲਾ ਸੀ, ਜਿਸ ਵਿੱਚ ਵਿਦਿਆਰਥੀਆਂ ਨੇ ਫਜੂਲ ਸਮੱਗਰੀ ਨੂੰ ਰੀਯੂਜ ਕਰਕੇ ਰਚਨਾਤਮਕ ਤੇ ਲਾਭਕਾਰੀ ਚੀਜਾਂ ਬਣਾਈਆਂ। ਪ੍ਰੋਗਰਾਮ ਸੰਪਨ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਨਵਦੀਪ ਕੌਰ ਦੇ ਸੰਬੋਧਨ ਨਾਲ ਹੋਇਆ।

# ਨੇਤਰ ਦਾਨ ਕਰਨ ਸੰਬੰਧੀ ਜਾਗ੍ਰਿਤੀ ਸੈਮੀਨਾਰ ਕਰਵਾਇਆ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**
ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ 25ਵਾਂ ਫਾਊਂਡੇਸ਼ਨ ਸਾਲ ਮਨਾਉਂਦੇ ਹੋਏ ਸਰਕਾਰੀ ਮਿਡਲ ਸਕੂਲ ਰੱਲਣਾ ਵਿਖੇ ਨੇਤਰਦਾਨ ਜਾਗ੍ਰਿਤੀ ਸੈਮੀਨਾਰ ਕਰਵਾਇਆ ਗਿਆ। ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਇੱਕਬਾਲ ਕੌਰ ਸੈਣੀ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਤੇ ਸਕੂਲ ਹੈਡ ਟੀਚਰ ਮਨਜੀਤ ਸਿੰਘ ਦੀ ਅਗਵਾਈ ਵਿੱਚ ਕਰਵਾਏ ਗਏ ਸੈਮੀਨਾਰ ਦੌਰਾਨ ਨੇਤਰਦਾਨ ਐਸੋਸੀਏਸ਼ਨ ਹਲਕਾ ਟਾਂਡਾ ਦੇ ਇੰਚਾਰਜ ਤੇ ਨੇਤਰਦਾਨ ਵਿੱਚ ਸਟੇਟ ਐਵਾਰਡ ਪ੍ਰਾਪਤ ਭਾਈ ਵਰਿੰਦਰ ਸਿੰਘ ਮਸੀਤੀ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸਕੂਲ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਨੇਤਰਦਾਨ ਕਰਨ ਲਈ ਜਾਗ੍ਰਿਤ ਕੀਤਾ।ਇਸ ਮੌਕੇ ਭਾਈ ਵਰਿੰਦਰ ਸਿੰਘ ਮਸੀਤੀ ਨੇ ਦੱਸਿਆ ਕਿ ਨੇਤਰਦਾਨ ਐਸੋਸੀਏਸ਼ਨ ਹੁਸ਼ਿਆਰਪੁਰ ਵੱਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਪਿਛਲੇ ਲੰਬੇ ਸਮੇਂ ਤੋਂ ਅੰਨੇਪਨ ਨੂੰ ਦੂਰ ਕਰਨ ਲਈ ਵਿਆਪਕ ਮੁਹਿੰਮ ਚਲਾਈ ਗਈ ਹੈ ਅਤੇ ਇਸ ਮੁਹਿੰਮ ਦੌਰਾਨ ਦਾਨੀ ਸੱਜਣਾਂ ਵੱਲੋਂ ਕੀਤੀਆਂ ਗਈਆਂ ਅੱਖਾਂ ਦੇ ਜ਼ਰੀਏ ਕਈਆਂ ਦੀ ਜ਼ਿੰਦਗੀ ਵਿੱਚ ਰੌਸ਼ਨੀ ਲਿਆਂਦੀ ਗਈ।ਇਸ ਮੌਕੇ ਸਕੂਲ ਮੁਖੀ ਮਨਜੀਤ ਸਿੰਘ ਨੇ ਨੇਤਰਦਾਨ ਐਸੋਸੀਏਸ਼ਨ ਦੇ ਇਸ ਮਹਾਨ ਉਪਰਾਲੇ ਦੀ ਸ਼ਲਾਗਾ ਕਰਦੇ ਹੋਏ ਕਿਹਾ ਕਿ ਅੱਖਾਂ ਦਾਨ ਕਰਨਾ ਇੱਕ ਬਹੁਤ ਵੱਡਾ ਪੁੰਨ ਦਾ ਕੰਮ ਹੈ ਇਸ ਲਈ ਸਾਨੂੰ ਜਿਉਂਦੇ ਜੀ ਆਪਣੀਆਂ ਅੱਖਾਂ ਦੀ ਰਜਿਸਟਰੇਸ਼ਨ ਦਾਨ ਕਰਨ ਵਾਸਤੇ ਰਜਿਸਟਰੇਸ਼ਨ ਕਰਵਾਉਣੀ ਚਾਹੀਦੀ ਹੈ।ਇਸ ਮੌਕੇ ਸਕੂਲ ਸਟਾਫ ਵੱਲੋਂ ਭਾਈ ਵਰਿੰਦਰ ਸਿੰਘ ਮਸੀਤੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ।ਇਸ ਸਮੇਂ ਮੈਡਮ ਹਰਪ੍ਰੀਤ ਕੌਰ, ਪਰਮਜੀਤ ਕੌਰ, ਊਸ਼ਾ ਸੰਧੂ ਰਾਕੇਸ਼ ਕੁਮਾਰ ਵੀ ਮੌਜੂਦ ਸਨ।



# ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਵਿਧਾਇਕ ਮਾਨ ਵੱਲੋਂ ਸਖ਼ਤ ਸ਼ਬਦਾਂ 'ਚ ਨਿੰਦਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਹਲਕਾ ਨਕੋਦਰ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ।ਉਹਨਾਂ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਨਿਰਦੋਸ਼ ਸੈਲਾਨੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਘਿਨਾਉਣੇ ਅਤੇ ਕਾਇਰਤਾਪੂਰਨ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦੀ ਹਾਂ।ਹਿੰਸਾ ਦਾ ਇਹ ਵਹਿਸ਼ੀ ਕਾਰਾ ਮਨੁੱਖਤਾ ਅਤੇ ਸ਼ਾਂਤੀ 'ਤੇ ਹਮਲਾ ਹੈ।ਪੀੜਤਾਂ ਅਤੇ ਉਨ੍ਹਾਂ ਦੇ ਪਰਵਾਰਾਂ ਪ੍ਰਤੀ ਮੇਰੀ ਸੰਵੇਦਨਾਂ ਹੈ-ਅਜਿਹੇ ਅੱਤਿਆਚਾਰੀਆਂ ਨੂੰ ਸਜ਼ਾ ਦਿੱਤੇ ਬਿਨਾਂ ਨਹੀਂ ਛੱਡਣਾ ਚਾਹੀਦਾ।ਸਾਡੀ ਪਾਰਟੀ ਦੀ ਸਰਕਾਰ ਹਮੇਸ਼ਾਂ ਪੀੜਤ ਪਰਵਾਰਾਂ ਨਾਲ ਖੜ੍ਹੀ ਹੈ।

# ਦੇਰ ਰਾਤ ਸਿੱਧਵਾਂ ਦੋਨਾ ਸਮੇਤ ਵੱਖ-ਵੱਖ ਥਾਵਾਂ 'ਤੇ ਚਲਾਈ ਚੈਕਿੰਗ ਮੁਹਿੰਮ



**ਕਾਲਾ ਸੰਘਿਆਂ (ਮਨਜੀਤ ਮਾਨ)**
ਪਿੰਡਾਂ ਵਿੱਚੋਂ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖਤਮ ਕਰਨ, ਅਮਨ ਸ਼ਾਂਤੀ ਅਤੇ ਕਾਨੂੰਨੀ ਵਿਵਸਥਾ ਬਣਾਈ ਰੱਖਣ ਲਈ ਚੌਕਸੀ ਵਰਤਦੇ ਹੋਏ ਪੰਜਾਬ ਪੁਲਸ ਵੱਲੋਂ ਪਿੰਡਾਂ ਵਿੱਚ ਨਾਕੇ ਲਗਾ ਕੇ ਵਾਹਨ ਚਾਲਕਾਂ 'ਤੇ ਬਾਜ ਅੱਖ ਰੱਖ ਕੇ ਚੈਕਿੰਗ ਕੀਤੀ ਜਾ ਰਹੀ ਹੈ।ਥਾਣਾ ਸਦਰ ਦੇ ਨਵ ਨਿਯੁਕਤ ਐਸ ਐਚ ਓ ਇੰਸਪੈਕਟਰ ਕੰਵਲਜੀਤ ਸਿੰਘ ਬੱਲ ਦੀ ਯੋਗ ਅਗਵਾਈ ਹੇਠ ਏ ਐਸ ਆਈ ਸੁਬੇਗ ਸਿੰਘ, ਹੌਂਡ ਕਾਂਸਟੇਬਲ ਸੰਦੀਪ ਸਿੰਘ ਤੇ ਮਨਜਿੰਦਰ ਸਿੰਘ ਅਤੇ ਅਜੇ ਕਟੋਚ ਆਦਿ ਪੁਲਸ ਮੁਲਾਜ਼ਮਾਂ ਵੱਲੋਂ ਬੀਤੀ ਰਾਤ ਕਸਬਾਨੁਮਾ ਪਿੰਡ ਸਿੱਧਵਾਂ ਦੋਨਾਂ, ਰਜਾਪੁਰ ਮੋੜ ਅਤੇ ਵਰਿਆਂਹ ਦੋਨਾ ਵਿੱਚ ਨਾਕੇ ਲਗਾ ਕੇ ਆਉਣ ਜਾਣ ਵਾਲੇ ਵਾਹਨਾਂ ਦੀ ਬਰੀਕੀ ਨਾਲ ਚੈਕਿੰਗ ਕੀਤੀ ਗਈ ਤਾਂ ਜੋ ਇਲਾਕੇ ਅੰਦਰ ਬੇਖੌਫ ਘੁੰਮ ਰਹੇ ਮਾੜੇ ਅਨਸਰਾਂ 'ਤੇ ਕਾਬੂ ਪਾਇਆ ਜਾ ਸਕੇ। ਇੰਸਪੈਕਟਰ ਕੰਵਲਜੀਤ ਸਿੰਘ ਬੱਲ ਨੇ ਦੱਸਿਆ ਕਿ ਸੀਨੀਅਰ ਅਫਸਰਾਂ ਦੇ ਹੁਕਮਾਂ 'ਤੇ ਇਹ ਚੈਕਿੰਗ ਮੁਹਿੰਮ ਲਗਾਤਾਰ ਜਾਰੀ ਰਹੇਗੀ। ਚੈਕਿੰਗ ਦੌਰਾਨ ਕਿਸੇ ਵੀ ਸਮਾਜ ਵਿਰੋਧੀ ਮਾੜੇ ਅਨਸਰ ਨੂੰ ਕਾਨੂੰਨ ਵਿਵਸਥਾ 'ਚ ਰੁਕਾਵਟ ਪਾਉਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ ਚੈਕਿੰਗ ਦੌਰਾਨ ਇੰਸਪੈਕਟਰ ਕੰਵਲਜੀਤ ਸਿੰਘ ਬੱਲ ਵੱਲੋਂ ਦੇਰ ਰਾਤ ਖੁੱਦ ਨਾਕੇ 'ਤੇ ਵਾਹਨਾਂ ਦੀ ਬਰੀਕੀ ਨਾਲ ਚੈਕਿੰਗ ਕਰਦੇ ਹੋਏ ਕੁੱਝ ਬਿਨ੍ਹਾਂ ਵਜਾ ਬਾਹਰ ਘੁੰਮ ਰਹੇ ਅਨਸਰਾਂ ਨੂੰ ਤਾੜਨਾ ਕਰਦੇ ਹੋਏ ਵਾਪਸ ਘਰ ਭੇਜਿਆ। ਉਨ੍ਹਾਂ ਪਿੰਡਾਂ ਦੇ ਸਰਪੰਚਾਂ ਅਤੇ ਮੋਹਤਬਰ ਵਿਅਕਤੀਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਉਹ ਵੀ ਆਪਣੇ ਆਪਣੇ ਇਲਾਕੇ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਪੁਲਸ ਦਾ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਵਿੱਚ ਪੂਰਨ ਸਹਿਯੋਗ ਦੇਣ। ਜੇਕਰ ਕੋਈ ਵੀ ਵਿਅਕਤੀ ਉਨ੍ਹਾਂ ਦੇ ਇਲਾਕੇ ਵਿੱਚ ਨਸ਼ਾ ਵੇਚਦਾ ਹੈ ਜਾਂ ਨਸ਼ਾ ਕਰਦਾ ਹੈ ਤਾਂ ਉਹ ਇਸਦੀ ਸੂਚਨਾ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਥਾਣੇ ਵਿੱਚ ਵੀ ਦੇ ਸਕਦੇ ਹਨ ਤਾਂ ਅਤੇ ਸੂਚਨਾ ਦੇਣ ਵਾਲੇ ਦਾ ਨਾਮ ਪਤਾ ਬਿਲਕੁਲ ਗੁਪਤ ਰੱਖਿਆ ਜਾਵੇਗਾ।

# ਸੂਬਾ ਸਰਕਾਰ ਖਿਡਾਰੀਆਂ ਨੂੰ ਬੇਹਤਰ ਸਹੂਲਤਾਂ ਦੇਣ ਲਈ ਤਿਆਰ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਖਿਡਾਰੀਆਂ ਨੂੰ ਬੇਹਤਰ ਸਹੂਲਤਾਂ ਦੇਣ ਲਈ ਤਿਆਰ ਹੈ।ਸੂਬੇ ਦੇ ਖੇਡ ਸਟੇਡੀਅਮ ਅਤੇ ਖੇਡ ਨਰਸਰਿਆਂ 'ਚ ਆਉਣ ਵਾਲੇ ਖਿਡਾਰੀਆਂ ਨੂੰ ਬੇਹਤਰ ਸਹੂਲਤਾਂ ਮਿਲਣ, ਇਸ ਦੇ ਲਈ ਵਿਭਾਗ ਵਿਸ਼ੇਸ ਯੋਜਨਾ ਬਨਾਉਣ।ਇਸ ਤੋਂ ਇਲਾਵਾ ਸੂਬੇ ਵਿੱਚ ਵਿਸ਼ੇਸ ਸ਼ਾਨਦਾਰ ਖੇਡਾਂ 'ਤੇ ਫੋਕਸ ਕਰਦੇ ਹੋਏ ਐਕਸੀਲੈਂਸ ਸੈਂਟਰ ਵੀ ਬਣਾਏ ਜਾਣ।ਮੁੱਖ ਮੰਤਰੀ ਨੇ ਇਹ ਨਿਰਦੇਸ਼ ਖੇਡ ਵਿਭਾਗ ਦੀ ਸਮੀਖਿਆ ਮੀਟਿੰਗ ਦੌਰਾਨ ਦਿੱਤੇ।ਇਸ ਦੌਰਾਨ ਸੂਬੇ ਦੇ ਖਿਡਾਰੀਆਂ ਲਈ ਕੈਸ਼ ਅਵਾਰਡਸ ਅਤੇ ਸਕਾਲਰਸ਼ਿਪ ਪ੍ਰਬੰਧਨ ਪ੍ਰਣਾਲੀ ਲਈ ਪੋਰਟਲ ਲਾਂਚ ਕੀਤਾ ਗਿਆ।ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੀਟਿੰਗ ਦੌਰਾਨ ਸੂਬੇ ਦੇ ਕ੍ਰਿਕੇਟ ਸਟੇਡਿਯਮ ਨੂੰ ਲੈ ਕੇ ਚਰਚਾ ਕੀਤੀ।

# ਪੰਜਾਬੀ ਸਾਹਿਤ ਸਭਾ ਦੇ ਸਮਾਗਮ 'ਚ ਚੱਲਿਆ ਰਚਨਾਵਾਂ ਦਾ ਦੌਰ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਵੱਲੋਂ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਡਿਜੀਟਲ ਲਾਇਬ੍ਰੇਰੀ ਹੁਸ਼ਿਆਰਪੁਰ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਤ੍ਰਿਪਤਾ ਕੇ ਸਿੰਘ ਨੇ ਕੀਤੀ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਸਭਾ ਦੇ ਜਨਰਲ ਸਕੱਤਰ ਅਤੇ ਖੋਜ ਅਫ਼ਸਰ ਭਾਸ਼ਾ ਵਿਭਾਗ ਡਾ. ਜਸਵੰਤ ਰਾਏ ਨੇ ਪਿਛਲੇ ਦਿਨੀਂ ਵਿਛੋੜਾ ਦੇ ਗਏ ਪੰਜਾਬੀ ਅਤੇ ਹਿੰਦੀ ਦੇ ਸਾਹਿਤਕਾਰ ਕਹਾਣੀਕਾਰ ਪ੍ਰੇਮ ਪ੍ਰਕਾਸ਼, ਡਾ. ਹਰਜਿੰਦਰ ਸਿੰਘ ਅਟਵਾਲ, ਆਦਿਵਾਸੀ ਕਹਾਣੀਕਾਰਾ ਡਾ. ਰਾਜ ਕੇਰਕੇਟਾ, ਨਦੀਮ ਪਰਮਾਰ, ਕ੍ਰਿਸ਼ਨ ਭਨੋਟ ਹੁਰਾਂ ਦੀ ਨਿੱਘੀ ਯਾਦ 'ਚ ਸ਼ੋਕ ਮਤਾ ਪੜ੍ਹਿਆ ਅਤੇ ਸਭਾ ਵੱਲੋਂ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਉਪਰੰਤ ਰਚਨਾਵਾਂ ਦੇ ਚੱਲੇ ਦੌਰ 'ਚ ਸਾਹਿਤਕਾਰਾਂ ਡਾ. ਕਰਮਜੀਤ ਸਿੰਘ, ਮਦਨ ਵੀਰਾ, ਡਾ. ਸ਼ਮਸ਼ੇਰ ਮੋਹੀ, ਡਾ. ਹਰਪ੍ਰੀਤ ਸਿੰਘ, ਸੋਮਦੱਤ ਦਿਲਗੀਰ, ਡਾ. ਕੁਲਦੀਪ ਸਿੰਘ, ਰਾਜ ਕੁਮਾਰ ਘਾਸੀਪੁਰੀਆ, ਰਬਿੰਦਰ ਸ਼ਰਮਾ, ਬਲਜੀਤ ਕੌਰ ਝੂਟੀ, ਪ੍ਰਿੰਸੀਪਲ ਚਰਨ ਸਿੰਘ, ਹਰਬਿੰਦਰ ਸਾਹਬੀ, ਸੁਰਿੰਦਰ ਸੱਲ੍ਹਣ, ਪ੍ਰਿੰਸੀਪਲ ਦਾਸ ਭਾਰਤੀ, ਪ੍ਰਿੰਸੀਪਲ ਗੁਰਦਿਆਲ ਸਿੰਘ ਫੁਲ, ਡਾ. ਦਰਸ਼ਨ ਸਿੰਘ ਦਰਸ਼ਨ, ਸਤੀਸ਼ ਕੁਮਾਰ, ਡਾ. ਅਜੀਤ ਸਿੰਘ ਜੱਬਲ, ਪ੍ਰਭਜੋਤ ਕੌਰ, ਤੀਰਥ ਚੰਦ ਸਰੋਆ ਅਤੇ ਰਜਿੰਦਰ ਸੱਚਦੇਵਾ ਨੇ ਆਪਣੀਆਂ ਸੱਜਰੀਆਂ ਕਵਿਤਾਵਾਂ, ਗ਼ਜ਼ਲਾਂ, ਗੀਤ, ਕਹਾਣੀਆਂ ਸੁਣਾ ਕੇ ਸ਼ਹਿਬਰ ਲਾ ਦਿੱਤੀ। ਸਮਾਗਮ ਦੇ ਦੂਜੇ ਸੈਸ਼ਨ ਵਿੱਚ ਸਭਾ ਦੇ ਮੈਂਬਰਾਂ ਦੀਆਂ ਛਪੀਆਂ ਕਿਤਾਬਾਂ ਬਾਰੇ ਚਰਚਾ ਕੀਤੀ ਗਈ। ਧੰਨਵਾਦੀ ਸ਼ਬਦ ਲਾਇਬ੍ਰੇਰੀਅਨ ਵਿਜੇ ਕੁਮਾਰ ਨੇ ਆਖੇ। ਸਮਾਗਮ ਦੌਰਾਨ ਸਟੇਜ ਦੀ ਸਮੁੱਚੀ ਕਾਰਵਾਈ ਡਾ. ਜਸਵੰਤ ਰਾਏ ਨੇ ਬਾਖੂਬੀ ਨਿਭਾਈ।

# ਆਰ ਬੀ ਯੂ ਦੇ ਸਕੂਲ ਆਫ ਫਿਜੀਓਥੈਰੇਪੀ ਵੱਲੋਂ ਐਲੂਮਨੀ ਮੀਟ



**ਮੋਹਾਲੀ, ਕੁਰਾਲੀ (ਗੁਰਜੀਤ ਬਿੱਲਾ, ਮੋਹਨ ਅੱਗਰਵਾਲ)**
ਰਿਆਤ ਬਾਹਰਾ ਯੂਨੀਵਰਸਿਟੀ ਦੇ ਯੂਨੀਵਰਸਿਟੀ ਸਕੂਲ ਆਫ ਫਿਜ਼ੀਓਥੈਰੇਪੀ ਐਂਡ ਰੇਡੀਓਲੋਜੀ ਨੇ ਆਪਣਾ ਪਹਿਲਾ ਸਥਾਪਨਾ ਦਿਵਸ ਅਤੇ ਐਲੂਮਨੀ ਮੀਟ ਦਾ ਆਯੋਜਨ ਕੀਤਾ। ਇਸ ਮੌਕੇ ਵਿਨੋਦ ਚੌਹਾਨ, ਸਟੇਟ ਅਲਾਈਡ ਐਂਡ ਹੈਲਥਕੇਅਰ ਕੌਂਸਲ, ਹਿਮਾਚਲ ਪ੍ਰਦੇਸ, ਸ਼ਿਮਲਾ ਦੇ ਚੇਅਰਪਰਸਨ, ਮੁੱਖ ਮਹਿਮਾਨ ਸਨ। ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਜੋ ਰਿਆਤ ਬਾਹਰਾ ਗਰੁੱਪ ਆਫ ਇੰਸਟੀਚਿਊਸਨਜ ਦੇ ਚੇਅਰਮੈਨ ਵੀ ਹਨ, ਨੇ ਸਾਬਕਾ ਵਿਦਿਆਰਥੀਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਡਾ. ਐਸ ਕੇ ਬਾਂਸਲ, ਡੀਨ, ਅਕਾਦਮਿਕ, ਡਾ. ਪੰਕਜ ਕੌਲ, ਡੀਨ, ਯੂਨੀਵਰਸਿਟੀ ਸਕੂਲ ਆਫ ਅਲਾਈਡ ਹੈਲਥ ਸਾਇੰਸਿਜ, ਯੂ ਐਸ ਏ ਐਚ ਐਸ ਨੇ ਇਸ ਪ੍ਰੋਗਰਾਮ ਲਈ ਵਿੱਚ ਮੁੱਖ ਸਲਾਹਕਾਰ ਦੀ ਭੂਮਿਕਾ ਨਿਭਾਈ। ਮੁੱਖ ਮਹਿਮਾਨ ਵਿਨੋਦ ਚੌਹਾਨ ਨੇ ਆਪਣੇ ਸੰਬੋਧਨ 'ਚ, ਮੈਡੀਕਲ ਇਮੇਜਿੰਗ ਅਤੇ ਸੰਬੰਧਿਤ ਸਿਹਤ ਖੇਤਰਾਂ 'ਚ ਸੁਰੱਖਿਅਤ ਅਤੇ ਨੈਤਿਕ ਅਭਿਆਸਾਂ ਨੂੰ ਯਕੀਨੀ ਬਣਾਉਣ ਲਈ ਮਜਬੂਤ ਰੈਗੂਲੇਟਰੀ ਢਾਂਚੇ ਅਤੇ ਨਿਰੰਤਰ ਸਿੱਖਿਆ ਦੀ ਮਹੱਤਤਾ 'ਤੇ ਧਿਆਨ ਕੇਂਦਰਿਤ ਕੀਤਾ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਿਵਲ ਹਸਪਤਾਲ 'ਚ ਚਲਾਇਆ ਵਿਸ਼ੇਸ਼ ਤਲਾਸ਼ੀ ਅਭਿਆਨ

**ਜਲੰਧਰ (ਸ਼ੈਲੀ ਐਲਬਰਟ,ਸੁਰਿੰਦਰ ਕੁਮਾਰ)**-ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਦੀ ਅਗਵਾਈ ਹੇਠ ਕਮਿਸ਼ਨਰੇਟ ਪੁਲਸ ਜਲੰਧਰ ਨੇ ਸਿਵਲ ਹਸਪਤਾਲ ਜਲੰਧਰ ਅਤੇ ਇਸ ਦੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਇੱਕ ਵਿਸ਼ੇਸ਼ ਨਿਰੀਖਣ ਅਤੇ ਤਲਾਸ਼ੀ ਅਭਿਆਨ ਚਲਾਇਆ।ਕਾਰਵਾਈ ਦਾ ਵੇਰਵਾ ਦਿੰਦੇ ਹੋਏ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਕਿਹਾ ਕਿ ਇਸ ਕਾਰਵਾਈ ਦਾ ਉਦੇਸ਼ ਸਿਵਲ ਹਸਪਤਾਲ ਅਤੇ ਇਸਦੇ ਆਲੇ ਦੁਆਲੇ ਗੈਰ-ਕਾਨੂੰਨੀ ਨਸ਼ਿਆਂ ਦੇ ਵਪਾਰ ਅਤੇ ਗੈਰ-ਕਾਨੂੰਨੀ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖਣਾ ਹੈ।ਉਨ੍ਹਾਂ ਕਿਹਾ ਕਿ ਇਹ ਕਾਰਵਾਈ ਡੀ ਸੀ ਪੀ ਓਪਰੇਸ਼ਨ ਨਰੇਸ਼ ਡੋਗਰਾ ਅਤੇ ਏ ਡੀ ਸੀ ਪੀ-9, ਏ ਡੀ ਸੀ ਪੀ ਇੰਡਸਟਰੀਜ਼ ਐਂਡ ਸਿਕਿਓਰਿਟੀ ਦੇ ਨਾਲ-ਨਾਲ ਸਬੰਧਤ ਐਸ ਐਚ ਓ ਅਤੇ ਚਾਰ ਪੁਲਸ ਟੀਮਾਂ ਦੀ ਨਿਗਰਾਨੀ ਹੇਠ ਕੀਤੀ ਗਈ। ਉਨ੍ਹਾਂ ਕਿਹਾ ਕਿ ਹਸਪਤਾਲ ਦੇ ਅਹਾਤੇ, ਜਿਸ ਵਿੱਚ ਮੈਡੀਕਲ ਸਟੋਰ, ਕੰਟੀਨ ਅਤੇ ਪਾਰਕਿੰਗ ਸ਼ਾਮਲ ਹਨ, ਵਿੱਚ ਇੱਕ ਵਿਆਪਕ ਨਿਰੀਖਣ ਕੀਤਾ ਗਿਆ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਗੈਰ-ਕਾਨੂੰਨੀ ਗਤੀਵਿਧੀ ਨਹੀਂ ਹੋ ਰਹੀ ਹੈ।



# ਐੱਮ ਪੀ ਤੇ ਵਿਧਾਇਕ ਨੇ ਪੀ ਐੱਚ ਸੀ ਅੱਪਗ੍ਰੇਡ ਲਈ 3.32 ਕਰੋੜ ਦੀ ਗ੍ਰਾਂਟ ਨਾਲ ਕੰਮ ਦਾ ਅਗਾਜ਼ ਕਰਵਾਇਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**
ਹੁਸ਼ਿਆਰਪੁਰ ਲੋਕ ਸਭਾ ਦੇ ਮੈਂਬਰ ਡਾ. ਰਾਜ ਕੁਮਾਰ ਅਤੇ ਚੱਬੇਵਾਲ ਵਿਧਾਇਕ ਡਾ. ਇਸ਼ਾਂਕ ਕੁਮਾਰ ਵੱਲੋਂ ਆਮ ਜਨਤਾ ਨੂੰ ਬਿਹਤਰੀਨ ਸਿਹਤ ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਲਈ ਪਿੰਡ ਚੱਬੇਵਾਲ ਦੇ ਪੀ ਐਚ ਸੀ ਨੂੰ ਅਪਗ੍ਰੇਡ ਕਰਣ ਲਈ 3 ਕਰੋੜ 30 ਲਾਖ ਦੀ ਗ੍ਰਾਂਟ ਜਾਰੀ ਕਰਵਾਈ ਗਈ ਅਤੇ ਕੰਮ ਦੀ ਸ਼ੁਰੂਆਤ ਕਰਵਾਉਣ ਦਾ ਰਸਮੀ ਉਦਘਾਟਨ ਕੀਤਾ ਗਿਆ।ਇਸ ਪੀ ਐਚ ਸੀ ਬਿਲਡਿੰਗ ਦਾ ਵਿਸਥਾਰ ਕੀਤਾ ਜਾਵੇਗਾ ਜਿਸ ਨਾਲ ਇਸ ਦੀ ਦੋ ਮੰਜ਼ਲਾ ਨਵੀਂ ਬਿਲਡਿੰਗ ਵਿੱਚ 4 ਓ ਪੀ ਡੀ, ਆਯੂਸ਼ ਓ ਪੀ ਡੀ, ਫਿਜ਼ੀਓਥੈਰੇਪੀ, 2 ਡਿਲੀਵਰੀ ਰੂਮ, ਮੈਡੀਕਲ ਸਟੋਰ, ਲਿਫਟ, ਆਪ੍ਰੇਸ਼ਨ ਥੀਏਟਰ, 2 ਵਾਰਡ, ਸਟਾਫ ਰੂਮ ਆਦਿ ਦੇ ਨਾਲ ਹੀ ਮਰੀਜ਼ਾ ਦੀ ਸੁਵਿਧਾ ਲਈ ਦੋਵਾਂ ਮੰਜ਼ਲਾ 'ਤੇ ਪਖਾਨੇ ਵੀ ਬਣਾਏ ਜਾਣਗੇ।ਇਸ ਉਦਘਾਟਨੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਸੰਸਦ ਮੈਂਬਰ ਡਾ. ਰਾਜ ਕੁਮਾਰ ਨੇ ਕਿਹਾ ਕਿ ਇਸ ਪੀ ਐਚ ਸੀ ਦੀ ਨਵੀਂ ਇਮਾਰਤ ਬਨਣ 'ਤੇ ਅਤੇ ਸਾਰੀਆਂ ਸਿਹਤ ਸੁਵਿਧਾਵਾਂ ਸ਼ੁਰੂ ਹੋਣ 'ਤੇ ਸਾਡੇ ਹਲਕਾ ਵਾਸੀਆ ਨੂੰ ਲੋੜ ਪੈਣ 'ਤੇ ਸ਼ਹਿਰ ਨੂੰ ਨਹੀਂ ਜਾਣਾ ਪਵੇਗਾ।ਇਸ ਮੌਕੇ ਡਾ. ਇਸ਼ਾਂਕ ਕੁਮਾਰ ਵਿਧਾਇਕ ਚੱਬੇਵਾਲ ਨੇ ਕਿਹਾ ਕਿ ਇਹ ਉਹਨਾਂ ਦੇ ਚੁਣਾਵੀ ਵਾਅਦੇ ਪੂਰਾ ਕਰਣ ਵੱਲ ਇੱਕ ਹੋਰ ਕਦਮ ਹੈ ਅਤੇ ਆਪਣੇ ਹਲਕਾ ਵਾਸੀਆ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਣ ਲਈ ਮੈਂ ਪੂਰੀ ਤਰ੍ਹਾਂ ਸਮਰਪਿਤ ਭਾਵ ਨਾਲ ਕਾਰਜਰਤ ਹਾਂ।ਉਹਨਾਂ ਕਿਹਾ ਕਿ ਚੱਬੇਵਾਲ ਹਲਕੇ ਵਿੱਚ ਮੈਡੀਕਲ ਸੰਬੰਧੀ ਸੁਵਿਧਾਵਾਂ ਨੂੰ ਬਿਹਤਰ ਕਰਣਾ ਅਤੇ ਆਮ ਜਨਤਾ ਤੱਕ ਪਹੁੰਚਾਉਣਾ ਮੇਰੀ ਤਰਜੀਹ 'ਤੇ ਹੈ।

# 'ਸੀ ਐਮ ਦੀ ਯੋਗਸ਼ਾਲਾ' ਮੁਹਿੰਮ ਨਾਲ ਨਸ਼ਾ ਪੀੜਤਾਂ ਨੂੰ ਮਿਲ ਰਹੀ ਹੈ ਨਵੀਂ ਜ਼ਿੰਦਗੀ

**ਮੋਹਾਲੀ, (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁੱਧ ਜੰਗ ਦੇ ਹਿੱਸੇ ਵਜੋਂ, 7 ਅਪ੍ਰੈਲ ਨੂੰ ਮੋਹਾਲੀ ਜ਼ਿਲ੍ਹੇ ਵਿੱਚ ਇੱਕ ਨਵੀਂ ਪਹਿਲ 'ਸੀ ਐਮ ਦੀ ਯੋਗਸ਼ਾਲਾ' ਤਹਿਤ ਸ਼ੁਰੂ ਕੀਤੀ ਗਈ।ਇਸ ਯੋਜਨਾ ਦਾ ਉਦੇਸ਼ ਯੋਗਾ ਰਾਹੀਂ ਨਸ਼ਾ ਪੀੜਤਾਂ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਮਜ਼ਬੂਤ ਬਣਾਉਣਾ ਹੈ ਤਾਂ ਜੋ ਉਹ ਇੱਕ ਸਿਹਤਮੰਦ ਅਤੇ ਹਾਂ ਪੱਖੀ ਜੀਵਨ ਜੀਅ ਸਕਣ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕੋਆਰਡੀਨੇਟਰ ਪ੍ਰਤਿਮਾ ਡਾਵਰ ਨੇ ਦੱਸਿਆ ਕਿ ਇਹ ਕਲਾਸਾਂ ਰੋਜ਼ਾਨਾ ਸਵੇਰੇ 7:00 ਵਜੇ ਤੋਂ 8:00 ਵਜੇ ਅਤੇ ਸ਼ਾਮ 5:00 ਵਜੇ ਤੋਂ 6:00 ਵਜੇ ਤੱਕ ਸੈਕਟਰ-66 ਸਥਿਤ ਜ਼ਿਲ੍ਹਾ ਨਸ਼ਾ ਛੁਡਾਊ ਕੇਂਦਰ ਵਿਖੇ ਚਲਾਈਆਂ ਜਾ ਰਹੀਆਂ ਹਨ। ਇਹ ਕਲਾਸਾਂ ਯੋਗਾ ਇੰਸਟ੍ਰਕਟਰ ਪੁਲਕਿਤ ਦੁਆਰਾ ਚਲਾਈਆਂ ਜਾ ਰਹੀਆਂ ਹਨ।

# ਜਾਗਰੂਕਤਾ ਕੈਂਪ ਲਗਾਉਣ ਸੰਬੰਧੀ ਸੁਸਾਇਟੀ ਨੇ ਕੀਤੀ ਮੀਟਿੰਗ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**
ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੀ ਟੀਮ ਵੱਲੋਂ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੋਸੀ ਵਿੱਚ ਜਾ ਕੇ ਸਕੂਲ ਸਟਾਫ ਨਾਲ ਇੱਕ ਮੀਟਿੰਗ ਕੀਤੀ।ਇਸ ਮੌਕੇ ਜਿਲ੍ਹਾ ਨਵਾਂਸ਼ਹਿਰ ਇਕਾਈ ਦੇ ਵਾਈਸ ਪ੍ਰਧਾਨ ਐਡਵਕੇਟ ਜਸਪ੍ਰੀਤ ਬਾਜਵਾ, ਜਿਲ੍ਹਾ ਸਕੱਤਰ ਮਲਕੀਤ ਕੌਰ ਜੰਡੀ, ਜਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਜਸਪ੍ਰੀਤ ਕੌਰ, ਜਿਲ੍ਹਾ ਵਾਈਸ ਪ੍ਰਧਾਨ ਕਮਲ ਦੇਵ, ਹਰਪ੍ਰੀਤ ਸਿੰਘ ਬਲਾਕ ਪ੍ਰਧਾਨ ਗੜ੍ਹਸ਼ੰਕਰ, ਸੰਤੋਖ ਸਿੰਘ ਜੁਆਇੰਟ ਸਕੱਤਰ ਸਕੂਲ ਇੰਚਾਰਜ ਮਾਸਟਰ ਸੁਖਦੇਵ ਸਿੰਘ ਅਤੇ ਉਹਨਾਂ ਦੇ ਸਟਾਫ ਮੈਂਬਰ ਹਾਜ਼ਰ ਹੋਏ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਸੁਸਾਇਟੀ ਵੱਲੋਂ 3 ਮਈ ਦਿਨ ਸ਼ਨੀਵਾਰ ਨੂੰ ਸਵੇਰੇ 9 ਤੋਂ ਸਵੇਰੇ 11 ਵਜੇ ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੋਸੀ 'ਚ ਸਕੂਲ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੋਧੀ ਜਾਗਰੂਕ ਕਰਨ ਲਈ ਪੁਲਸ ਅਤੇ ਸਿਹਤ ਪ੍ਰਸ਼ਾਸਨ ਦੇ ਸਹਿਯੋਗ ਨਾਲ ਜਾਗਰੂਕਤਾ ਕੈਂਪ ਲਗਾਇਆ ਜਾ ਰਿਹਾ ਹੈ।ਇਸ ਮੌਕੇ ਸਕੂਲ ਇੰਚਾਰਜ ਮਾਸਟਰ ਸੁਖਦੇਵ ਸਿੰਘ ਨੇ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਦੀ ਸਮੁੱਚੀ ਟੀਮ ਦਾ ਸਕੂਲ ਆਉਣ ਅਤੇ ਆਪਣੇ ਸਕੂਲ 'ਚ 3 ਮਈ ਨਸ਼ਿਆਂ ਵਿਰੋਧੀ ਜਾਗਰੂਕਤਾ ਸੈਮੀਨਾਰ ਆਯੋਜਿਤ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਸੁਖਦੇਵ ਸਿੰਘ ਸਕੂਲ ਇੰਚਾਰਜ, ਮਾਸਟਰ ਕਮਲਜੀਤ ਸਿੰਘ, ਮਾਸਟਰ ਸੁੰਦਰ ਮਨੀਅਮ, ਮਾਸਟਰ ਨਰਿੰਦਰ ਕੁਮਾਰ, ਮਾਸਟਰ ਜਸਵੀਰ ਕੁਮਾਰ, ਮਾਸਟਰ ਦੀਪਕ ਚੌਧਰੀ, ਮਾਸਟਰ ਰਾਜਿੰਦਰ ਸਿੰਘ, ਮਾਸਟਰ ਕ੍ਰਿਸ਼ਨ ਸਿੰਘ,ਮੈਡਮ ਨੀਲਮ ਸੋਨੀ, ਮੈਡਮ ਕਮਲਦੀਪ, ਮੈਡਮ ਪੂਨਮ ਰਾਣੀ, ਮੈਡਮ ਚੰਦਾ ਰਾਣੀ, ਮੈਡਮ ਅਮਨਦੀਪ ਕੌਰ, ਮੈਡਮ ਦਲਵੀਰ ਕੌਰ, ਮੈਡਮ ਕੁਲਵਿੰਦਰ ਕੌਰ, ਮੈਡਮ ਕੁਲਦੀਪ ਕੌਰ, ਜਸਪ੍ਰੀਤ ਬਾਜਵਾ ਵਾਈਸ ਪ੍ਰਧਾਨ ਨਵਾਂਸ਼ਹਿਰ, ਮਲਕੀਤ ਕੌਰ ਜੰਡੀ ਜ਼ਿਲ੍ਹਾ ਸਕੱਤਰ, ਜਸਪ੍ਰੀਤ ਕੌਰ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ ,ਕਮਲਦੇਵ ਵਾਈਸ ਪ੍ਰਧਾਨ ਜ਼ਿਲ੍ਹਾ, ਹਰਪ੍ਰੀਤ ਸਿੰਘ ਬਲਾਕ ਪ੍ਰਧਾਨ ਗੜ੍ਹਸ਼ੰਕਰ, ਸੰਤੋਖ ਸਿੰਘ ਜੁਆਇੰਟ ਸਕੱਤਰ ਬਲਾਕ, ਆਦਿ ਨੇ ਵੀ ਮੀਟਿੰਗ ਵਿੱਚ ਆਪਣੇ ਵਿਚਾਰ ਪ੍ਰਗਟ ਕੀਤੇ।

# ਪੈਨਸ਼ਨਰਜ਼ ਜਥੇਬੰਦੀ ਨੂੰ ਬੈਠਣ ਯੋਗ ਥਾਂ ਦੇਣ ਲਈ ਤਹਿਸੀਲਦਾਰ ਨੂੰ ਯਾਦ ਪੱਤਰ



**ਫ਼ਗਵਾੜਾ (ਜਸਵਿੰਦਰ ਢੱਡਾ)**
ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਦਾ ਇੱਕ ਵਫ਼ਦ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਅਗਵਾਈ ਵਿੱਚ ਤਹਿਸੀਲਦਾਰ ਫ਼ਗਵਾੜਾ ਨੂੰ ਐਸੋਸੀਏਸ਼ਨ ਨੂੰ ਮਾਸਿਕ ਮੀਟਿੰਗ ਕਰਨ ਲਈ ਬੈਠਣ ਯੋਗ ਥਾਂ ਦੇਣ ਬਾਰੇ ਯਾਦ ਪੱਤਰ ਨੰਬਰ ਦੇਣ ਲਈ ਉਹਨਾਂ ਦੇ ਦਫ਼ਤਰ ਵਿਖੇ ਗਿਆ। ਤਹਿਸੀਲਦਾਰ ਗੌਰਵ ਬਾਂਸਲ ਨੂੰ ਯਾਦ ਪੱਤਰ ਨੰਬਰ ਸੌਂਪਦੇ ਹੋਏ ਐਸੋਸੀਏਸ਼ਨ ਦਾ ਰੋਸ ਵੀ ਜ਼ਾਹਰ ਕੀਤਾ ਕਿ ਐਸੋਸੀਏਸ਼ਨ ਫ਼ਗਵਾੜਾ ਨੂੰ ਮਾਸਿਕ ਮੀਟਿੰਗ ਕਰਨ ਲਈ ਬੈਠਣ ਯੋਗ ਕੋਈ ਥਾਂ ਦੇਣ ਬਾਰੇ ਐੱਸ ਡੀ ਐੱਮ ਫ਼ਗਵਾੜਾ ਨੂੰ ਬੇਨਤੀ ਪੱਤਰ 20 ਫਰਬਰੀ 2024 ਨੂੰ ਦਿੱਤਾ ਸੀ। ਉਹਨਾਂ ਨੇ ਆਪਣੇ ਦਫ਼ਤਰ ਦੇ ਪੱਤਰ ਨੰਬਰ 66/ਸ ਪ ਮਿਤੀ:- 22/02/2024 ਰਾਹੀਂ ਭੇਜਿਆ ਪੱਤਰ ਆਪ ਦੇ ਦਫ਼ਤਰ ਦੇ ਡਾਇਰੀ ਨੰਬਰ:-,766 ਮਿਤੀ:- 26/02/2024 ਅਨੁਸਾਰ ਦਰਜ਼ ਹੈ।ਪਰ ਬਹੁਤ ਹੀ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਤਹਿਸੀਲ ਦਫ਼ਤਰ ਫ਼ਗਵਾੜਾ ਵਲੋਂ ਕੋਈ ਵੀ ਯੋਗ ਕਾਰਵਾਈ ਕਰਦੇ ਹੋਏ ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ ਨੂੰ ਕੋਈ ਵੀ ਲਿਖਤੀ ਜਵਾਬ ਨਹੀਂ ਭੇਜਿਆ ਗਿਆ। ਮੌਕੇ 'ਤੇ ਮੌਜੂਦ ਤਹਿਸੀਲਦਾਰ ਗੌਰਵ ਬਾਂਸਲ ਨੇ ਕਿਹਾ ਕਿ ਮੈਂ ਤਾਂ ਬਦਲੀ ਅਧੀਨ ਹਾਂ, ਪੱਤਰ 'ਤੇ ਅਗਲੀ ਯੋਗ ਕਾਰਵਾਈ ਆਉਣ ਵਾਲੇ ਨਵੇਂ ਤਹਿਸੀਲਦਾਰ ਹੀ ਕਰਨਗੇ ਪਰ ਐਸੋਸੀਏਸ਼ਨ ਵੱਲੋਂ ਦਿੱਤਾ ਯਾਦ ਪੱਤਰ ਨੰਬਰ ਦਫ਼ਤਰ ਸੁਪਰਡੈਂਟ ਸਾਹਿਬ ਨੂੰ ਪੁੱਜਦਾ ਕਰ ਦਿੱਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਹੁਣ ਦੇਖਦੇ ਹਾਂ ਕਿ ਭਵਿੱਖ ਵਿੱਚ ਤਹਿਸੀਲ ਦਫ਼ਤਰ ਫ਼ਗਵਾੜਾ ਵਲੋਂ ਐਸੋਸੀਏਸ਼ਨ ਵੱਲੋਂ ਦਿੱਤੇ ਗਏ ਯਾਦ ਪੱਤਰ ਨੰਬਰ 'ਤੇ ਯੋਗ ਕਾਰਵਾਈ ਕਰਦੇ ਹੋਏ ਐਸੋਸੀਏਸ਼ਨ ਨੂੰ ਕੋਈ ਲਿਖਤੀ ਜਵਾਬ ਦਿੱਤਾ ਜਾਂਦਾ ਹੈ ਕਿ ਨਹੀਂ। ਵਫ਼ਦ ਵਿੱਚ ਪ੍ਰਧਾਨ ਮੋਹਣ ਸਿੰਘ ਭੱਟੀ, ਸੀਨੀਅਰ ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ, ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ, ਪ੍ਰੈੱਸ ਸਕੱਤਰ ਸੀਤਲ ਰਾਮ ਬੰਗਾ, ਜੁਆਇੰਟ ਸਕੱਤਰ ਸਤਪਾਲ ਸਿੰਘ ਖੱਟਕੜ, ਜਥੇਬੰਦਕ ਸਕੱਤਰ ਨਿਰਮੋਲਕ ਸਿੰਘ ਹੀਰਾ, ਕਮੇਟੀ ਮੈਂਬਰ ਕੇ ਕੇ ਪਾਂਡੇ ਅਤੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਆਦਿ ਸ਼ਾਮਲ ਸਨ।

# ਡਾ. ਭੀਮ ਰਾਓ ਅੰਬੇਡਕਰ ਦੀ ਜੀਵਨੀ ਤੇ ਵਿਚਾਰਧਾਰਾ ਬਾਰੇ ਵਿਸ਼ੇਸ਼ ਭਾਸ਼ਣ



**ਮਾਹਿਲਪੁਰ, (ਸ.ਫ਼ਰੀ)**-ਇਥੋਂ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਦੇ ਨਿਰਦੇਸ਼ਾਂ ਅਧੀਨ ਕਰਵਾਈ ਜਾ ਰਹੀ ਵਿਸ਼ੇਸ਼ ਲੈਕਚਰ ਲੜੀ ਦੌਰਾਨ ਇਤਿਹਾਸ ਵਿਭਾਗ ਦੇ ਮੁਖੀ ਡਾ ਦੇਵ ਕੁਮਾਰ ਵੱਲੋਂ ਡਾਕਟਰ ਭੀਮ ਰਾਓ ਅੰਬੇਦਕਰ ਜੀਵਨੀ ਅਤੇ ਵਿਚਾਰਧਾਰਾ ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਦਿੱਤਾ ਗਿਆ। ਇਸ ਮੌਕੇ ਡਾ. ਦੇਵ ਕੁਮਾਰ ਨੇ ਡਾ ਭੀਮ ਰਾਓ ਅੰਬੇਡਕਰ ਦੇ ਸਮੇਂ ਭਾਰਤੀ ਸਮਾਜ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਦਸ਼ਾ ਬਾਰੇ ਵਿਚਾਰ ਪੇਸ਼ ਕੀਤੇ।ਉਨ੍ਹਾਂ ਡਾ ਅੰਬੇਡਕਰ ਦੇ ਬਚਪਨ, ਸਿੱਖਿਆ ਅਤੇ ਸੰਘਰਸ਼ਸ਼ੀਲ ਜੀਵਨ ਦੀਆਂ ਮਿਸਾਲਾਂ ਦੇ ਕੇ ਉਨ੍ਹਾਂ ਵੱਲੋਂ ਸੰਵਿਧਾਨ ਦੇ ਨਿਰਮਾਣ ਵਿੱਚ ਪਾਏ ਜਾ ਰਹੇ ਯੋਗਦਾਨ ਬਾਰੇ ਵਿਚਾਰ ਪੇਸ਼ ਕੀਤੇ।ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਸਿਰਫ ਦਲਿਤਾਂ ਦੇ ਮਸੀਹਾ ਨਹੀਂ ਸਨ ਸਗੋਂ ਉਹ ਸਮੁੱਚੀ ਮਾਨਵਤਾ ਦੇ ਮਾਰਗ ਦਰਸ਼ਕ ਸਨ।ਇਸ ਮੌਕੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਨੇ ਕਿਹਾ ਕਿ ਮਹਾਨ ਆਗੂਆਂ ਦੇ ਜੀਵਨ ਸੰਘਰਸ਼ ਤੋਂ ਵੱਧ ਤੋਂ ਵੱਧ ਸਿੱਖ ਕੇ ਹੀ ਚੰਗੇ ਸਮਾਜ ਦੀ ਸਥਾਪਨਾ ਦਾ ਸੁਪਨਾ ਪੂਰਾ ਕੀਤਾ ਜਾ ਸਕਦਾ ਹੈ।ਇਸ ਮੌਕੇ ਪ੍ਰਿੰਸੀਪਲ ਡਾ ਪਰਵਿੰਦਰ ਸਿੰਘ ਅਤੇ ਸਟਾਫ ਵੱਲੋਂ ਡਾ. ਦੇਵ ਕੁਮਾਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਪੰਜਾਬ ਐਤਕੀਂ ਕੇਂਦਰੀ ਪੂਲ 'ਚ 124 ਲੱਖ ਮੀਟਰਕ ਟਨ ਕਣਕ ਦਾ ਯੋਗਦਾਨ ਪਾਵੇਗਾ : ਕਟਾਰੂਚੱਕ

## ● ਹਰੇਕ ਕਿਸਾਨ ਦੀ ਫਸਲ ਦੇ ਨੁਕਸਾਨ ਦੀ ਕੀਤੀ ਜਾਵੇਗੀ ਭਰਪਾਈ



**ਮੋਗਾ (ਇਕਬਾਲ ਸਿੰਘ ਖਹਿਰਾ)**- ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸੂਬੇ ਵਿੱਚ ਇਸ ਸੀਜ਼ਨ ਦੌਰਾਨ ਕਣਕ ਦੀ ਚੋਖੀ ਫਸਲ ਹੋਈ ਹੈ, ਇਸ ਵਾਰ ਪੰਜਾਬ ਕੇਂਦਰੀ ਪੂਲ ਵਿੱਚ 124 ਲੱਖ ਮੀਟਰਕ ਟਨ ਕਣਕ ਦਾ ਯੋਗਦਾਨ ਪਾਵੇਗਾ। ਸੂਬਾ ਇਹ ਟੀਚਾ ਨਿਰਵਿਘਨ ਪ੍ਰਾਪਤ ਕਰਨ ਲਈ ਆਸਵੰਦ ਹੈ। ਕੈਬਨਿਟ ਮੰਤਰੀ ਨੇ ਭਰੋਸਾ ਦਿਵਾਇਆ ਕਿ ਕਿਸਾਨਾਂ ਦੇ ਹਰ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਵੱਲੋਂ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਹਿਲਾਂ ਹੀ ਡਿਪਟੀ ਕਮਿਸ਼ਨਰਾਂ ਨੂੰ ਹਾਲ ਹੀ ਵਿੱਚ ਆਈ ਹਨੇਰੀ, ਸ਼ਾਰਟ ਸਰਕਟ ਤੇ ਗੜੇਮਾਰੀ ਕਾਰਨ ਫਸਲਾਂ ਨੂੰ ਹੋਏ ਨੁਕਸਾਨ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਮੋਗਾ ਡਾ. ਅਮਨਦੀਪ ਕੌਰ ਅਰੋੜਾ, ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ ਤੇ ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਨਿਹਾਲ ਸਿੰਘ ਵਾਲਾ ਚੱਲ ਰਹੀ ਖਰੀਦ ਦਾ ਜਾਇਜ਼ਾ ਲੈਂਦੇ ਹੋਏ ਉਨ੍ਹਾਂ ਕਿਹਾ ਕਿ ਹੁਣ ਤੱਕ ਪੰਜਾਬ ਭਰ ਦੀਆਂ ਮੰਡੀਆਂ ਵਿੱਚ 49 ਲੱਖ ਮੀਟਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚੋਂ 44.50 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕਰ ਲਈ ਗਈ ਹੈ ਅਤੇ ਕਿਸਾਨਾਂ ਦੇ ਖਾਤਿਆਂ ਵਿੱਚ 5573 ਕਰੋੜ ਰੁਪਏ ਦੀ ਅਦਾਇਗੀ ਹੋ ਚੁੱਕੀ ਹੈ।ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਚੱਲ ਰਹੀ ਖਰੀਦ ਦਾ ਨਿਰੀਖਣ ਕਰਨ ਲਈ ਸੂਬੇ ਦੀਆਂ ਮੰਡੀਆਂ ਦਾ ਦੌਰਾ ਕਰਦਿਆਂ ਪਾਇਆ ਕਿ ਫਸਲ ਦੀ ਖਰੀਦ ਸੁਚਾਰੂ ਢੰਗ ਨਾਲ ਹੋ ਰਹੀ ਹੈ, ਕਿਉਂਕਿ ਸੂਬਾ ਸਰਕਾਰ ਨੇ ਵਿਸਤ੍ਰਿਤ ਪ੍ਰਬੰਧ ਯਕੀਨੀ ਬਣਾਏ ਹਨ।ਉਨ੍ਹਾਂ ਕਿਹਾ ਕਿ ਸੁਚਾਰੂ ਖਰੀਦ ਪ੍ਰਕਿਰਿਆ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ 1864 ਖਰੀਦ ਕੇਂਦਰ ਬਣਾਏ ਗਏ ਹਨ।ਪੂਰੇ ਸੀਜ਼ਨ ਦੌਰਾਨ ਮੰਡੀਆਂ ਵਿੱਚ 8 ਲੱਖ ਕਿਸਾਨਾਂ ਨੇ ਜਿਣਸ ਲੈ ਕੇ ਆਉਣਾ ਹੈ।ਹੁਣ ਤੱਕ 1.5 ਲੱਖ ਕਿਸਾਨ ਆ ਚੁੱਕੇ ਹਨ।ਕਿਸਾਨ ਖੁਸ਼ ਖੁਸ਼ ਮੰਡੀਆਂ ਵਿੱਚੋਂ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਲੋਡਿੰਗ ਵਾਲੇ ਮਜ਼ਦੂਰਾਂ ਲਈ 10 ਹਜ਼ਾਰ ਕਰੋੜ ਰੁਪਏ ਇਜ਼ਾਫਾ ਕੀਤਾ ਗਿਆ ਹੈ।ਮਜ਼ਦੂਰਾਂ ਦੇ ਰੇਟ ਰੇਵਾਈਜ਼ ਕੀਤੇ ਹਨ। ਕਿਸਾਨਾਂ ਨੂੰ ਭੁਗਤਾਨ ਦਾ ਹਵਾਲਾ ਦਿੰਦੇ ਹੋਏ, ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਰਾਜ ਸਰਕਾਰ ਖਰੀਦ ਤੋਂ 24 ਘੰਟਿਆਂ ਦੇ ਅੰਦਰ-ਅੰਦਰ ਭੁਗਤਾਨ ਕਰ ਰਹੀ ਹੈ ਤੇ ਫਸਲ ਦੀ ਚੁਕਾਈ ਵਿੱਚ ਕੋਈ ਦੇਰੀ ਨਹੀਂ ਹੋ ਰਹੀ। ਪੰਜਾਬ ਸਰਕਾਰ ਨੂੰ 28894 ਰੁਪਏ ਦੀ ਨਕਦ ਕ੍ਰੈਡਿਟ ਸੀਮਾ ਪ੍ਰਾਪਤ ਹੋਈ ਹੈ ਤੇ ਭੁਗਤਾਨ ਵਿੱਚ ਕੋਈ ਦੇਰੀ ਨਹੀਂ ਹੋਵੇਗੀ।ਮੋਗਾ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਫਸਲ ਦੀ ਆਮਦ ਬਾਰੇ ਬੋਲਦਿਆਂ ਮੰਤਰੀ ਨੇ ਕਿਹਾ ਕਿ ਅੱਜ ਤੱਕ 266442 ਮੀਟਰਕ ਟਨ ਕਣਕ ਪਹੁੰਚੀ ਹੈ, ਜਿਸ ਵਿੱਚੋਂ ਲਗਭਗ 202997 ਮੀਟਰਕ ਟਨ ਖਰੀਦੀ ਗਈ ਹੈ ਤੇ 270.79 ਕਰੋੜ ਰੁਪਏ ਦੀ ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿੱਚ ਕੀਤੀ ਗਈ ਹੈ।

# ਵਿਧਾਇਕਾ ਭਰਾਜ ਵੱਲੋਂ ਕੰਨਿਆ ਸਕੂਲ 'ਚ ਵਿਕਾਸ ਕਾਰਜਾਂ ਦਾ ਉਦਘਾਟਨ



**ਸੰਗਰੂਰ (ਪ੍ਰਵੀਨ ਸਿੰਘ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕਾ ਸੰਗਰੂਰ ਤੋਂ ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਵਿਖੇ ਨਵੇਂ ਕਰਵਾਏ ਵਿਕਾਸ ਕਾਰਜ ਲੋਕ ਅਰਪਿਤ ਕੀਤੇ। ਇਨ੍ਹਾਂ ਕੰਮਾਂ ਵਿੱਚ ਇੰਟਰਲਾਕ ਟਾਇਲਾਂ ਲਗਾਉਣ, ਸ਼ੈੱਡ ਦੀ ਮੁਰੰਮਤ ਤੇ ਬੁਨਿਆਦੀ ਢਾਂਚੇ ਦੇ ਸੁਧਾਰ ਤੇ ਹੋਰ ਕੰਮ ਸ਼ਾਮਲ ਹਨ। ਇਸ ਮੌਕੇ ਵਿਧਾਇਕਾ ਨੇ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਸਿਰਫ਼ ਇਕ ਮੁਹਿੰਮ ਹੀ ਨਹੀਂ, ਨਵੀਂ ਪੀੜ੍ਹੀ ਲਈ ਸੁਨਹਿਰੀ ਭਵਿੱਖ ਦੀ ਸਿਰਜਣਾ ਕਰਨ ਵਾਲੀ ਪਹਿਲ ਕਦਮੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਨੂੰ ਆਧੁਨਿਕ ਬੁਨਿਆਦੀ ਢਾਂਚੇ ਨਾਲ ਲੈਸ ਕੀਤਾ ਜਾ ਰਿਹਾ ਹੈ, ਜਿਸ ਵਿੱਚ ਪੀਣ ਯੋਗ ਪਾਣੀ, ਹਾਈ ਸਪੀਡ ਵਾਈਫ਼ਾਈ ਕੁਨੈਕਸ਼ਨ, ਲੜਕੀਆਂ ਤੇ ਲੜਕਿਆਂ ਲਈ ਵੱਖ ਵੱਖ ਪਖਾਨੇ, ਡੈਸਕ ਤੇ ਕੁਰਸੀਆਂ, ਚਾਰਦੀਵਾਰੀ ਤੇ ਸੁਰੱਖਿਆ ਦੀਆਂ ਹੋਰ ਸਹੂਲਤਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਨਮੂਨੇ ਦਾ ਬਣਾਉਣ ਵਿੱਚ ਕੋਈ ਵੀ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮਨਜੀਤ ਕੌਰ, ਸਕੂਲ ਪ੍ਰਿੰਸੀਪਲ ਤੇ ਸਟਾਫ਼ ਸਮੇਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

# ਕਾਰ ਤੇ ਬਲੈਰੋ ਦੀ ਟੱਕਰ 'ਚ 6 ਜ਼ਖਮੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਕੁੱਲਗੜ੍ਹੀ ਵਿਖੇ ਕਾਰ ਤੇ ਬਲੈਰੋ ਗੱਡੀ ਦੀ ਟੱਕਰ 'ਚ 2 ਔਰਤਾਂ ਸਮੇਤ 6 ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸੰਬਧੀ ਥਿਾਣਾ ਕੁੱਲਗੜ੍ਹੀ ਪੁਲਸ ਨੇ ਅਣਪਛਾਤੇ ਗੱਡੀ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਬਖਸ਼ੀਸ਼ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਹਸਤਾ ਕਲਾਂ ਫਾਜ਼ਿਲਕਾ ਨੇ ਦੱਸਿਆ ਕਿ 12 ਅਪ੍ਰੈਲ 2025 ਨੂੰ ਉਹ ਤੇ ਉਸ ਦੇ ਰਿਸ਼ਤੇਦਾਰ ਕੁਲਦੀਪ ਸਿੰਘ ਪੁੱਤਰ ਪ੍ਰੇਮ ਸਿੰਘ, ਹਰਮਨਦੀਪ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀਅਨ ਖੈਰੂਵਾਲ ਥਾਣਾ ਮਟੀਲੀ (ਸ਼ਾਦੂਲ ਸ਼ਹਿਰ) ਰਾਜਸਥਾਨ, ਕਿਰਨਜੀਤ ਪਤਨੀ ਗੁਰਦੀਪ ਸਿੰਘ ਵਾਸੀ ਚਰਾਗ ਢਾਣੀ, ਮਨੀਸ਼ਾ ਰਾਣੀ ਪੁੱਤਰੀ ਗੁਰਭੇਜ ਸਿੰਘ ਵਾਸੀ ਫਰਵਾਂ ਵਾਲਾ ਥਾਣਾ ਅਰਨੀਵਾਲਾ, ਅਰਮਾਨਦੀਪ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਕਨੇਰੀਆ ਥਾਣਾ ਅਰਨੀਵਾਲਾ ਆਪਣੀ ਗੱਡੀ ਨੰਬਰ ਪੀਬੀ 22 ਵਾਈ 0374 ਮੋਬੀਲੀਓ ਹਾਂਡਾ 'ਤੇ ਸਵਾਰ ਹੋ ਕੇ ਹਰੀਕੇ ਪੱਤਣ ਤੋਂ ਫੁੱਲ ਤਾਰ ਕੇ ਵਾਪਸ ਆ ਰਹੇ ਸੀ ਤਾਂ ਜਦੋਂ ਉਹ ਪਿੰਡ ਕੁੱਲਗੜ੍ਹੀ ਪਾਸ ਪੁੱਜੇ ਤਾਂ ਅੱਗੇ ਤੋਂ ਇਕ ਬਲੈਰੋ ਪਿਕਅੱਪ ਜਿਸ 'ਤੇ ਦੁੱਧ ਵਾਲੀ ਟੈਂਕੀ ਫਿੱਟ ਕੀਤੀ ਹੋਈ, ਜਿਸ ਦਾ ਨੰਬਰ ਪੀਬੀ 10 ਸੀਐੱਚ 0993 ਹੈ, ਤੇਜ਼ ਰਫਤਾਰ ਨਾਲ ਆਉਂਦੀ ਦੇਖੀ ਤਾਂ ਉਹ ਆਪਣੀ ਗੱਡੀ ਆਪਣੇ ਹੱਥ ਹੀ ਸੜਕ ਦੇ ਕਿਨਾਰੇ ਕੱਚੇ 'ਤੇ ਉਤਾਰ ਦਿੱਤੀ, ਜੋ ਬਲੈਰੋ ਗੱਡੀ ਦੇ ਡਰਾਈਵਰ ਨੇ ਫਿਰ ਵੀ ਲਾਪ੍ਰਵਾਹੀ ਨਾਲ ਦੂਸਰੀ ਸਾਈਡ ਲਿਆ ਕੇ ਉਨ੍ਹਾਂ ਦੀ ਗੱਡੀ ਵਿਚ ਮਾਰੀ, ਜਿਸ ਕਰਕੇ ਉਨ੍ਹਾਂ ਦੇ ਕਾਫੀ ਸੱਟਾਂ ਲੱਗ ਗਈਆਂ ਤੇ ਉਸ ਦੀ ਗੱਡੀ ਦਾ ਵੀ ਨੁਕਸਾਨ ਹੋ ਗਿਆ। ਬਖਸ਼ੀਸ਼ ਸਿੰਘ ਨੇ ਦੱਸਿਆ ਕਿ ਦੌਰਾਨੇ ਇਲਾਜ ਉਸ ਨੂੰ ਮੋਬਾਇਲ ਨੰਬਰ 62845-58216 ਤੋਂ ਗੱਡੀ ਚਾਲਕ ਦੇ ਦੋਸਤ ਦਾ ਫੋਨ ਆਇਆ, ਜਿਸ ਨੇ ਕਿਹਾ ਕਿ ਅਸੀਂ ਤੁਹਾਡਾ ਜੋ ਨੁਕਸਾਨ ਹੋਇਆ ਹੈ, ਭਰ ਦਿੰਦੇ ਹਾਂ ਅਤੇ ਰਾਜ਼ੀਨਾਮਾ ਕਰ ਲੈਂਦੇ ਹਾਂ, ਪਰ ਬਾਅਦ ਵਿਚ ਉਹ ਰਾਜ਼ੀਨਾਮੇ ਤੋਂ ਮੁਕਰ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਤਰਸੇਮ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਗੱਡੀ ਚਲਾਕ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸ਼ਹਿਰ ਵਾਸੀਆਂ ਨੂੰ ਮਿਲੇਗੀ ਇੱਕ ਦਿਨ ਛੱਡ ਕੇ ਪਾਣੀ ਦੀ ਸਪਲਾਈ

**ਮਲੋਟ (ਗੁਰਮੀਤ ਸਿੰਘ ਮੱਕੜ)** : ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਮਲੋਟ ਵੱਲੋਂ ਪੀਣ ਵਾਲੇ ਪਾਣੀ ਦੀ ਸਪਲਾਈ ਇੱਕ ਦਿਨ ਛੱਡ ਕੇ ਦਿੱਤੀ ਜਾਵੇਗੀ। ਇਸ ਸੰਬਧੀ



ਜਾਣਕਾਰੀ ਦਿੰਦੇ ਹੋਏ ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ ਨੇ ਦੱਸਿਆ ਕਿ ਪਿਛਲੇ ਕੁੱਝ ਦਿਨਾਂ ਤੋਂ ਸਰਹਿੰਦ ਫੀਡਰ ਨਹਿਰ ਵਿਚ ਕਾਫ਼ੀ ਕਾਲਾ ਪਾਣੀ ਆ ਰਿਹਾ ਹੈ ਤੇ ਇਹ ਪਾਣੀ ਸੋਧੇ ਜਾਣ ਦੇ ਬਾਵਜੂਦ ਇਸ ਦੇ ਸਵਾਦ ਤੇ ਰੰਗ ਵਿੱਚ ਸੁਧਾਰ ਨਹੀਂ ਹੋ ਰਿਹਾ ਹੈ, ਇਸ ਲਈ ਕਿਸੇ ਵੀ ਹੰਗਾਮੀ ਹਾਲਾਤ ਤੋਂ ਬਚਣ ਹਿਤ 30 ਅਪ੍ਰੈਲ ਜਾਂ ਨਹਿਰ ਵਿਚ ਸਾਫ਼ ਪਾਣੀ ਆਉਣ ਤੱਕ ਪੀਣ ਵਾਲੇ ਪਾਣੀ ਦੀ ਸਪਲਾਈ ਨਹਿਰੀ ਪਾਣੀ ਦੀ ਬਜਾਏ ਵਾਟਰ ਵਰਕਸ 'ਤੇ ਉਪਲੱਬਧ ਜ਼ਮੀਨੀ ਪਾਣੀ ਨੂੰ ਸੋਧ ਕੇ ਇੱਕ ਦਿਨ ਛੱਡ ਕੇ ਦਿੱਤੀ ਜਾਵੇਗੀ। ਇਸ ਮੌਕੇ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਵਿਭਾਗ ਨੂੰ ਸਹਿਯੋਗ ਦਿੰਦੇ ਹੋਏ ਪੀਣ ਵਾਲੇ ਪਾਣੀ ਦੀ ਵਰਤੋਂ ਸੰਕੋਚ ਨਾਲ ਕਰਨ।

# ਕੌਮਾਂਤਰੀ ਮਜ਼ਦੂਰ ਦਿਵਸ ਸੰਬੰਧੀ ਸਾਂਝੇ ਮਜ਼ਦੂਰ ਮੋਰਚੇ ਵੱਲੋਂ ਪਿੰਡਾਂ 'ਚ ਮੀਟਿੰਗਾਂ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਇਕ ਮਈ ਨੂੰ ਮਹਿਲ ਕਲਾਂ ਵਿਖੇ ਮਨਾਏ ਜਾ ਰਹੇ ਕੌਮਾਂਤਰੀ ਮਜ਼ਦੂਰ ਦਿਵਸ ਦੀਆਂ ਤਿਆਰੀਆਂ ਸਬੰਧੀ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ, ਜਨਰਲ ਸਕੱਤਰ ਹੈਪੀ ਸਿੰਘ ਛੀਨੀਵਾਲ, ਮੀਤ ਪ੍ਰਧਾਨ ਸਾਧੂ ਸਿੰਘ, ਮਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਖੁਸ਼ੀਆ ਸਿੰਘ, ਮੀਤ ਪ੍ਰਧਾਨ ਕੌਰ ਸਿੰਘ ਕਲਾਲ ਮਾਜਰਾ ਦੀ ਅਗਵਾਈ ਪਿੰਡ ਕਲਾਲ ਮਾਜਰਾ, ਕ੍ਰਿਪਾਲ ਸਿੰਘ ਵਾਲਾ, ਧਨੇਰ, ਮੂੰਮ, ਛੀਨੀਵਾਲ ਕਲਾਂ ਆਦਿ ਪਿੰਡਾਂ ਅੰਦਰ ਮੀਟਿੰਗਾਂ ਕਰਵਾ ਕੇ ਮਜ਼ਦੂਰ ਵਰਗ ਨੂੰ ਆਪਣੇ ਹੱਕਾਂ ਲਈ ਲਾਮਬੰਦ ਕੀਤਾ ਗਿਆ।ਵੱਖ ਵੱਖ ਥਾਵਾਂ 'ਤੇ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਰੁਜ਼ਗਾਰ ਗਰੰਟੀ ਐਕਟ 2005 ਦੀ ਮਨਰੇਗਾ ਰੁਜ਼ਗਾਰ ਕਾਰਡ ਧਾਰੀਆਂ ਨੂੰ ਰੁਜ਼ਗਾਰ ਦੇਣ ਵਾਸਤੇ ਹਰ ਸਾਲ ਕੰਮਾਂ ਦੇ ਪ੍ਰੋਜੈਕਟ ਤੇ ਮਨਰੇਗਾ ਦੇ ਫੰਡਾਂ ਨੂੰ ਘਟਾਇਆ ਜਾ ਰਿਹਾ ਹੈ, ਜਦੋਂ ਕਿ ਹਰ ਸਾਲ ਮਨਰੇਗਾ ਰੁਜ਼ਗਾਰ ਕਾਰਡ ਧਾਰੀਆਂ ਦੀ ਗਿਣਤੀ ਵੱਧ ਰਹੀ ਹੈ।ਮਨਰੇਗਾ ਮਜ਼ਦੂਰਾਂ ਦੀ ਹਾਜ਼ਰੀ ਲਾਉਣ ਵੇਲੇ ਨਵਾਂ ਜੀਓ ਟੈਗ ਸਿਸਟਮ ਲਾਗੂ ਕਰਕੇ ਕੰਮ ਕਿਤੇ ਹੋਰ ਤੇ ਹਾਜ਼ਰੀ ਕਿਤੇ ਹੋਰ ਕਈ ਮੀਲ ਦੂਰ ਜਾ ਕੇ ਲਗਾਉਣੀ ਪੈਂਦੀ ਹੈ, ਜਿਸ ਨਾਲ ਮਜ਼ਦੂਰਾਂ ਦੀਆਂ ਮੁਸ਼ਕਲਾਂ 'ਚ ਵਾਧਾ ਹੋਇਆ ਹੈ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ 11 ਸਾਲ ਦੇ ਰਾਜ ਦੇ ਦੌਰਾਨ, ਮਨਰੇਗਾ ਮਜ਼ਦੂਰਾਂ ਦੇ ਰੁਜ਼ਗਾਰ ਦੇ ਦਿਨਾਂ ਵਿੱਚ ਕੋਈ ਵਾਧਾ ਨਹੀਂ ਕੀਤਾ ਨਾ ਹੀ ਮਹਿੰਗਾਈ ਦਰ ਵਾਧੇ ਅਨੁਸਾਰ ਦਿਹਾੜੀ ਵਿੱਚ ਵਾਧਾ ਕੀਤਾ ਗਿਆ ਹੈ।ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਇੱਕ ਮਈ ਦੇ ਕੌਮਾਂਤਰੀ ਮਜ਼ਦੂਰ ਦਿਹਾੜਾ ਬੀ.ਡੀ.ਪੀ.ਓ. ਦਫ਼ਤਰ ਮਹਿਲ ਕਲਾਂ [illegible] ਬਲਾਕ ਮਹਿਲ ਕਲਾਂ ਦੇ ਮਨਰੇਗਾ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਇੱਕ ਮਈ ਨੂੰ ਪਰਵਾਰਾਂ ਸਮੇਤ ਕਾਫਲੇ ਬੰਨ੍ਹ ਕੇ ਬੀ ਡੀ ਪੀ ਓ ਕੰਪਲੈਕਸ ਮਹਿਲ ਕਲਾਂ ਪਹੁੰਚਣ।

# ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਦਾ ਵਫਦ ਸੁਪਰਡੈਂਟ ਨੂੰ ਮਿਲਿਆ



**ਜਲਾਲਾਬਾਦ (ਜੀਤ ਕੁਮਾਰ)**- ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਦੇ ਅਧੀਨ ਚੱਲ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ ਤੇ ਫੀਲਡ ਅਤੇ ਦਫ਼ਤਰ ਵਿੱਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਦੀ ਮਾਰਚ ਮਹੀਨੇ ਦੀ ਰੁਕੀ ਤਨਖਾਹ ਦੇ ਮਸਲੇ ਨੂੰ ਲੈ ਕੇ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸਰਕਲ ਸਕੱਤਰ ਜਸਵਿੰਦਰ ਸਿੰਘ ਢੱਕ ਜਾਨੀਸਰ ਤੇ ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸਿੰਘ ਨੂਰ ਸਮੰਦ ਦੀ ਅਗਵਾਈ ਹੇਠ ਯੂਨੀਅਨ ਦਾ ਵਫ਼ਦ ਜਲ ਸਪਲਾਈ ਤੇ ਸੈਨੀਟੇਸ਼ਨ ਮੰਡਲ ਦਫ਼ਤਰ ਫਾਜ਼ਿਲਕਾ ਵਿਖੇ ਸੁਪਰਡੈਂਟ ਨੂੰ ਮਿਲਿਆ। [illegible] ਵੱਲੋਂ ਭਵਿੱਖ ਵਿੱਚ ਮਹੀਨੇ ਦੇ ਪਹਿਲੇ ਹਫਤੇ ਤਨਖਾਹ ਜਾਰੀ ਕਰਵਾਉਣ ਦਾ ਭਰੋਸਾ ਦਿੱਤਾ ਗਿਆ, ਜਿਸ ਸਬੰਧ ਵਿੱਚ ਵਰਕਰਾਂ ਦੇ ਬਿੱਲ ਹਰ ਮਹੀਨੇ ਦੀ ਪਹਿਲੀ ਤਾਰੀਖ ਤੱਕ ਭੇਜਣ ਲਈ ਸਬ ਡਵੀਜ਼ਨ ਦਫ਼ਤਰ ਜਲਾਲਾਬਾਦ ਨੂੰ ਚਿੱਠੀ ਜਾਰੀ ਕਰਨ ਦਾ ਵੀ ਵਾਅਦਾ ਕੀਤਾ ਗਿਆ ਤਾਂ ਜੋ ਭਵਿੱਖ ਵਿੱਚ ਇਹੋ ਜਿਹੀ ਮੁਸ਼ਕਲ ਨਾ ਆ ਸਕੇ। [illegible] ਜਲ ਸਪਲਾਈ ਸਕੀਮਾਂ 'ਤੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਰੈਗੂਲਰ ਮੁਲਾਜਮਾਂ ਦੀ ਤਰ੍ਹਾਂ ਹੀ ਜਲ ਘਰਾਂ ਤੋਂ ਲੋਕਾਂ ਨੂੰ ਪਾਣੀ ਦੇਣਾ, ਬਿੱਲ ਇਕੱਠੇ ਕਰਨਾ, ਪਾਣੀ ਸੈਂਪਲ ਦਫ਼ਤਰ ਪਹੁੰਚਾਉਣਾ, ਲੀਕੇਜ ਲਗਾਉਣਾ ਆਦਿ ਕਈ ਤਰ੍ਹਾਂ ਦੇ ਕੰਮ ਕਰਵਾਏ ਜਾਂਦੇ ਹਨ, [illegible] ਰੁਜ਼ਗਾਰ ਕਰਨ ਦੀ ਮੰਗ ਦਾ ਹੱਲ ਨਹੀਂ ਹੋ ਸਕਦਾ, ਉਦੋਂ ਤੱਕ ਜਥੇਬੰਦੀ ਦੁਆਰਾ ਭਵਿੱਖ ਵਿੱਚ ਉਲੀਕੇ ਜਾਣ ਵਾਲੇ ਹਰੇਕ ਪ੍ਰੋਗਰਾਮ ਨੂੰ ਲਾਗੂ ਕੀਤੇ ਜਾਣਗੇ।

# ਮਾਲਵਾ ਲਿਖਾਰੀ ਸਭਾ ਦੀ ਇਕੱਤਰਤਾ

**ਸੰਗਰੂਰ (ਪ੍ਰਵੀਨ ਸਿੰਘ)**- ਮਾਲਵਾ ਲਿਖਾਰੀ ਸਭਾ ਸੰਗਰੂਰ ਦੀ ਵਿਸ਼ੇਸ਼ ਇਕੱਤਰਤਾ ਕਰਮ ਸਿੰਘ ਜ਼ਖ਼ਮੀ ਦੀ ਪ੍ਰਧਾਨਗੀ ਹੇਠ [illegible] ਜੰਭੇਸ਼ਵਰ ਯੂਨੀਵਰਸਿਟੀ, ਹਿਸਾਰ ਨਾਲ ਸਾਹਿਤਕ ਮਿਲਣੀ ਕਰਵਾਈ ਜਾਵੇਗੀ। ਸਮਾਗਮ ਵਿੱਚ ਕਰਮ ਸਿੰਘ ਜ਼ਖਮੀ, ਰਜਿੰਦਰ ਸਿੰਘ ਰਾਜਨ, ਬਹਾਦਰ ਸਿੰਘ ਧੌਲਾ, ਪਵਨ ਕੁਮਾਰ, ਸੁਖਵਿੰਦਰ ਸਿੰਘ ਲੋਟੇ, ਲਾਭ ਸਿੰਘ ਝਮਟ, ਬੱਲੀ ਬਲਜਿੰਦਰ ਈਲਵਾਲ, ਸੁਰਜੀਤ ਸਿੰਘ ਮੌਜੀ, ਸਰਬਜੀਤ ਸੰਗਰੂਰਵੀ, ਧਰਮਵੀਰ ਸਿੰਘ, ਕ੍ਰਿਸ਼ਨ ਗੋਪਾਲ ਤੇ ਰਾਜਦੀਪ ਸਿੰਘ ਨੇ ਹਿੱਸਾ ਲਿਆ।

# ਮਨਜੀਤ ਸਿੰਘ ਮਹਿਲ ਖ਼ੁਰਦ ਸੋਨੀਆ ਗਾਂਧੀ ਬ੍ਰਿਗੇਡ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**- ਕਾਂਗਰਸ ਪਾਰਟੀ ਦੇ ਉੱਘੇ ਆਗੂ ਮਨਜੀਤ ਸਿੰਘ ਮਹਿਲ ਖ਼ੁਰਦ ਨੂੰ ਕਾਂਗਰਸ ਪਾਰਟੀ ਹਾਈ ਕਮਾਂਡ ਵੱਲੋਂ ਕਾਂਗਰਸ ਪਾਰਟੀ ਦੀ ਸੋਨੀਆ ਗਾਂਧੀ ਬ੍ਰਿਗੇਡ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ, ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਮੂੰਹ ਮਿੱਠਾ ਕਰਵਾ ਕੇ ਸ਼ੁੱਭ-ਕਾਮਨਾਵਾਂ ਦਿੰਦਿਆਂ ਉਨ੍ਹਾਂ ਨੂੰ ਸਨਮਾਨਤ ਕੀਤਾ।ਉਨ੍ਹਾਂ ਕਿਹਾ ਕਿ ਸੂਬਾ ਪ੍ਰਧਾਨ ਰਾਜਾ ਵੜਿੰਗ ਦੀਆਂ ਹਦਾਇਤਾਂ ਅਨੁਸਾਰ ਹਾਈ ਕਮਾਂਡ ਵੱਲੋਂ ਪਾਰਟੀ ਲਈ ਮਰ ਮਿਟਣ ਵਾਲੇ ਵਫ਼ਾਦਾਰ ਮਿਹਨਤੀ ਵਰਕਰਾਂ ਨੂੰ ਅੱਗੇ ਲਿਆ ਕੇ ਪੂਰਾ ਮਾਣ ਸਤਿਕਾਰ ਦਿੱਤਾ ਜਾ ਰਿਹਾ ਹੈ, ਤਾਂ ਜੋ ਆ ਰਹੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਇਕ ਮਜ਼ਬੂਤ ਧਿਰ ਵਜੋਂ ਸਾਹਮਣੇ ਆ ਸਕੇ। ਇਸ ਮੌਕੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਮਹਿਲ ਖ਼ੁਰਦ ਨੇ ਕਾਂਗਰਸ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਬਣਦੀ ਜ਼ਿੰਮੇਵਾਰੀ ਪੂਰੀ ਤਨਦੇਹੀ, ਇਮਾਨਦਾਰੀ ਨਾਲ ਨਿਭਾਉਂਦੇ ਹੋਏ ਕਾਂਗਰਸ ਨੂੰ ਹੇਠਲੇ ਪੱਧਰ ਤਕ ਤਕੜਾ ਕਰਨ ਲਈ ਕੋਈ ਘਾਟ ਨਹੀਂ ਰਹਿਣ ਦੇਣਗੇ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕਿਸਾਨ ਸੈੱਲ ਸਰਬਜੀਤ ਸਿੰਘ ਸਰਬੀ, ਬਲਾਕ ਪ੍ਰਧਾਨ ਪਰਮਿੰਦਰ ਸਿੰਘ ਸੰਮੀ, ਡਾ: ਬਲਵੰਤ ਰਾਏ ਸ਼ਰਮਾ, ਜਰਨੈਲ ਸਿੰਘ ਠੁੱਲੀਵਾਲ, ਉਜਾਗਰ ਸਿੰਘ ਛਾਪਾ, ਡਾ: ਅਮਰਜੀਤ ਸਿੰਘ, ਐਡਵੋਕੇਟ ਜਸਵੀਰ ਸਿੰਘ ਖੇੜੀ, ਬੱਗਾ ਸਿੰਘ ਮਹਿਲ ਕਲਾਂ, ਦਾਰਾ ਸਿੰਘ ਮਹਿਲ ਖ਼ੁਰਦ, ਬੰਨੀ ਖਹਿਰਾ, ਗੁਰਮੇਲ ਸਿੰਘ ਮੌੜ, ਦਾਰਾ ਸਿੰਘ ਠੀਕਰੀਵਾਲਾ, ਜਸਪਾਲ ਪਾਲੀ, ਪ੍ਰਕਾਸ਼ ਸਿੰਘ ਸਹਿਜੜਾ ਨੇ ਮਨਜੀਤ ਸਿੰਘ ਮਹਿਲ ਖੁਰਦ ਦੀ ਇਸ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਨਿਯੁਕਤੀ ਕਾਂਗਰਸ ਪਾਰਟੀ ਨੂੰ ਹੇਠਲੇ ਪੱਧਰ ਤੱਕ ਹਰ ਵਰਗ ਦੇ ਲੋਕਾਂ ਵਿੱਚ ਮਜ਼ਬੂਤ ਬਣਾਉਣ ਲਈ ਇਕ ਮਜ਼ਬੂਤ ਕਦਮ ਸਾਬਿਤ ਹੋਵੇਗੀ।

# ਸੂਬਾ ਸਰਕਾਰ ਨੁਕਸਾਨੀ ਕਣਕ ਦਾ ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਵੇ : ਚੌਹਾਨ



**ਬੁਢਲਾਡਾ (ਅਸ਼ੋਕ ਲਾਕੜਾ)**- ਜ਼ਿਲ੍ਹਾ ਮਾਨਸਾ ਸਮੇਤ ਵੱਖ ਵੱਖ ਥਾਵਾਂ 'ਤੇ ਕੁਦਰਤੀ ਅੱਗ ਲੱਗਣ ਕਾਰਨ ਕਣਕ ਦੀ ਫ਼ਸਲ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ, ਜਿਸ ਕਰਕੇ ਕਿਸਾਨਾਂ ਨੂੰ ਵੱਡੀ ਪੱਧਰ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਇਸ ਸਬੰਧੀ ਸਥਾਨਕ ਸੀ ਪੀ ਆਈ ਦਫ਼ਤਰ ਵਿਖੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਸੀਤਾਰਾਮ ਗੋਬਿੰਦਪੁਰਾ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਫਫੜੇ, ਬੀ ਕੇ ਯੂ ਧਨੇਰ ਦੇ ਤਾਰਾ ਚੰਦ ਬਰੇਟਾ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਹਰਮੀਤ ਸਿੰਘ ਬੋੜਾਵਾਲ ਤੇ ਮੁਲਾਜ਼ਮ ਆਗੂ ਤੇ ਸੀ ਪੀ ਆਈ ਦੇ ਸ਼ਹਿਰੀ ਸਕੱਤਰ ਰਘੂਨਾਥ ਸਿੰਗਲਾ ਆਦਿ ਆਗੂਆਂ ਨੇ ਇੱਕ ਮੀਟਿੰਗ ਦੌਰਾਨ ਕਿਸਾਨਾਂ ਦੀ ਪੱਕੀ ਫ਼ਸਲ ਕੁਦਰਤੀ ਆਫ਼ਤਾਂ ਅੱਗ ਤੇ ਬਾਰਸ਼ਾਂ ਕਾਰਨ ਨੁਕਸਾਨੀ ਗਈ ਫਸਲ 'ਤੇ ਗਹਿਰੀ ਚਿੰਤਾ ਪ੍ਰਗਟ ਕੀਤੀ। ਇਸ ਮੌਕੇ ਆਗੂਆਂ ਨੇ ਭੈਣੀਬਾਘਾ, ਭਾਈ ਦੇਸਾ, ਕੋਰ ਵਾਲਾ, ਭੰਮੇ ਆਦਿ ਅਨੇਕਾਂ ਪਿੰਡਾਂ ਵਿੱਚ ਬਾਰਸ਼ਾਂ ਤੇ ਅੱਗ ਨਾਲ ਨੁਕਸਾਨੀ ਕਣਕ ਦੀ ਫ਼ਸਲ ਦੇ ਪੀੜਤ ਪਰਿਵਾਰਾਂ ਨੂੰ ਘੱਟੋ ਘੱਟ ਪੰਜਾਹ ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਸੂਬਾ ਸਰਕਾਰ ਤੋਂ ਮੰਗ ਕੀਤੀ ਗਈ ਅਤੇ ਅਚਾਨਕ ਅੱਗ ਲੱਗਣ ਕਾਰਨ ਫੌਰੀ ਕੰਟਰੋਲ ਕਰਨ ਸਬੰਧੀ ਪ੍ਰਸ਼ਾਸਨਕ ਲਾਪ੍ਰਵਾਹੀ 'ਤੇ ਚਿੰਤਾ ਜ਼ਾਹਰ ਕੀਤੀ ਗਈ। ਮੀਟਿੰਗ ਦੌਰਾਨ ਹੋਰਨਾਂ ਤੋਂ ਇਲਾਵਾ ਏਟਕ ਆਗੂ ਚਿਮਨ ਲਾਲ ਕਾਕਾ, ਅਸ਼ੋਕ ਕੁਮਾਰ ਲਾਕੜਾ, ਬੰਬੂ ਸਿੰਘ ਫੂਲੂਵਾਲਾ ਡੋਗਰਾ, ਪਵਨ ਕੁਮਾਰ, ਕਰਨੈਲ ਸਿੰਘ ਦਾਤੇਵਾਸ ਆਦਿ ਆਗੂ ਸ਼ਾਮਲ ਸਨ।

# ਵਿਧਾਇਕ ਦਹੀਆ ਵੱਲੋਂ ਜੋਧਪੁਰ ਦੇ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਉਦਘਾਟਨ

## ● ਸਰਕਾਰੀ ਸਕੂਲ ਹੁਣ ਨਿੱਜੀ ਸਕੂਲਾਂ ਨੂੰ ਵੀ ਮਾਤ ਦੇਣ ਲੱਗੇ : ਦਹੀਆ



**ਮਮਦੋਟ (ਜਸਬੀਰ ਸਿੰਘ ਕੰਬੋਜ)** ਫਿਰੋਜ਼ਪੁਰ ਦਿਹਾਤੀ ਦੇ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਨੇ ਅੱਜ ਬਲਾਕ ਮਮਦੋਟ ਅਧੀਨ ਆਉਂਦੇ ਪਿੰਡ ਜੋਧਪੁਰ ਦੇ ਸਰਕਾਰੀ ਸਕੂਲਾਂ ਵਿੱਚ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ। ਇਸ ਸਮੇਂ ਉਨ੍ਹਾ ਨਾਲ ਬਲਰਾਜ ਸਿੰਘ ਸੰਧੂ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ, ਜਸਵਿੰਦਰ ਸਿੰਘ ਬਲਾਕ ਸਿੱਖਿਆ ਅਫ਼ਸਰ ਮਮਦੋਟ, ਉਪਿੰਦਰ ਸਿੰਘ ਸਿੱਧੀ ਪ੍ਰਧਾਨ ਨਗਰ ਪੰਚਾਇਤ ਮਮਦੋਟ, ਦਲਜੀਤ ਸਿੰਘ ਬਾਬਾ ਉੱਪ ਪ੍ਰਧਾਨ, ਨਿਰਵੈਰ ਸਿੰਘ ਸਿੱਧੀ, ਚਰਨ ਸਿੰਘ ਸਿਖਿਆ ਕੋਆਰਡੀਨੇਟਰ, ਪਲਵਿੰਦਰ ਸਿੰਘ ਬਰਾੜ ਹਲਕਾ ਸਿਖਿਆ ਕੋਆਰਡੀਨੇਟਰ ਤੇ ਸਰਬਜੀਤ ਸਿੰਘ ਧਾਲੀਵਾਲ ਵੀ ਸਨ। ਸਵੇਰੇ ਕਰੀਬ ਦਸ ਕੁ ਵਜੇ ਸਰਕਾਰੀ ਪ੍ਰਾਇਮਰੀ ਸਕੂਲ ਜੋਧਪੁਰ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ ਤੋਂ ਬਾਅਦ ਸਰਕਾਰੀ ਮਿਡਲ ਸਕੂਲ ਜੋਧਪੁਰ ਵਿਖੇ ਨਵੇਂ ਬਣੇ ਕਮਰੇ ਦਾ ਉਦਘਾਟਨ ਕਰਨ ਉਪਰੰਤ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਦਾ ਇਸ ਸਿੱਖਿਆ ਕ੍ਰਾਂਤੀ ਤਹਿਤ ਮੁੱਖ ਉਦੇਸ਼ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਹਰ ਪੱਖੋਂ ਸਮੇਂ ਦੇ ਹਾਣੀ ਬਣਾਉਣਾ ਹੈ। ਉਨ੍ਹਾ ਕਿਹਾ ਕਿ ਅੱਜ ਸਰਕਾਰੀ ਸਕੂਲਾਂ ਦੇ ਬੱਚੇ ਵੀ ਵਧੀਆ ਵਾਤਾਵਰਣ ਵਿੱਚ ਪੈਨਲਾਂ ਤੇ ਪ੍ਰਾਜੈਕਟਰਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ ਤੇ ਇਹੋ ਸਿੱਖਿਆ ਕ੍ਰਾਂਤੀ ਹੈ, ਜਿਸ ਦਾ ਕਦੇ ਸੁਪਨਾ ਦੇਖਿਆ ਸੀ, ਜੋ ਅੱਜ ਪੂਰਾ ਹੋ ਰਿਹਾ ਹੈ। ਇਨ੍ਹਾ ਕਿਹਾ ਕਿ ਪਹਿਲਾਂ ਸਰਕਾਰੀ ਸਕੂਲ ਵਿੱਚ ਬੱਚਾ ਪੜ੍ਹਾਉਣਾ ਗਰੀਬ ਤੇ ਮਿਡਲ ਕਲਾਸ ਪਰਿਵਾਰਾਂ ਦੀ ਮਜਬੂਰੀ ਸੀ, ਜਦਕਿ ਹੁਣ ਮਜਬੂਰੀ ਨਹੀਂ ਬਲਕਿ ਮਰਜ਼ੀ ਹੈ। ਇਸ ਮੌਕੇ ਬਲਕਾਰ ਸਿੰਘ ਸਰਪੰਚ, ਸੀਨੀਅਰ ਆਗੂ ਦਰਸ਼ਨ ਸਿੰਘ, ਅਨਮੋਲ ਪ੍ਰੀਤ ਸਿੰਘ, ਬਲਵਿੰਦਰ ਸਿੰਘ ਰਾਓ ਕੇ, ਬਲਵਿੰਦਰ ਸਿੰਘ ਸਰਪੰਚ ਹਜਾਰਾਂ, ਤਰਸੇਮ ਸਿੰਘ ਸੋਨੂੰ ਛੱਪੜ, ਸੰਦੀਪ ਸੋਨੀ, ਮਲਕੀਤ ਸਿੰਘ ਲਾਡੀ ਮੈਂਬਰ, ਪਰਤਾਪ ਸਿੰਘ, ਨਿਰਮਲ ਸਿੰਘ, ਗੁਰਨਾਮ ਸਿੰਘ, ਹਰਨਾਮ ਸਿੰਘ, ਹਰਭਜਨ ਸਿੰਘ, ਵੱਸਣ ਸਿੰਘ, ਮਲਕੀਤ ਸਿੰਘ ਬਾਊ, ਦਿਲਸ਼ੇਰ ਸਿੰਘ, ਅਧਿਆਪਕ ਰਜਨੀਸ਼ ਗਰੋਵਰ, ਰਾਜੇਸ਼ ਕੁਮਾਰ, ਮੀਨਾਕਸ਼ੀ, ਅਨੀਤਾ ਰਾਣੀ ਬਲਵਿੰਦਰ ਕੌਰ, ਪ੍ਰੇਮ ਕੌਰ ਤੇ ਨਿੱਜੀ ਸਕੱਤਰ ਰੌਬੀ ਸੰਧੂ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# 9155 ਰੁਪਏ ਜੂਏ ਦੀ ਰਾਸ਼ੀ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 9155 ਰੁਪਏ ਜੂਆ ਰਾਸ਼ੀ ਸਮੇਤ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਜੂਆ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਾਹਿਬ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਇਲਾਕੇ ਵਿੱਚ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਸੁਨੀਲ ਕੁਮਾਰ ਉਰਫ ਕਾਲਾ ਪੁੱਤਰ ਮੋਹਨ ਲਾਲ ਵਾਸੀ ਬਸਤੀ ਬਾਗ ਵਾਲੀ ਥਾਣਾ ਸਿਟੀ ਫਿਰੋਜ਼ਪੁਰ ਜੋ ਦੜਾ ਸੱਟਾ ਲਗਵਾਉਣ ਦਾ ਕੰਮ ਕਰਦਾ ਹੈ। ਅੱਜ ਵੀ ਉਹ ਦੁਲਚੀ ਕੇ ਰੋਡ ਤੋਂ ਖਾਲਸਾ ਕਾਲੋਨੀ ਰਾਹੀਂ ਅਲੀ ਕੇ ਰੋਡ ਨੂੰ ਜਾਣ ਵਾਲੀ ਗਲੀ ਵਿਚ ਸ਼ਰੇਆਮ ਉੱਚੀ ਅਵਾਜ਼ ਵਿਚ ਹੋ ਕੇ ਦੇ ਰਿਹਾ ਹੈ ਕਿ ਜੋ ਵੀ ਉਸ ਪਾਸ ਪੈਸੇ ਦੇ ਕੇ ਖਾਸ ਨੰਬਰ 'ਤੇ ਦੜਾ ਸੱਟਾ ਲਗਾਵੇਗਾ, ਨੰਬਰ ਆਉਣ ਤੇ ਉਸ ਨੂੰ ਇਕ ਰੁਪਏ ਦੇ ਬਦਲੇ ਵਿਚ 90 ਰੁਪਏ ਦਿੱਤੇ ਜਾਣਗੇ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਦੋਸ਼ੀ ਸਨੀਲ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 9155 ਰੁਪਏ ਰਾਸ਼ੀ ਦੜਾ ਸੱਟਾ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਵੱਖ-ਵੱਖ ਸਕੂਲਾਂ 'ਚ ਅੰਤਰਰਾਸ਼ਟਰੀ ਧਰਤੀ ਦਿਵਸ ਮਨਾਇਆ


ਸਮਰਾਲਾ


ਸੰਗਰੂਰ/ਲਹਿਰਾਗਾਗਾ


ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ, ਜਗਰਾਉਂ


ਪਾਤੜਾਂ


ਕੋਟਕਪੂਰਾ

**ਸਮਰਾਲਾ (ਸੁਰਜੀਤ ਸਿੰਘ)**- ਸਕੂਲੀ ਬੱਚਿਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਵਧਾਉਣ ਦੇ ਉਦੇਸ਼ ਨੂੰ ਲੈ ਕੇ ਸਥਾਨਕ ਮੈਕਸ ਆਰਥਰ ਮੈਕੌਲੀਫ ਪਬਲਿਕ ਸਕੂਲ ਵਿੱਚ 'ਵਿਸ਼ਵ ਧਰਤੀ ਦਿਵਸ' ਮਨਾਇਆ ਗਿਆ।ਇਸ ਦਿਵਸ ਨੂੰ ਮਨਾਉਣ ਦਾ ਮਕਸਦ ਵਿਦਿਆਰਥੀਆਂ ਨੂੰ ਧਰਤੀ ਦੀ ਰੱਖਿਆ ਦੇ ਮਹੱਤਵ ਬਾਰੇ ਸਿੱਖਿਆ ਦੇਣਾ ਤੇ ਉਨ੍ਹਾਂ ਨੂੰ ਵਾਤਾਵਰਨ ਦੇ ਅਨੁਕੂਲ ਆਦਤਾਂ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ।ਪ੍ਰੋਗਰਾਮ ਦੀ ਸ਼ੁਰੂਆਤ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ 'ਸਾਡੀ ਤਾਕਤ, ਸਾਡਾ ਗ੍ਰਹਿ' ਵਿਸ਼ੇ 'ਤੇ ਇੱਕ ਵਿਸ਼ੇਸ਼ ਅਸੈਂਬਲੀ ਦੇ ਆਯੋਜਨ ਨਾਲ ਹੋਈ।ਵਿਦਿਆਰਥੀਆਂ ਨੇ ਮਨੁੱਖੀ ਗਤੀਵਿਧੀਆਂ ਦੇ ਵਾਤਾਵਰਣ 'ਤੇ ਪੈ ਰਹੇ ਪ੍ਰਭਾਵਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਕਾਰਬਨ ਫੁਟਪਰਿੰਟ ਨੂੰ ਘਟਾਉਣ ਦੇ ਤਰੀਕਿਆਂ 'ਤੇ ਵਿਚਾਰ-ਵਟਾਂਦਰਾ ਕੀਤੀ।ਸਕੂਲ ਗਰਾਊਂਡ ਵਿੱਚ ਰੁੱਖ ਲਗਾਉਣ ਦੀ ਕਾਰਵਾਈ ਵੀ ਕੀਤੀ ਗਈ ਤਾਂ ਜੋ ਹਰਾ-ਭਰਾ ਵਾਤਾਵਰਨ ਬਣਾਇਆ ਜਾ ਸਕੇ ਤੇ ਵਿਦਿਆਰਥੀਆਂ ਵਿੱਚ ਵਾਤਾਵਰਨ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਹੋਵੇ।ਨਰਸਰੀ ਤੋਂ ਲੈ ਕੇ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀ ਬੂਟੇ ਲੈ ਕੇ ਆਏ ਤੇ ਸਕੂਲ ਦੇ ਹਰੇ-ਭਰੇ ਵਾਤਾਵਰਣ ਨੂੰ ਬਹਾਲ ਕਰਨ ਦੀ ਇਸ ਸਾਂਝੀ ਕੋਸ਼ਿਸ਼ ਵਿੱਚ ਉਤਸ਼ਾਹ ਨਾਲ ਭਾਗ ਲਿਆ।ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਨੇ ਇਸ ਮੌਕੇ ਵਿਦਿਆਰਥੀਆਂ ਦੇ ਯਤਨਾਂ ਦੀ ਪ੍ਰਸੰਸਾ ਕੀਤੀ ਤੇ ਬੂਟੇ ਭੇਜਣ ਲਈ ਮਾਪਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਵਿਦਿਆਰਥੀਆਂ ਨੂੰ ਜਾਗਰੂਕ ਕਰਦੇ ਹੋਏ ਕਿਹਾ ਕਿ ਸਾਨੂੰ ਆਪਣੇ ਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਹਰੇ-ਭਰੇ, ਸਿਹਤਮੰਦ ਭਵਿੱਖ ਦੀ ਸਿਰਜਣਾ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

**ਸੰਗਰੂਰ/ਲਹਿਰਾਗਾਗਾ (ਪ੍ਰਵੀਨ ਸਿੰਘ)**- ਮੌਜੂਦਾ ਪ੍ਰਸਥਿਤੀਆਂ ਵਿੱਚ ਹਰੇਕ ਵਿਅਕਤੀ ਦੀ ਮੁੱਢਲੀ ਜ਼ੁੰਮੇਵਾਰੀ ਬਣਦੀ ਹੈ ਕਿ ਉਹ ਧਰਤੀ ਨੂੰ ਕੁਦਰਤੀ ਆਫ਼ਤਾਂ ਤੋਂ ਬਚਾਉਣ ਦੇ ਨਾਲ-ਨਾਲ ਇਸ ਦੀ ਸੰਭਾਲ ਕਰੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੋਸਟ ਗ੍ਰੈਜੂਏਟ ਐਜੂਕੇਸ਼ਨਲ ਸੁਸਾਇਟੀ ਲਹਿਰਾਗਾਗਾ ਦੇ ਪ੍ਰਧਾਨ ਸ੍ਰੀ ਐੱਲ. ਕੇ. ਖੋਖਰ ਤੇ ਜਰਨਲ ਸੈਕਟਰੀ ਪੀ. ਕੇ. ਖੋਖਰ, ਬਿਮਲਾ ਦੇਵੀ ਤੇ ਪ੍ਰਿੰਸੀਪਲ ਨਵਦੀਪ ਭਾਰਦਵਾਜ ਨੇ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਡਾ. ਦੇਵ ਰਾਜ. ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ ਖਾਈ/ ਲਹਿਰਾਗਾਗਾ ਵਿੱਚ ਧਰਤੀ ਦਿਵਸ ਮੌਕੇ ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਆਖਿਆ ਕਿ ਅਜੋਕੇ ਸਮੇਂ ਵਿੱਚ ਨਦੀਆਂ, ਨਾਲਿਆਂ, ਛੱਪੜਾਂ, ਦਰਿਆਵਾਂ ਤੇ ਹੋਰ ਜਲ ਸ੍ਰੋਤਾਂ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਯਤਨ ਜੁਟਾਉਣੇ ਚਾਹੀਦੇ ਹਨ।ਉਨ੍ਹਾਂ ਮਿੱਟੀ, ਪਾਣੀ ਤੇ ਹਵਾ ਦੀ ਸੰਭਾਲ 'ਤੇ ਵੀ ਜ਼ੋਰ ਦਿੱਤਾ।ਇਸ ਮੌਕੇ ਸਕੂਲ ਵਿੱਚ ਪੋਸਟਰ ਬਣਾਉਣ, ਪ੍ਰਸ਼ਨ-ਉੱਤਰ ਮੁਕਾਬਲੇ ਕਰਵਾਉਣ ਤੋਂ ਇਲਾਵਾ ਪੌਦੇ ਵੀ ਲਗਾਏ ਗਏ।

**ਜਗਰਾਉਂ (ਅਮਿਤ ਖੰਨਾ)**- ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਾਤਾਵਰਣ ਦੀ ਮਹੱਤਤਾ ਨੂੰ ਸਮਝਦੇ ਹੋਏ ਰੁੱਖ ਲਗਾਓ-ਧਰਤੀ ਬਚਾਓ ਦੇ ਉਦੇਸ਼ ਨਾਲ 'ਧਰਤੀ ਦਿਵਸ' ਮਨਾਇਆ ਗਿਆ। 'ਧਰਤੀ ਦਿਵਸ' ਦੀ ਮਹੱਤਤਾ ਦਸਦੇ ਹੋਏ ਸਭ ਤੋਂ ਪਹਿਲਾਂ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸਵੱਛਤਾ ਤੇ ਪਾਣੀ ਦੀ ਸਾਡੇ ਜੀਵਨ ਵਿੱਚ ਮਹਾਨਤਾ ਬਾਰੇ ਜਾਣੂ ਕਰਵਾਇਆ ਗਿਆ।ਉਸ ਤੋਂ ਬਾਅਦ 'ਧਰਤੀ ਦਿਵਸ' ਨਾਲ ਸੰਬੰਧਤ ਵੱਖ-ਵੱਖ ਮੁਕਾਬਲੇ ਸਕੂਲ ਵਿੱਚ ਕਰਵਾਏ ਗਏ।ਸਕੂਲ ਦੀ ਸਮੂਹ ਮੈਨੇਜਮੈਂਟ, ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ, ਗਗਨਦੀਪ ਬਾਵਾ ਤੇ ਪ੍ਰਿੰਸੀਪਲ ਮੈਡਮ ਮਿਸਿਜ ਮੋਨਾ ਠਾਕੁਰ ਦੁਆਰਾ ਸਮੂਹ ਵਿਦਿਆਰਥੀਆਂ ਨੂੰ ਸਾਡੇ ਜੀਵਨ ਵਿੱਚ ਪਾਣੀ ਤੇ ਸਵੱਛ ਵਾਤਾਵਰਨ ਦੀ ਮਹੱਤਤਾ ਨੂੰ ਦੱਸਦੇ ਹੋਏ ਬੱਚਿਆਂ ਨੂੰ ਆਪਣਾ ਆਲਾ-ਦੁਆਲਾ ਸਾਫ ਰੱਖਣ ਤੇ ਪਾਣੀ ਦੀ ਸੰਭਾਲ ਕਰਨ ਲਈ ਪ੍ਰੇਰਿਆ।ਪ੍ਰਿੰਸੀਪਲ ਮਿਸਜ਼ ਮੋਨਾ ਠਾਕੁਰ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਘੱਟ ਤੋਂ ਘੱਟ ਇੱਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ। ਵੱਖੋ-ਵੱਖ ਮੁਕਾਬਲਿਆਂ ਵਿੱਚ ਜੇਤੂ ਬੱਚਿਆਂ ਨੂੰ ਪ੍ਰਿੰਸੀਪਲ ਮੈਡਮ ਮੋਨਾ ਠਾਕੁਰ ਤੇ ਸਮੂਹ ਮੈਨੇਜਮੈਂਟ ਦੁਆਰਾ ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ।

**ਕੋਟਕਪੂਰਾ (ਰਛਪਾਲ ਭੁੱਲਰ)**- ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਵਿਖੇ ਧਰਤੀ ਦਿਵਸ ਨੂੰ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਮਨਾਇਆ।ਪੰਜਵੀਂ ਦੇ ਵਿਦਿਆਰਥੀ ਅੰਸ਼ਪ੍ਰੀਤ


ਰੂਪ ਵਾਟਿਕਾ ਸਕੂਲ, ਜਗਰਾਉਂ

ਕੌਰ ਨੇ ਰੁੱਖਾਂ ਦੀ ਮਹੱਤਤਾ ਇੱਕ ਕਵਿਤਾ ਰਾਹੀਂ ਦੱਸੀ ਤੇ ਦੂਜੀ ਦੇ ਵਿਦਿਆਰਥੀ ਅਵਨੀਤ ਕੌਰ, ਮਨਜੋਤ ਕੌਰ, ਇਬਾਦਤ ਕੌਰ, ਪ੍ਰਭਜੋਤ ਸਿੰਘ ਤੇ ਯੂ.ਕੇ.ਜੀ. ਦੇ ਵਿਦਿਆਰਥੀ ਸਾਹਿਲ ਧੀਰ, ਅਗਮਜੋਤ ਸਿੰਘ ਨੇ ਸਲੋਗਨ ਨਾਲ ਧਰਤੀ ਨੂੰ ਬਚਾਉਣ ਲਈ ਪ੍ਰੇਰਿਤ ਕੀਤਾ।ਐੱਲ ਕੇ ਜੀ ਦੇ ਅਧਿਆਪਕ ਸ੍ਰੀਮਤੀ ਗੁਰਵੀਰ ਕੌਰ ਨੇ ਕਵਿਤਾ ਰਾਹੀਂ ਬੱਚਿਆਂ ਨੂੰ ਰੁੱਖ ਲਾਉਣ ਲਈ ਪ੍ਰੇਰਿਆ।ਜਮਾਤ ਯੂ. ਕੇ. ਜੀ. ਦੇ ਵਿਦਿਆਰਥੀਆਂ ਵਿੱਚ ਡਰਾਇੰਗ ਕੰਪੀਟੀਸ਼ਨ ਕਰਵਾਇਆ ਗਿਆ ਤੇ ਤੀਜੀ ਤੋਂ ਛੇਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਪੋਸਟਰ ਤੇ ਲੇਖ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿੱਚ ਅਵਲੀਨ ਕੌਰ (ਛੇਵੀਂ ਜਮਾਤ) ਤੇ ਅਭੀਜੋਤ ਸਿੰਘ (ਚੌਥੀ ਜਮਾਤ) ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਅਧਿਆਪਕਆ ਬਲਜੀਤ ਕੌਰ ਦੀ ਅਗਵਾਈ ਹੇਠ ਬੱਚਿਆਂ ਨੇ ਰੁੱਖਾਂ ਨੂੰ ਬਚਾਉਣ ਲਈ ਨਾਟਕ ਪੇਸ਼ ਕੀਤਾ।ਛੇਵੀਂ ਦੀ ਵਿਦਿਆਰਥਣ ਅਵਲੀਨ ਕੌਰ, ਪੰਜਵੀਂ ਦੇ ਸ਼ਿਵਜੋਤ ਸਿੰਘ ਤੇ ਪਹਿਲੀ ਜਮਾਤ ਦੇ ਵਿਦਿਆਰਥੀ ਅਗਮਜੋਤ ਸਿੰਘ ਨੇ ਵੀ ਕਵਿਤਾਵਾਂ ਨਾਲ ਰੁੱਖ ਲਗਾਉਣ ਤੇ ਪ੍ਰਦੂਸ਼ਨ ਨੂੰ ਘੱਟ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਦੇ ਐੱਮ. ਡੀ. ਬਲਜੀਤ ਸਿੰਘ ਤੇ ਪ੍ਰਿੰਸੀਪਲ ਸ੍ਰੀਮਤੀ ਰੁਬੀਨਾ ਧੀਰ ਨੇ ਸਕੂਲ ਦੇ ਸਮੂਹ ਸਟਾਫ ਨਾਲ ਸਕੂਲ ਵਿੱਚ ਰੁੱਖ ਲਗਾ ਕੇ ਅਰਥ-ਡੇ ਨੂੰ ਮਨਾਇਆ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਵਿਖੇ ਵਿਸ਼ਵ ਧਰਤੀ ਦਿਵਸ ਪ੍ਰਭਾਵਸ਼ਾਲੀ ਗਤੀਵਿਧੀਆਂ ਨਾਲ ਮਨਾਇਆ, ਜਿਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਾਤਾਵਰਣ ਜਾਗਰੂਕਤਾ ਨੂੰ ਉਤਸ਼ਾਹਤ ਕਰਨ ਦੇ ਨਾਲ ਨਾਲ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਤ ਕਰਨਾ ਸੀ। ਸਮਾਗਮ ਧਰਤੀ ਦੇ ਭਵਿੱਖ ਨੂੰ ਦਰਸਾਉਂਦੇ ਇੱਕ ਸ਼ਕਤੀਸ਼ਾਲੀ ਰੋਲ ਪਲੇਅ ਨਾਲ ਸਮਾਪਤ ਹੋਇਆ।ਇਸ ਦੌਰਾਨ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੇ ਗ੍ਰੀਨ ਅਵਾਰਡਾਂ ਵਿੱਚ ਹਿੱਸਾ ਲਿਆ, ਜਿਸ ਤਹਿਤ ਕਲਾਸਰੂਮਾਂ ਦੇ ਅੰਦਰ ਵਾਤਾਵਰਣ-ਅਨੁਕੂਲ ਅਭਿਆਸਾਂ ਨੂੰ ਮਾਨਤਾ ਦਿੱਤੀ ਗਈ।ਇਸ ਪਹਿਲਕਦਮੀ ਨੇ ਵਿਦਿਆਰਥੀਆਂ ਨੂੰ ਕੂੜੇ ਨੂੰ ਵੱਖ ਕਰਨ, ਪਲਾਸਟਿਕ ਦੀ ਵਰਤੋਂ ਨੂੰ ਘਟਾਉਣ ਤੇ ਆਪਣੇ ਆਲੇ ਦੁਆਲੇ ਹਰਿਆਲੀ ਨੂੰ ਸ਼ਾਮਲ ਕਰਨ ਵਰਗੀਆਂ ਟਿਕਾਊ ਆਦਤਾਂ ਅਪਣਾਉਣ ਲਈ ਉਤਸ਼ਾਹਤ ਕੀਤਾ। ਇਸ ਤੋਂ ਇਲਾਵਾ ਗ੍ਰੀਨ ਗੈਲਰੀ ਪ੍ਰਦਰਸ਼ਨੀ ਵਿੱਚ ਰੀਸਾਈਕਲ ਕੀਤੇ ਗਏ ਰਹਿੰਦ-ਖੂੰਹਦ ਤੋਂ ਤਿਆਰ ਕੀਤੀਆਂ ਗਈਆਂ ਕਲਾਕ੍ਰਿਤੀਆਂ, ਸਥਿਰ ਤੇ ਕਾਰਜਸ਼ੀਲ ਮਾਡਲਾਂ ਦੀ ਇੱਕ ਸ਼ਾਨਦਾਰ ਸ਼੍ਰੇਣੀ ਪ੍ਰਦਰਸ਼ਤ ਕੀਤੀ ਗਈ। ਐੱਨਐੱਸਐੱਸ ਤੇ ਐੱਨਸੀਸੀ ਕੈਡਿਟਾਂ ਨੇ ਸਕੂਲ ਕੈਂਪਸ ਦੇ ਆਲੇ ਦੁਆਲੇ ਪੌਦੇ ਲਗਾਏ ਤੇ ਇਨ੍ਹਾਂ ਦੀ ਦੇਖਭਾਲ ਕਰਨ ਤੇ ਹਰੇ ਭਰੇ ਆਲੇ ਦੁਆਲੇ ਦੇ ਵਿਕਾਸ ਨੂੰ ਯਕੀਨੀ ਬਣਾਉਣ ਦਾ ਪ੍ਰਣ ਲਿਆ।ਆਪਣੇ ਸੰਬੋਧਨ ਵਿੱਚ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਸਾਰਿਆਂ ਨੂੰ ਯਾਦ ਦਿਵਾਇਆ ਕਿ ਹਰ ਦਿਨ ਧਰਤੀ ਦਿਵਸ ਹੋਣਾ ਚਾਹੀਦਾ ਹੈ।ਇਸ ਬ੍ਰਹਿਮੰਡ ਵਿੱਚ ਸਾਡੇ ਕੋਲ ਕੋਈ ਵਿਕਲਪਿਕ ਘਰ ਨਹੀਂ ਹੈ ਅਤੇ ਇਹ ਸਾਡਾ ਫਰਜ਼ ਹੈ ਕਿ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਡੇ ਕੋਲ ਜੋ ਹੈ, ਉਸ ਦੀ ਰੱਖਿਆ ਤੇ ਸੰਭਾਲ ਕਰੀਏ।

**ਜਗਰਾਉਂ (ਅਮਿਤ ਖੰਨਾ)**- ਰੂਪ ਵਾਟਿਕਾ ਸਕੂਲ ਵਿੱਚ ਧਰਤੀ ਦਿਵਸ ਮਨਾਇਆ ਗਿਆ, ਜਿਸ ਵਿੱਚ ਸਾਰੇ ਬੱਚਿਆਂ ਨੇ ਬਹੁਤ ਹੀ ਜੋਸ਼ ਨਾਲ ਭਾਗ ਲਿਆ।ਸਕੂਲ ਦੇ ਮੁੱਖ ਅਧਿਆਪਕ ਸ੍ਰੀਮਤੀ ਵਿੰਮੀ ਠਾਕੁਰ ਨੇ ਬੱਚਿਆਂ ਦਾ ਉਤਸ਼ਾਹ ਵਧਾਉਂਦਿਆਂ ਦੱਸਿਆ ਕਿ ਜੇ ਅਸੀਂ ਸਾਰੇ ਇੱਕ ਇੱਕ ਪੌਦਾ ਵੀ ਲਗਾਈਏ ਤਾਂ ਧਰਤੀ ਉੱਤੇ ਪ੍ਰਦੂਸ਼ਣ ਦਾ ਨਾਮੋ ਨਿਸ਼ਾਨ ਤੱਕ ਮਿਟ ਜਾਵੇਗਾ ਤੇ ਸਾਨੂੰ ਪਾਣੀ ਦੀ ਸੰਭਾਲ ਵੀ ਕਰਨੀ ਚਾਹੀਦੀ ਹੈ ਤਾਂ ਜੋ ਧਰਤੀ ਉੱਤੇ ਮਨੁੱਖੀ ਜ਼ਿੰਦਗੀ ਨੂੰ ਹੋਰ ਸੁਰੱਖਿਅਤ ਕੀਤਾ ਜਾ ਸਕੇ।ਸਕੂਲ ਦੇ ਅਧਿਆਪਕਾਂ ਨੇ ਵੀ ਇਸ ਦਿਵਸ ਲਈ ਬੱਚਿਆਂ ਨੂੰ ਜਾਗਰੂਕ ਕੀਤਾ ਤੇ ਉਨ੍ਹਾਂ ਨੂੰ ਆਪਣੇ ਆਸ-ਪਾਸ ਤੇ ਆਪਣੇ ਘਰਾਂ ਵਿੱਚ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਕਿਹਾ ਤਾਂ ਜੋ ਸਾਡੀ ਧਰਤੀ ਸਾਫ ਸੁਥਰੀ ਹੋ ਸਕੇ।

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਜੇ.ਕੇ.ਐੱਸ. ਪਬਲਿਕ ਸਕੂਲ ਵਿਖੇ ਧਰਤੀ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਰਚਨਾਤਮਕ ਤੇ ਜਾਗਰੂਕਤਾ ਵਧਾਉਣ ਵਾਲੀਆਂ ਗਤੀਵਿਧੀਆਂ ਵਿੱਚ ਭਾਗ ਲਿਆ। ਪਹਿਲੀ ਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਨੇ ਲਿਖਤੀ ਮੁਕਾਬਲੇ, ਧਰਤੀ ਨਾਲ ਸਬੰਧਤ ਵੱਖ-ਵੱਖ ਤਸਵੀਰਾਂ ਵਿੱਚ ਰੰਗ ਭਰਨ ਦੀ ਗਤੀਵਿਧੀ, ਤੀਜੀ ਤੋਂ ਛੇਵੀਂ ਜਮਾਤ ਦੇ ਵਿਦਿਆਰਥੀਆਂ ਨੇ ਪੋਸਟਰ ਤੇ ਪੇਂਟਿੰਗ ਮੁਕਾਬਲੇ ਵਿੱਚ ਭਾਗ ਲਿਆ। 7ਵੀਂ ਤੋਂ 9ਵੀਂ ਜਮਾਤ ਦੇ ਵਿਦਿਆਰਥੀਆਂ ਨੇ ਬੇਸਟ ਆਊਟ ਆਫ ਵੇਸਟ ਗਤੀਵਿਧੀ ਵਿੱਚ ਭਾਗ ਲਿਆ, ਜਿਸ ਵਿੱਚ ਉਨ੍ਹਾਂ ਨੇ ਪੁਰਾਣੀਆਂ ਅਖਬਾਰਾਂ, ਪਲਾਸਟਿਕ ਦੀਆਂ ਬੋਤਲਾਂ ਤੇ ਗੱਤੇ ਤੋਂ ਸੁੰਦਰ ਤੇ ਉਪਯੋਗੀ ਚੀਜ਼ਾਂ ਬਣਾਈਆਂ। 10ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਇਕ ਜਾਗਰੂਕਤਾ ਰੈਲੀ ਕੱਢੀ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਮੀਨੂੰ ਮੋਂਗਾ ਨੇ ਕਿਹਾ ਕਿ ਧਰਤੀ ਸਾਡੀ ਮਾਂ ਵਰਗੀ ਹੈ। ਇਸ ਦੀ ਰੱਖਿਆ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। ਉਨ੍ਹਾਂ ਸਾਰੇ ਬੱਚਿਆਂ ਦੀ ਰਚਨਾਤਮਕਤਾ ਤੇ ਉਤਸ਼ਾਹ ਦੀ ਸ਼ਲਾਘਾ ਕੀਤੀ।

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**- ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿਖੇ ਵਿਦਿਆਰਥੀਆਂ ਨੂੰ ਵਾਤਾਵਰਣ ਸਬੰਧੀ ਜਾਗਰੂਕ ਕਰਨ ਲਈ ਧਰਤੀ ਦਿਵਸ ਮਨਾਇਆ ਗਿਆ। ਵਿਦਿਆਰਥੀਆਂ ਨੂੰ ਵਾਤਾਵਰਣ ਦੀ ਮਹੱਤਤਾ ਦੱਸਦੇ ਹੋਏ ਰੁੱਖ ਲਗਾਉਣ ਦੀ ਪ੍ਰਕਿਰਿਆ ਕਰਵਾਈ ਗਈ। ਇਸ ਮੌਕੇ ਸਕੂਲ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ, ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ ਵੱਲੋਂ ਵਿਦਿਆਰਥੀਆਂ ਨੂੰ ਵਾਤਾਵਰਣ ਦੀ ਮਹੱਤਤਾ ਦੱਸਦੇ ਹੋਏ ਰੁੱਖਾਂ ਦੀ ਸਾਂਭ ਸੰਭਾਲ ਕਰਨ ਦੀ ਪ੍ਰੇਰਨਾ ਦਿੱਤੀ ਗਈ ਅਤੇ ਉਨ੍ਹਾਂ ਦਾ ਉਤਸ਼ਾਹ ਵਧਾਇਆ ਗਿਆ।

**ਦੋਦਾ (ਵਕੀਲ ਬਰਾੜ)**- ਇਲਾਕੇ ਦੀ ਨਾਮਵਾਰ ਸੰਸਥਾ ਡੀ. ਆਰ. ਐੱਸ. ਕੌਨਵੈਂਟ ਸਕੂਲ ਕਾਉਣੀ ਵਿਖੇ ਪ੍ਰਿੰਸੀਪਲ ਨਵਨੀਤ ਕੁਮਾਰ ਦੀ ਅਗਵਾਈ ਵਿੱਚ 'ਚ ਵਿਸ਼ਵ ਧਰਤੀ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੀ ਵਿਦਿਆਰਥੀ ਨਵਜੋਤ ਕੌਰ ਨੇ ਧਰਤੀ ਦਿਵਸ ਕਿਉਂ ਮਨਾਇਆ ਜਾਂਦਾ ਹੈ, ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸਕੂਲ ਦੇ ਵਿਦਿਆਰਥੀ ਆਯਾਂਸ਼ ਨੇ ਪੇੜ ਲਗਾਓ ਵਿਸ਼ੇ ਉਪਰ ਆਪਣੀ ਕਵਿਤਾ ਪੇਸ਼ ਕੀਤੀ। ਸਕੂਲ ਪ੍ਰਿੰਸੀਪਲ ਨਵਨੀਤ ਕੁਮਾਰ ਦੱਸਿਆ ਕਿ ਵਿਸ਼ਵ ਧਰਤ ਦਿਵਸ ਧਰਤੀ ਦੀ ਸੰਭਾਲ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਸਾਲ 22 ਅਪ੍ਰੈਲ ਨੂੰ ਵਿਸ਼ਵ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਆਉਣ ਦੀ ਸ਼ੁਰੂਆਤ 1970 ਈਸਵੀ ਵਿੱਚ ਹੋਈ ਸੀ। ਉਨ੍ਹਾਂ ਅੱਗੇ ਦੱਸਿਆ ਕਿ ਸਾਨੂੰ ਪਾਣੀ ਦੀ ਬੱਚਤ ਕਰਨੀ ਚਾਹੀਦੀ ਹੈ। ਸਕੂਲ ਚੇਅਰਮੈਨ ਸ੍. ਨਿਹਾਲ ਸਿੰਘ ਬਰਾੜ ਨੇ ਕਿਹਾ ਕਿ ਗੁਰਬਾਣੀ ਵਿੱਚ ਵੀ ਧਰਤੀ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ ਹੈ, ਸੋ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਧਰਤੀ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ ਲਈ ਵੱਧ ਤੋਂ ਵੱਧ ਪੌਦੇ ਲਾਈਏ ਤੇ ਵਾਤਾਵਰਨ ਨੂੰ ਹਰਿਆ-ਭਰਿਆ ਬਣਾਈਏ। ਇਸ ਮੌਕੇ ਬੱਚਿਆਂ ਦੇ ਭਾਸ਼ਣ ਪ੍ਰਤੀਯੋਗਤਾ, ਨਾਅਰਾ ਲੇਖਣ ਤੇ ਪੋਸਟਰ ਮੇਕਿੰਗ ਆਦਿ ਦੇ ਮੁਕਾਬਲੇ ਕਰਵਾਏ। ਇਸ ਮੌਕੇ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

**ਹਠੂਰ (ਨਛੱਤਰ ਸੰਧੂ)**- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਧਰਤੀ ਦਿਵਸ ਨੂੰ ਮੁੱਖ ਰੱਖਦਿਆਂ ਸਪੈਸ਼ਲ ਅਸੈਂਬਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਸਾਰੇ ਹੀ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ ਗਿਆ।ਸਭ ਤੋਂ ਪਹਿਲਾਂ ਇਸ ਦਿਨ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ ਅਧਿਆਪਕ ਦੁਆਰਾ ਭਾਸ਼ਣ ਰਾਹੀਂ ਇਸ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਗਏ।ਵਿਦਿਆਰਥੀਆਂ ਨੇ ਧਰਤੀ ਦਿਵਸ ਦੇ ਮਹੱਤਵ ਨੂੰ ਦਰਸਾਉਂਦਿਆਂ ਨਾਟਕ ਦੀ ਪੇਸ਼ਕਾਰੀ ਵੀ ਕੀਤੀ।ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਭਾਸ਼ਣ ਮੁਕਾਬਲੇ ਤੇ ਕਵਿਤਾਵਾਂ ਦੀ ਪੇਸ਼ਕਾਰੀ ਵਿੱਚ ਵੀ ਹਿੱਸਾ ਲਿਆ ਗਿਆ।ਸਾਰੇ ਹੀ ਵਿਦਿਆਰਥੀਆਂ ਵੱਲੋਂ ਵਾਤਾਵਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਪੌਦੇ ਲਗਾਏ ਗਏ।ਇਸ ਮੌਕੇ ਮੌਜੂਦ ਸਕੂਲ ਪ੍ਰਧਾਨ ਚਰਨ ਸਿੰਘ, ਸਕੂਲ ਚੇਅਰਮੈਨ ਯੋਗਿੰਦਰ ਸ਼ਰਮਾ, ਸਕੂਲ ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਇਸ ਪ੍ਰਿੰਸੀਪਲ ਜਸਮੇਲ ਸਿੰਘ ਵੱਲੋਂ ਧਰਤੀ ਦਿਵਸ ਦੀ ਮਹੱਤਤਾ ਨੂੰ ਦਰਸਾਉਂਦਿਆਂ ਆਪਣੇ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ ਗਏ ਅਤੇ ਸਭ ਨੇ ਮਿਲ ਕੇ ਧਰਤੀ ਬਚਾਓ ਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਦਾ ਪ੍ਰਣ ਵੀ ਲਿਆ।



ਗੁਰੂ ਹਰਸਹਾਏ


ਸਮਾਣਾ


ਦੋਦਾ



ਹਠੂਰ

# ਰੋਸ ਵਜੋਂ ਭਾਜਪਾ ਨੇ ਪਾਕਿਸਤਾਨ ਤੇ ਅੱਤਵਾਦ ਦਾ ਪੁਤਲਾ ਫੂਕਿਆ



ਬਟਾਲਾ, (ਤਰਲੋਕ ਬੱਗਾ)

ਬੀਤੇ ਦਿਨ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿਖੇ ਅੱਤਵਾਦੀਆਂ ਵੱਲੋਂ ਸੈਲਾਨੀਆਂ ਦੀ ਕੀਤੀ ਗਈ ਹੱਤਿਆਂ ਦੇ ਰੋਸ ਵਜੋਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਦੀ ਅਗਵਾਈ ਹੇਠ ਭਾਜਪਾ ਵੱਲੋਂ ਬਟਾਲਾ ਵਿਚ ਪਾਕਿਸਤਾਨ ਅਤੇ ਅੱਤਵਾਦ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਹੀਰਾ ਵਾਲੀਆ ਨੇ ਕਿਹਾ ਕਿ ਇਸ ਹਮਲੇ ਵਿਚ 28 ਬੇਕਸੂਰ ਲੋਕਾਂ ਦੀ ਮੌਤ ਹੋਈ ਹੈ ਜਿਸ ਦੀ ਭਾਜਪਾ ਕੜੇ ਸ਼ਬਦਾਂ ਵਿਚ ਨਿੰਦਾ ਕਰਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਪਿਛਲੇ ਲੰਬੇ ਸਮੇਂ ਤੋਂ ਸ੍ਰੀਨਗਰ ਵਿਚ ਸ਼ਾਂਤੀ ਬਹਾਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਜੋ ਕਸ਼ਮੀਰ ਦੇ ਲੋਕ ਦੇਸ਼ ਦੀ ਤਰੱਕੀ ਵਿਚ ਹਿੱਸਾ ਪਾ ਸਕਣ।ਪਰੰਤੂ ਪਾਕਿਸਤਾਨ ਨੂੰ ਸ੍ਰੀਨਗਰ ਦੀ ਤਰੱਕੀ ਅਤੇ ਸ਼ਾਂਤੀ ਹਜ਼ਮ ਨਹੀਂ ਹੋ ਰਹੀ।ਇਸ ਲਈ ਪਾਕਿਸਤਾਨ ਦੀ ਸ਼ਹਿ ਤੇ ਬੀਤੇ ਦਿਨ ਅੱਤਵਾਦੀਆਂ ਨੇ ਬੇਕਸੂਰ ਅਤੇ ਨਿਹੱਥੇ ਲੋਕਾਂ ਦਾ ਕਤਲੇਆਮ ਕੀਤਾ।ਉਨ੍ਹਾਂ ਕਿਹਾ ਕਿ ਘਟਨਾ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਜਿੱਥੇ ਦੇਸ਼ ਦੇ ਪ੍ਰਧਾਨ ਮੰਤਰੀ ਭਾਰਤ ਪਰਤ ਆਏ ਹਨ ਉਥੇ ਨਾਲ ਹੀ ਗ੍ਰਹਿ ਮੰਤਰੀ ਅਮਿਤ ਸ਼ਾਹ ਹਾਲਾਤ ਦਾ ਜਾਇਜ਼ਾ ਲੈ ਰਹੇ ਹਨ। ਹੀਰਾ ਵਾਲੀਆ ਨੇ ਕਿਹਾ ਕਿ ਭਾਜਪਾ ਦੀ ਪੀੜਤ ਪਰਿਵਾਰਾਂ ਨਾਲ ਪੂਰੀ ਹਮਦਰਦੀ ਹੈ ਅਤੇ ਹਮਲੇ ਦੇ ਦੋਸ਼ੀਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਕਿਹਾ ਕਿ ਅੱਜ ਪਾਕਿਸਤਾਨ ਨੂੰ ਮੂੰਹ ਤੋੜਵਾਂ ਜਵਾਬ ਦੇਣ ਦਾ ਸਮਾਂ ਆ ਗਿਆ ਹੈ ਕਿਉਂਕਿ ਜਿੰਨੀ ਦੇਰ ਤੱਕ ਪਾਕਿਸਤਾਨ ਨੂੰ ਠੋਕਵਾਂ ਜਵਾਬ ਨਹੀਂ ਦਿੱਤਾ ਜਾਂਦਾ ਉਦੋਂ ਤੱਕ ਪਾਕਿਸਤਾਨ ਚੈਨ ਨਾਲ ਨਹੀਂ ਬੈਠੇਗਾ।ਹੀਰਾ ਵਾਲੀਆ ਨੇ ਕਿਹਾ ਕਿ ਅੱਤਵਾਦੀਆਂ ਨੇ ਸੈਲਾਨੀਆਂ ਧਰਮ ਪੁੱਛਣ ਤੋਂ ਬਾਅਦ ਮਹਿਲਾਵਾਂ ਅਤੇ ਬੱਚਿਆਂ ਸਾਹਮਣੇ ਆਦਮੀਆਂ ਦੀ ਹੱਤਿਆ ਕੀਤੀ ਅਤੇ ਬੇਰਹਿਮੀ ਦੀਆਂ ਪੂਰੀਆਂ ਹੱਦਾਂ ਟੱਪੀਆਂ ਹਨ। ਹੀਰਾ ਵਾਲੀਆ ਨੇ ਕਿਹਾ ਕਿ ਕੇਂਦਰ ਸਰਕਾਰ ਇਸ ਹਮਲੇ ਨੂੰ ਪੂਰੀ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਦੋਸ਼ੀ ਕਿਸੇ ਵੀ ਕੀਮਤ 'ਤੇ ਬਖਸ਼ੇ ਨਹੀਂ ਜਾਣਗੇ।ਇਸ ਮੌਕੇ ਜ਼ਿਲ੍ਹਾ ਜਨਰਲ ਸੈਕਟਰੀ ਰੋਸ਼ਨ ਲਾਲ, ਜ਼ਿਲ੍ਹਾ ਵਾਇਸ ਪ੍ਰਧਾਨ ਸ਼ਕਤੀ ਸ਼ਰਮਾ, ਯੂਥ ਪ੍ਰਧਾਨ ਭਾਰਤ ਭੂਸ਼ਣ ਲੂਥਰਾ, ਸੀਨੀਅਰ ਲੀਡਰ ਭੂਸ਼ਣ ਬਜਾਜ, ਸਿਟੀ ਮੰਡਲ ਪ੍ਰਧਾਨ ਪੰਕਜ ਸ਼ਰਮਾ, ਸਵਿੰਦਰ ਸਿੰਘ ਖਹਿਰਾ, ਗੁਰਿੰਦਰ ਪਾਲ ਸਿੰਘ, ਰੋਹਿਤ ਸੈਲੀ, ਸ੍ਰੀਕਾਂਤ ਸ਼ਰਮਾ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਜ਼ਿਲ੍ਹਾ ਰੋਜ਼ਗਾਰ ਦਫ਼ਤਰ ਗੁਰਦਾਸਪੁਰ ਵਿਖੇ ਸਵੈ-ਰੋਜ਼ਗਾਰ/ਲੋਨ ਮੇਲਾ ਭਲਕੇ

**ਗੁਰਦਾਸਪੁਰ, (ਜਨਕ ਮਹਾਜਨ)**-ਮਾਣਯੋਗ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿੱਚ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਹਿਤ ਸਵੈ-ਰੋਜ਼ਗਾਰ /ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਜਿਹੜੇ ਪ੍ਰਾਰਥੀ ਸਵੈ-ਰੋਜ਼ਗਾਰ ਕਰਨ ਦੇ ਚਾਹਵਾਨ ਹਨ ਉਨ੍ਹਾਂ ਨੂੰ ਸਵੈ-ਰੋਜ਼ਗਾਰ ਦੀਆਂ ਸਕੀਮਾਂ ਅਧੀਨ ਲੋਨ ਦਿੱਤੇ ਜਾ ਰਹੇ ਹਨ ਅਤੇ ਜਿਹੜੇ ਨੌਜਵਾਨ ਪ੍ਰਾਰਥੀ ਆਪਣਾ ਸਵੈ-ਰੋਜ਼ਗਾਰ ਦਾ ਕੰਮ ਸ਼ੁਰੂ ਕਰਨਾ ਚਾਹੁੰਦੇ ਹਨ, ਉਹ ਪ੍ਰਾਰਥੀ ਪ੍ਰਧਾਨ ਮੰਤਰੀ ਮੁਦਰਾ ਸਕੀਮ ਪ੍ਰਧਾਨ ਮੰਤਰੀ ਰੋਜ਼ਗਾਰ ਜਨਰੇਸ਼ਨ ਪ੍ਰੋਗਰਾਮ ਅਤੇ ਸਟੈਂਡ ਅੱਪ ਇੰਡੀਆ ਦੇ ਤਹਿਤ ਆਪਣਾ ਸਵੈ-ਰੋਜ਼ਗਾਰ ਕਰਨ ਦੇ ਲਈ ਲੋਨ ਲੈ ਸਕਦੇ ਹਨ। ਜ਼ਿਲ੍ਹਾ ਰੋਜ਼ਗਾਰ ਜਨਰੇਸ਼ਨ ਅਤੇ ਟਰੇਨਿੰਗ ਅਫ਼ਸਰ ਪਰਸ਼ੋਤਮ ਸਿੰਘ ਨੇ ਇਸ ਸਬੰਧੀ ਜਾਣਕਾਰੀ ਦੱਸਿਆ ਗਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿਖੇ 25 ਅਪ੍ਰੈਲ ਨੂੰ ਕੰਪਲੈਕਸ ਜ਼ਿਲ੍ਹਾ ਰੋਜ਼ਗਾਰ ਜਨਰੇਸ਼ਨ ਤੇ ਟਰੇਨਿੰਗ ਦਫ਼ਤਰ ਗੁਰਦਾਸਪੁਰ ਵਿਖੇ ਸਵੈ ਰੋਜ਼ਗਾਰ/ਲੋਨ ਮੇਲਾ ਲਗਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਸਵੈ-ਰੋਜ਼ਗਾਰ ਦੇ ਨਾਲ ਸਬੰਧਿਤ ਸਾਰੇ ਵਿਭਾਗ ਸਰਕਾਰੀ ਅਤੇ ਪ੍ਰਾਈਵੇਟ ਬੈਂਕਾਂ ਵਲੋਂ ਸ਼ਿਰਕਤ ਕੀਤੀ ਜਾਵੇਗੀ ਅਤੇ ਜਿਹੜੇ ਪ੍ਰਾਰਥੀ ਸਵੈ-ਰੋਜ਼ਗਾਰ ਕਰਨ ਦੇ ਲਈ ਲੋਨ ਲੈਣ ਦੇ ਚਾਹਵਾਨ ਹਨ, ਉਹ ਇਸ ਸੁਨਹਿਰੀ ਮੌਕੇ ਦਾ ਲਾਭ ਲੈਣ ਦੇ ਲਈ ਸਵੈ-ਰੋਜ਼ਗਾਰ/ਲੋਨ ਮੇਲੇ ਦੇ ਵਿੱਚ ਸ਼ਾਮਿਲ ਹੋਣ। ਬੇਰੁਜ਼ਗਾਰ ਪ੍ਰਾਰਥੀ 25 ਅਪ੍ਰੈਲ ਨੂੰ ਸਮਾਂ 9 ਵਜੇ ਦਿਨ ਸ਼ੁੱਕਰਵਾਰ ਵਾਲੇ ਦਿਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਪਹੁੰਚ ਕਰਕੇ ਵੀ ਇਹ ਲੋਨ ਫਾਰਮ ਭਰ ਸਕਦੇ ਹਨ।

# ਕਿਸਾਨ ਜਥੇਬੰਦੀਆਂ ਨੇ ਅਮਰੀਕੀ ਉਪ ਰਾਸ਼ਟਰਪਤੀ ਦੇ ਭਾਰਤ ਆਉਣ 'ਤੇ ਰੋਸ ਪ੍ਰਗਟਾਇਆ

ਤਰਨ ਤਾਰਨ (ਪ੍ਰਿਤਪਾਲ ਸਿੰਘ)

ਜ਼ਿਲ੍ਹਾ ਤਰਨ ਤਾਰਨ ਵਿੱਚ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ ਦੀ ਅਗਵਾਈ ਹੇਠ 6 ਥਾਵਾਂ ਰਸੂਲਪੁਰ ਨਹਿਰਾਂ ਤਰਨਤਾਰਨ, ਭਿੱਖੀਵਿੰਡ, ਖਡੂਰ ਸਾਹਿਬ, ਘੁਰਕਵਿੰਡ ਮਾਣੋਚਾਹਲ, ਜੀਉਬਾਲਾ ਵਿਖੇ ਜੇ. ਡੀ. ਬਾਂਸ ਅਤੇ ਮੋਦੀ ਸਰਕਾਰ ਦੀਆਂ ਮਾੜੀਆਂ ਨੀਤੀਆਂ ਵਿਰੋਧ ਕਿਸਾਨਾਂ ਨੇ ਅਰਥੀ ਫੂਕ ਮੁਜ਼ਾਹਰੇ ਕੀਤੇ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰੈੱਸ ਸਕੱਤਰ ਰਣਯੋਧ ਸਿੰਘ ਗੱਗੋਬੂਆ, ਦਿਆਲ ਸਿੰਘ ਮੀਆਂਵਿੰਡ, ਬੀਬੀ ਰਣਜੀਤ ਕੌਰ ਕੱਲਾ ਨੇ ਕਿਹਾ ਕਿ ਇਸੇ ਤਰ੍ਹਾਂ ਇੱਕ ਵਾਰ ਪਹਿਲਾਂ ਵੀ ਅੰਗਰੇਜ਼ਾਂ ਦੀ ਇੱਕ ਕੰਪਨੀ ਜਿਸ ਦਾ ਨਾਂ ਈਸਟ ਇੰਡੀਆ ਕੰਪਨੀ ਸੀ, ਉਹ ਵੀ ਖੁੱਲ੍ਹੇ ਵਪਾਰ ਦੀ ਮੰਸ਼ਾ ਨਾਲ ਭਾਰਤ ਵਿੱਚ ਆਈ ਸੀ। ਕੁਝ ਸਮੇਂ ਬਾਅਦ ਭਾਰਤ 'ਤੇ ਕਬਜ਼ਾ ਕਰਕੇ ਬੈਠ ਗਈ। ਉਸੇ ਹੀ ਤਰਜ਼ 'ਤੇ ਅਮਰੀਕਾ ਦਾ ਉਪ ਰਾਸ਼ਟਰਪਤੀ ਖੁੱਲ੍ਹੇ ਵਪਾਰ ਦੇ ਸਮਝੌਤੇ ਲਈ ਭਾਰਤ ਆਇਆ ਹੈ। ਜੇਕਰ ਇਹ ਸਮਝੌਤਾ ਹੋ ਜਾਂਦਾ ਹੈ ਤਾਂ ਭਾਰਤੀ ਨਾਗਰਿਕਾਂ 'ਤੇ ਆਉਣ ਵਾਲੇ ਸਮੇਂ ਵਿੱਚ ਵੱਡਾ ਬੋਝ ਪਵੇਗਾ। ਭਾਰਤ ਦੇ ਛੋਟੇ ਵਪਾਰੀਆਂ, ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ 'ਤੇ ਇਸ ਸਮਝੌਤੇ ਦਾ ਵੱਡਾ ਅਸਰ ਪਵੇਗਾ। ਇੱਕ ਪਾਸੇ ਸਰਕਾਰ ਕਿਸਾਨਾਂ ਦੀਆਂ ਫਸਲਾਂ 'ਤੇ ਜੀਐੱਸਟੀ ਦੇਣ ਤੋਂ ਭੱਜ ਰਹੀ ਹੈ ਅਤੇ ਦੁਕਾਨਦਾਰਾਂ, ਛੋਟੇ ਵਪਾਰੀਆਂ 'ਤੇ ਹਰ ਸਾਲ ਜੀਐਸਟੀ ਵਧਾ ਕੇ ਆਪਣੇ ਦੇਸ਼ ਦੇ ਲੋਕਾਂ 'ਤੇ ਬੋਝ ਪਾ ਰਹੀ ਹੈ। ਦੂਜੇ ਪਾਸੇ ਭਾਰਤ ਸਰਕਾਰ ਹਜ਼ਾਰਾਂ ਕਰੋੜ ਖਰਚ ਕਰਕੇ ਅਮਰੀਕਾ ਨਾਲ ਵਪਾਰਕ ਸਮਝੌਤੇ ਅਧੀਨ ਘੱਟ ਤੋਂ ਘੱਟ ਟੈਕਸ ਲਗਾ ਕੇ ਅਮਰੀਕਾ ਨੂੰ ਭਾਰਤ ਵਿੱਚ ਖੁੱਲ੍ਹਾ ਵਪਾਰ ਕਰਨ ਦੀ ਮਨਜ਼ੂਰੀ ਦੇ ਰਹੀ ਹੈ। ਇਸ ਸਮਝੌਤੇ ਅਧੀਨ ਅਮਰੀਕਾ ਸਿੱਧੇ ਤੌਰ 'ਤੇ ਘੱਟ ਤੋਂ ਘੱਟ ਟੈਕਸ ਤੇ ਆਪਣਾ ਦੁੱਧ, ਅਨਾਜ, ਸਬਜ਼ੀਆਂ, ਤੇਲ, ਦਾਲਾਂ ਵੱਡੇ ਪੱਧਰ 'ਤੇ ਭਾਰਤ ਵਿੱਚ ਡੰਪ ਕਰੇਗਾ ਜਿਸ ਦਾ



ਫਾਇਦਾ ਸਿੱਧੇ ਤੌਰ 'ਤੇ ਕਾਰਪੋਰੇਟ ਘਰਾਣਿਆਂ ਨੂੰ ਪਹੁੰਚਾਇਆ ਜਾਏਗਾ। ਕਿਸਾਨਾਂ ਨੇ ਕਿਹਾ ਕਿ ਜੇਕਰ ਭਾਰਤ ਸਰਕਾਰ ਹਜ਼ਾਰਾਂ ਕਰੋੜ ਖਰਚ ਕਰਕੇ ਅਮਰੀਕਾ ਤੋਂ ਲੋੜੀਂਦੀਆਂ ਵਸਤਾਂ ਖਰੀਦ ਸਕਦੀ ਹੈ ਤਾਂ ਆਪਣੇ ਦੇਸ਼ ਵਾਸੀਆਂ ਨੂੰ 23 ਫਸਲਾਂ 'ਤੇ ਐੱਮਐੱਸਪੀ ਦੇਣ ਤੋਂ ਕਿਉਂ ਭੱਜ ਰਹੀ ਹੈ? ਇਸਦੇ ਹੀ ਵਿਰੋਧ ਵਿੱਚ ਕਿਸਾਨਾਂ ਨੇ ਸੈਂਕੜੇ ਥਾਵਾਂ 'ਤੇ ਅਰਥੀ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਸਲਵਿੰਦਰ ਸਿੰਘ ਜੀਉਬਾਲਾ, ਸਲਵਿੰਦਰ ਸਿੰਘ ਦੁੱਗਲਵਾਲਾ, ਸਤਨਾਮ ਸਿੰਘ ਚੁਤਾਲਾ, ਬਲਜਿੰਦਰ ਸਿੰਘ ਸ਼ੇਰੋਂ, ਦਿਲਬਾਗ ਸਿੰਘ ਪਹੂਵਿੰਡ, ਰਣਜੀਤ ਸਿੰਘ ਚੀਮਾ, ਸੁੱਚਾ ਸਿੰਘ ਵੀਰਮ, ਸੁਖਚੈਨ ਸਿੰਘ ਅਲੋਵਾਲ, ਇਕਬਾਲ ਸਿੰਘ ਵੜਿੰਗ, ਭੁਪਿੰਦਰ ਸਿੰਘ ਭਿੰਡਾ, ਪਾਖਰ ਸਿੰਘ ਲਾਲਪੁਰਾ, ਭਗਵਾਨ ਸਿੰਘ ਸੰਗਰ ਆਦਿ ਆਗੂ ਹਾਜ਼ਰ ਸਨ।

# ਸੀ ਪੀ ਆਈ ਵੱਲੋਂ ਜੇ ਐਂਡ ਕੇ ਅੱਤਵਾਦੀ ਕਹਿਰ ਦੀ ਨਿੰਦਾ



**ਝਬਾਲ, (ਹਰਜਿੰਦਰ ਸਿੰਘ ਸੋਨੀ)**-ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀ ਹਮਲੇ ਵਿੱਚ ਮਾਰੇ ਸੈਲਾਨੀਆਂ ਤੇ ਸਥਾਨਕ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਦਵਿੰਦਰ ਸੋਹਲ ਨੇ ਕਿਹਾ ਕਿ ਕੇਂਦਰ ਸਰਕਾਰ ਸੈਲਾਨੀਆਂ ਨੂੰ ਸੁਰੱਖਿਆ ਦੇਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ।ਪਾਕਿਸਤਾਨ ਦੀ ਸਰਕਾਰ ਤੇ ਫੌਜ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਕਾਰਵਾਈਆਂ ਤੋਂ ਖੁਸ਼ ਹੁੰਦੇ ਹਨ ਕਿਉਂਕਿ ਉਨ੍ਹਾਂ ਦੇ ਮਨਸੂਬੇ ਸਫ਼ਲ ਹੁੰਦੇ ਹਨ।ਉਧਰ ਭਾਰਤ ਦੀ ਸਰਕਾਰ ਜੰਮੂ-ਕਸ਼ਮੀਰ ਦੇ ਮਸਲੇ ਨੂੰ ਸਿਰਫ਼ ਵੋਟਾਂ ਬਟੋਰਨ ਦੀ ਭਾਵਨਾ ਨਾਲ ਵੇਖਦੀ ਹੈ ਤੇ ਹਮੇਸ਼ਾ ਫੋਕੀ ਬਿਆਨਬਾਜ਼ੀ ਕਰਕੇ ਡੰਗ ਸਾਰਦੀ ਹੈ।ਹੁਣ ਇਸ ਅਤਿ ਜ਼ਾਲਮਾਨਾ ਕਾਰਵਾਈ ਵਾਪਰਨ ਨਾਲ ਕੇਂਦਰ ਸਰਕਾਰ ਦੀਆਂ ਖੁਫੀਆ ਏਜੰਸੀਆਂ ਤੇ ਸੁਰੱਖਿਆ ਪ੍ਰਬੰਧਾਂ ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ।ਹੈਰਾਨੀ ਦੀ ਗੱਲ ਹੈ ਕਿ ਹਮਲੇ ਵੇਲੇ ਦੋ ਹਜ਼ਾਰ ਦੇ ਕਰੀਬ ਸੈਲਾਨੀਆਂ ਦੀ ਰਾਖੀ ਲਈ ਸੁਰੱਖਿਆ ਫੋਰਸਾਂ ਦਾ ਇੱਕ ਵੀ ਜਵਾਨ ਤਾਇਨਾਤ ਨਹੀਂ ਸੀ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਾਡੀ ਸਰਕਾਰ ਸੈਲਾਨੀਆਂ ਦੀ ਸੁਰੱਖਿਆ ਲਈ ਗੰਭੀਰ ਨਹੀਂ ਹੈ।ਕਾਮਰੇਡ ਦਵਿੰਦਰ ਸੋਹਲ ਨੇ ਮੰਗ ਕੀਤੀ ਕਿ ਸੂਬਾ ਤੇ ਕੇਂਦਰ ਸਰਕਾਰ ਪੀੜਤ ਪਰਿਵਾਰਾਂ ਦੀ ਤੁਰੰਤ ਹਰ ਮਦਦ ਕਰਨ।ਉਨ੍ਹਾਂ ਕਿਹਾ ਕਿ ਇਸ ਮੌਕੇ ਜੰਮੂ-ਕਸ਼ਮੀਰ ਦੇ ਆਮ ਲੋਕਾਂ ਵੱਲੋਂ ਇਸ ਅੱਤਵਾਦੀ ਘਟਨਾ ਵਿਰੁੱਧ ਬੋਲਣਾ ਇੱਕ ਚੰਗਾ ਮਨੁੱਖੀ ਕਦਮ ਹੈ।ਯਾਦ ਰਹੇ ਕਿ ਕਸ਼ਮੀਰ ਦੇ ਇਲਾਕੇ ਦੀਆਂ ਮਸਜਿਦਾਂ ਵਿੱਚ ਇਸ ਅੱਤਵਾਦੀ ਘਟਨਾ ਦੀ ਨਿੰਦਾ ਕੀਤੀ ਗਈ ਹੈ।

# ਪਖਾਨਿਆਂ ਦੇ ਨੀਂਹ ਪੱਥਰ ਰੱਖਣ ਨਾਲ ਸਿੱਖਿਆ ਕ੍ਰਾਂਤੀ ਨਹੀਂ ਆਉਂਦੀ : ਕੱਕੜ

ਚੇਤਨਪੁਰਾ (ਸੁਖਵੰਤ ਚੇਤਨਪੁਰੀ)

ਬੀਤੇ ਕੁੱਝ ਦਿਨਾਂ ਤੋਂ ਸਿੱਖਿਆ ਕ੍ਰਾਂਤੀ ਦੇ ਨਾਮ ਹੇਠ ਪੰਜਾਬ ਸਰਕਾਰ ਦੇ ਮੰਤਰੀਆਂ ਅਤੇ ਵਿਧਾਇਕਾਂ ਵੱਲੋਂ ਪਹਿਲਾਂ ਤੋਂ ਹੀ ਬਣੇ ਸਕੂਲਾਂ ਵਿੱਚ ਟੌਇਲਟਾਂ, ਅਤੇ ਕਮਰਿਆਂ ਦੇ ਧੜਾ ਧੜ ਰੱਖੇ ਜਾ ਰਹੇ ਨੀਂਹ ਪੱਥਰਾਂ ਤੇ ਟਿੱਪਣੀ ਕਰਦਿਆਂ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਤੇ ਸਾਬਕਾ ਮੰਤਰੀ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਮਨਦੀਪ ਸਿੰਘ ਕੱਕੜ ਨੇ ਕਿਹਾ ਕਿ ਪੰਜਾਬ ਦੀ ਜਨਤਾ ਨੂੰ ਸਬਜ਼ਬਾਗ ਵਿਖਾ ਕੇ, ਫਰਜ਼ੀ ਇਨਕਲਾਬ ਦਾ ਨਾਹਰਾ ਦੇ ਕੇ ਲੋਕਾਂ ਨੂੰ ਗੁੰਮਰਾਹ ਕਰਨ ਤੋਂ ਬਾਅਦ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖਿਆ ਕ੍ਰਾਂਤੀ ਦੇ ਨਾਮ ਤੇ ਨਵਾਂ ਪੈਂਤੜਾ ਅਖਤਿਆਰ ਕੀਤਾ ਹੈ।ਉਨ੍ਹਾਂ ਕਿਹਾ ਕਿ ਅਸਲ ਵਿੱਚ ਸਿੱਖਿਆ ਕ੍ਰਾਂਤੀ 2018 ਵਿੱਚ ਕਾਂਗਰਸ ਸਰਕਾਰ ਸਮੇਂ ਆਈ ਸੀ, ਜਦੋਂ 20 ਪੈਰਾਮੀਟਰਾਂ ਤਹਿਤ ਹਰੇਕ ਸਕੂਲ ਵਿੱਚ ਐਲਈਡੀ. ਪ੍ਰੋਜੈਕਟਰ, ਕੰਪਿਊਟਰ, ਨਵੀਆਂ ਵਰਦੀਆਂ, ਸੁੰਦਰ ਗੇਟ, ਆਈ. ਡੀ. ਕਾਰਡ., ਲੈਕਚਰ ਸਟੈਂਡ, ਸਾਊਂਡ ਸਿਸਟਮ, ਲਾਇਬ੍ਰੇਰੀ, ਅਧਿਆਪਕ ਅਤੇ ਵਿਦਿਆਰਥੀ ਔਨਰ ਬੋਰਡ, ਫੇਸਬੁੱਕ ਯੂ-ਟਿਊਬ ਚੈਨਲ, ਐਜੂਕੇਸ਼ਨਲ ਪਾਰਕ ਅਤੇ ਲੈਂਡਸਕੇਪ ਨੂੰ ਹਰ ਸਕੂਲ ਵਿੱਚ ਯਕੀਨੀ ਬਣਾਇਆ ਗਿਆ ਸੀ।ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਆਜ਼ਾਦੀ ਤੋਂ ਬਾਅਦ ਪ੍ਰਾਈਵੇਟ ਸਕੂਲਾਂ ਦਾ ਮੁਕਾਬਲਾ ਕਰਨ ਲਈ ਪਹਿਲੀ ਵਾਰ ਪ੍ਰਾਇਮਰੀ ਸਕੂਲਾਂ ਵਿੱਚ ਪ੍ਰੀ ਪ੍ਰਾਇਮਰੀ ਕਲਾਸਾਂ ਦੀ ਸ਼ੁਰੂਆਤ ਕੀਤੀ।ਉਨ੍ਹਾਂ ਕਿਹਾ ਕਿ ਪਹਿਲਾਂ 6 ਸਾਲ ਦਾ ਬੱਚਾ ਹੀ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਲੈ ਸਕਦਾ ਸੀ, ਪਰ ਕਾਂਗਰਸ ਸਰਕਾਰ ਨੇ ਬੱਚੇ ਦੇ ਦਾਖ਼ਲੇ ਦੀ ਉਮਰ ਹੱਦ 3 ਸਾਲ ਕਰਕੇ ਪ੍ਰੀ ਨਰਸਰੀ, ਨਰਸਰੀ ਅਉ ਐਲ.ਕੇ.ਜੀ. ਦੀਆਂ ਕਲਾਸਾਂ ਦਾ ਐਸਾ ਕ੍ਰਾਂਤੀਕਾਰੀ ਫੈਸਲਾ ਕੀਤਾ ਕਿ 3 ਸਾਲ ਦੇ 3 ਲੱਖ ਤੋਂ ਵੱਧ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਹੋਏ ਜਿਸ ਨੂੰ ਅਸਲ ਕ੍ਰਾਂਤੀ ਆਖਿਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਸਰਹੱਦੀ ਜ਼ਿਲ੍ਹਿਆਂ ਦੇ ਸਕੂਲਾਂ ਵਿੱਚ ਟੀਚਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਕਾਂਗਰਸ ਸਰਕਾਰ ਨੇ 9 ਮਾਰਚ 2021 ਨੂੰ ਪੰਜਾਬ ਵਿਧਾਨ ਸਭਾ ਵਿੱਚ ਪੋਸਟਿੰਗ ਆਫ ਟੀਚਰਜ਼ ਇੰਨ ਡਿਸਐਡਵਾਂਟੇਜ ਏਰੀਆ ਬਿੱਲ ਪਾਸ ਕਰਕੇ ਕਾਨੂੰਨ ਬਣਾ ਦਿੱਤਾ ਅਤੇ ਨਵੇਂ ਭਰਤੀ ਹੋਣ ਵਾਲੇ ਟੀਚਰਾਂ ਦੇ ਤਿੰਨ ਸਾਲ ਦੇ ਪ੍ਰੋਬੇਸ਼ਨ ਪੀਰੀਅਡ ਦੌਰਾਨ ਉਨ੍ਹਾਂ ਦੀ ਤਾਇਨਾਤੀ ਸਰਹੱਦੀ ਜ਼ਿਲ੍ਹਿਆਂ ਦੇ ਸਕੂਲਾਂ ਵਿੱਚ ਹੋਵੇਗੀ।ਇਸ ਮੌਕੇ ਉਨ੍ਹਾਂ ਨਾਲ ਹਰਭੇਜ ਸਿੰਘ ਬਲਾਕ ਪ੍ਰਧਾਨ ਚੋਗਾਵਾਂ, ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾ ਛੀਨਾ, ਜਸਪਾਲ ਸਿੰਘ ਭੱਟੀ ਪ੍ਰਧਾਨ ਰਾਜਾਸਾਂਸੀ, ਸੁਖਦੇਵ ਸਿੰਘ ਵਣੀਏਕੇ ਪ੍ਰਧਾਨ ਓ ਬੀ ਸੀ ਸੈੱਲ ਰਾਜਾਸਾਂਸੀ, ਗੁਰਮੇਜ ਸਿੰਘ ਬਬਲਾ ਕੋਟਲਾ, ਹਰਜੀਤ ਸਿੰਘ ਕੋਟਲਾ, ਸਰਪੰਚ ਸੋਨਾ ਸਿੱਧੂ ਬਲੱਗਣ, ਸ਼ਮਸ਼ੇਰ ਸਿੰਘ ਸਾਰੰਗੜਾ, ਬਰਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ, ਅਜੇਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ, ਹਰਕੰਵਲਜੀਤ ਸਿੰਘ ਹੈਪੀ ਅਦਲੀਵਾਲ, ਗੁਰਮੀਤ ਸਿੰਘ ਡਾਲਾ, ਸੂਬਾ ਸਿੰਘ ਹੇਤਮਪੁਰਾ, ਸੂਬਾ ਸਿੰਘ ਪੰਜੂਰਾਏ, ਕੁਲਦੀਪ ਸਿੰਘ ਔਲਖ ਚੋਗਾਵਾਂ, ਰਿੰਕੂ ਚੋਗਾਵਾਂ, ਡਾਕਟਰ ਪ੍ਰਗਟ ਸਿੰਘ ਭੁੱਲਰ, ਸਰਪੰਚ ਦਲਜੀਤ ਸਿੰਘ ਠੱਠਾ, ਨਿਰਵੈਲ ਸਿੰਘ ਚੋਗਾਵਾਂ, ਸ਼ਮਸ਼ੇਰ ਸਿੰਘ ਚੋਗਾਵਾਂ ਜਨਰਲ ਸਕੱਤਰ, ਬੱਬਲੂ ਰਾਜਾਸਾਂਸੀ, ਬਲਦੇਵ ਸਿੰਘ ਮੰਝ, ਨਿਸ਼ਾਨ ਸਿੰਘ ਮੰਝ, ਦਿਲਬਾਗ ਸਿੰਘ ਖਿਆਲਾ, ਬਲਜੀਤ ਸਿੰਘ ਪੰਡੋਰੀ, ਸੁੱਖ ਸ਼ਾਹ ਭਿੱਟੇਵੱਡ ਆਦਿ ਹਾਜ਼ਰ ਸਨ।

# ਵਿਧਾਇਕ ਅਮਰਪਾਲ ਸਿੰਘ ਨੇ ਵੱਖ-ਵੱਖ ਸਰਕਾਰੀ ਸਕੂਲਾਂ 'ਚ ਕੀਤੇ ਵਿਕਾਸ ਕਾਰਜਾਂ ਦੇ ਉਦਘਾਟਨ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)

ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲ ਜੋ ਦਹਾਕਿਆਂ ਤੋਂ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਸਨ, ਉਨ੍ਹਾਂ ਸਕੂਲਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ ਅਤਿਆਧੁਨਿਕ ਸਹੂਲਤਾਂ ਨਾਲ ਲੈਸ ਕਰ ਦਿੱਤਾ ਹੈ।ਇਹ ਪ੍ਰਗਟਾਵਾ ਉਨ੍ਹਾਂ ਹਲਕੇ ਦੇ ਵੱਖ-ਵੱਖ ਸਕੂਲਾਂ ਵਿੱਚ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ।ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਸਿੱਖਿਆ, ਸਿਹਤ, ਬਿਜਲੀ, ਰੁਜ਼ਗਾਰ ਅਤੇ ਹੋਰ ਸਾਰੇ ਖੇਤਰਾਂ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਵਿਆਪਕ ਵਿਕਾਸ ਹੋਇਆ ਹੈ।ਉਨ੍ਹਾਂ ਕਿਹਾ ਕਿ ਇਹ ਇਸ ਕਰਕੇ ਸੰਭਵ ਹੋ ਰਿਹਾ ਹੈ ਕਿਉਂਕਿ ਸੂਬਾ ਸਰਕਾਰ ਦਾ ਉਦੇਸ਼ ਸਮਰਪਣ, ਵਚਨਬੱਧਤਾ ਅਤੇ ਇਮਾਨਦਾਰੀ ਨਾਲ ਪੰਜਾਬ ਦੇ ਲੋਕਾਂ ਦੀ ਸੇਵਾ ਕਰਨਾ ਹੈ।ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਜੋ ਕਿਹਾ ਹੈ, ਉਹ ਹਕੀਕਤ ਵਿੱਚ ਕਰਕੇ ਦਿਖਾਇਆ ਹੈ, ਜਿਸ ਦੀ ਮਿਸਾਲ ਸੂਬੇ ਦੇ 12 ਹਜ਼ਾਰ ਸਕੂਲਾਂ 'ਚ 2 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਕੀਤੇ ਗਏ ਵਿਕਾਸ ਕਾਰਜ ਸਭ ਦੇ



ਸਾਹਮਣੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ ਜਿੱਥੇ ਸਕੂਲਾਂ ਵਿੱਚ ਕੈਂਪਸ ਮੈਨੇਜਰ ਅਤੇ ਸੁਰੱਖਿਆ ਗਾਰਡ ਨਿਯੁਕਤ ਕੀਤੇ ਗਏ ਹਨ ਅਤੇ ਸਰਕਾਰੀ ਸਕੂਲਾਂ ਦੇ ਰੱਖ-ਰਖਾਵ 'ਤੇ ਸੂਬਾ ਸਰਕਾਰ ਵੱਲੋਂ ਸਾਲਾਨਾ 200 ਕਰੋੜ ਰੁਪਏ ਤੋਂ ਵੱਧ ਖਰਚਾ ਕੀਤਾ ਜਾਂਦਾ ਹੈ। ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਵੱਲੋਂ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਕਾਂਗੜਾ ਵਿਖੇ 9 ਲੱਖ 52 ਹਜ਼ਾਰ 800 ਰੁਪਏ, ਬਹਾਦਰਪੁਰ ਰਜ਼ੋਆ ਵਿਖੇ 21 ਲੱਖ 12 ਹਜ਼ਾਰ ਰੁਪਏ, ਔਲਖ ਕਲਾਂ ਵਿਖੇ 9 ਲੱਖ 71 ਹਜ਼ਾਰ ਰੁਪਏ, ਔਲਖ ਖੁਰਦ ਵਿਖੇ 7 ਲੱਖ 51 ਹਜ਼ਾਰ ਰੁਪਏ ਤੇ ਨਵੀਂ ਕੀੜੀ ਵਿਖੇ 16 ਲੱਖ 12 ਹਜ਼ਾਰ ਰੁਪਏ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ ਤੇ ਲੜਕੀਆਂ) ਸ੍ਰੀ ਹਰਗੋਬਿੰਦਪੁਰ ਸਾਹਿਬ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਾਦਰਪੁਰ ਰਜ਼ੋਆ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਔਲਖ ਖੁਰਦ ਵਿਖੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ।ਇਸ ਮੌਕੇ ਬੀਪੀਈਓ ਜਸਵਿੰਦਰ ਸਿੰਘ, ਬੀਪੀਈਓ ਤਰਸੇਮ ਸਿੰਘ ਰਿਆੜ, ਬੀਐੱਨਓ ਰਾਮ ਲਾਲ, ਪੀ. ਏ. ਰਾਜੂ ਭਿੰਡਰ, ਪੀ. ਏ. ਸੁਖਦੇਵ ਸਿੰਘ ਰੋਮੀ, ਸਲਾਹਕਾਰ ਪਰਮਬੀਰ ਸਿੰਘ ਰਾਣਾ, ਸਰਪੰਚ ਸੁਖਰਾਜ ਸਿੰਘ ਕਾਹਲੋਂ ਪੇਰੋਸ਼ਾਹ, ਸਿੱਖਿਆ ਸੁਧਾਰ ਕਮੇਟੀ ਦੇ ਕੋਆਰਡੀਨੇਟਰ ਜੋਨੀ ਘੁਮਾਣ, ਸਰਪੰਚ ਜੀਵਨ ਸਿੰਘ ਅਤੇ ਸਰਪੰਚ ਮਨਜੀਤ ਸਿੰਘ ਵਾੜੇ ਆਦਿ ਹਾਜ਼ਰ ਸਨ।

# ਪਹਿਲਗਾਮ ਵਿਖੇ ਅੱਤਵਾਦੀ ਹਮਲੇ 'ਚ ਮਾਰੇ ਗਏ ਸੈਲਾਨੀਆਂ ਨੂੰ ਸ਼ਰਧਾਂਜਲੀ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:) ਅੰਮ੍ਰਿਤਸਰ ਦੇ ਮਾਨਾਂਵਾਲਾ ਬ੍ਰਾਂਚ ਵਿਚ ਕੰਮ ਕਰਦੇ ਪਿੰਗਲਵਾੜਾ ਪਰਿਵਾਰ ਦੇ ਮੈਂਬਰਾਂ ਵੱਲੋਂ ਇੱਕਤਰਤਾ ਕਰਕੇ ਬੀਤੀ ਦਿਨੀਂ ਜੰਮੂ-ਕਸ਼ਮੀਰ ਦੇ ਅਨੰਤ ਨਾਗ ਜ਼ਿਲ੍ਹੇ ਦੇ ਪਹਿਲਗਾਮ ਵਿਖੇ ਹੋਏ ਅੱਤਵਾਦੀ ਹਮਲੇ ਵਿਚ ਮਾਰੇ ਗਏ ਸੈਲਾਨੀਆਂ ਨੂੰ ਡਾ. ਇੰਦਰਜੀਤ ਕੌਰ, ਮੁੱਖ ਸੇਵਾਦਾਰ ਪਿੰਗਲਵਾੜਾ ਸੰਸਥਾ ਦੀ ਅਗਵਾਈ ਵਿਚ ਦੋ ਮਿੰਟ ਦਾ ਮੌਨ ਵਰਤ ਰੱਖ ਕੇ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਡਾ. ਇੰਦਰਜੀਤ ਕੌਰ ਨੇ ਸ਼ੋਕ ਸਭਾ ਉਪਰੰਤ ਕਿਹਾ ਕਿ ਮਨੁੱਖਤਾ ਉਪਰ ਅਜਿਹਾ ਕਾਇਰਾਨਾ ਹਮਲਾ ਨਿੰਦਣਯੋਗ ਹੈ ਅਤੇ ਇਸਦੀ ਜਿੰਨੀ ਨਿੰਦਾ ਕੀਤੀ ਜਾਵੇ ਉਤਨੀ ਹੀ ਘੱਟ ਹੈ।ਉਨ੍ਹਾਂ ਕਿਹਾ ਕਿ ਅਜਿਹਾ ਕਤਲੇਆਮ ਮਨੁੱਖਤਾ ਨੂੰ ਸ਼ਰਮਸਾਰ ਕਰਦਾ ਹੈ।ਅਸੀਂ ਪ੍ਰਮਾਤਮਾ ਨੂੰ ਅਰਦਾਸ ਕਰਦੇ ਹਾਂ ਕਿ ਵਿਛੜੀਆਂ ਰੂਹਾਂ ਨੂੰ ਵਾਹਿਗੁਰੂ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਰਿਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।ਉਨ੍ਹਾਂ ਕਿਹਾ ਕਿ ਪਿੰਗਲਵਾੜਾ ਪਰਿਵਾਰ ਵਾਹਿਗੁਰੂ ਨੂੰ ਬੇਨਤੀ ਕਰਦਾ ਹੈ ਕਿ ਮਨੁੱਖਤਾ ਦੇ ਕਾਤਲਾਂ ਨੂੰ ਰੱਬ ਸੁਮੱਤ ਬਖਸ਼ੇ।ਇਸ ਮੌਕੇ ਡਾ. ਜਗਦੀਪਕ ਸਿੰਘ, ਰਾਜਬੀਰ ਸਿੰਘ, ਹਰਜੀਤ ਸਿੰਘ ਅਰੋੜਾ, ਜੈ ਸਿੰਘ, ਤਿਲਕ ਰਾਜ, ਤਜਿੰਦਰਭਾਨ ਸਿੰਘ ਬੇਦੀ, ਗੁਲਸਨ ਰੰਜਨ, ਗੁਰਨਾਇਬ ਸਿੰਘ, ਪ੍ਰਿੰ. ਨਰੇਸ਼ ਕਾਲੀਆ, ਪ੍ਰਿੰ. ਦਲਜੀਤ ਕੌਰ, ਪ੍ਰਿੰ. ਅਨੀਤਾ ਬੱਤਰਾ, ਕੋਆਰਡੀਨੇਟਰ ਸੁਨੀਤਾ ਨਈਅਰ, ਵੱਖ-ਵੱਖ ਵਾਰਡਾਂ ਅਤੇ ਵਿਭਾਗਾਂ ਦੇ ਇੰਚਾਰਜ ਸ਼ਾਮਿਲ ਸਨ।

# ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਦਾ ਬੀ ਐੱਡ ਦਾ ਨਤੀਜਾ ਰਿਹਾ ਸੌ ਫੀਸਦੀ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਧਾਰੀਵਾਲ ਦੇ ਬੀ.ਐੱਡ. ਸਮੈਸਟਰ ਤੀਸਰੇ ਦਾ ਨਤੀਜਾ ਸੌ ਫੀਸਦੀ ਰਿਹਾ ਹੈ। ਇਸ ਸਬੰਧੀ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਬੀ.ਐੱਡ. ਸਮੈਸਟਰ ਤੀਸਰੇ ਦੇ ਨਤੀਜੇ ਵਿੱਚ ਉਨ੍ਹਾਂ ਦੀ ਸੰਸਥਾ ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀ ਦਵਿੰਦਰ ਸਿੰਘ, ਤਰੰਨਮਦੀਪ ਕੌਰ, ਦੀਕਸ਼ਾ ਮਹਾਜਨ, ਰਾਹੁਲ, ਗੁਰਮਨਪ੍ਰੀਤ ਕੌਰ ਅਤੇ ਏਕਤਾ ਸ਼ਰਮਾ ਨੇ 9 ਐੱਸਜੀਪੀਏ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ।

ਇਨ੍ਹਾਂ ਤੋਂ ਇਲਾਵਾ ਵੀ ਬਾਕੀ ਸਾਰੇ ਵਿਦਿਆਰਥੀਆਂ ਨੇ ਪਹਿਲੇ ਦਰਜੇ ਨਾਲ ਸਮੈਸਟਰ ਤੀਸਰਾ ਪਾਸ ਕੀਤਾ ਹੈ। ਇਸ ਸ਼ਾਨਦਾਰ ਨਤੀਜੇ 'ਤੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਅੱਗੇ ਵਧਣ ਲਈ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਇਸ ਵਧੀਆ ਨਤੀਜੇ ਲਈ ਅਧਿਆਪਕ ਵੀ ਵਧਾਈ ਦੇ ਪਾਤਰ ਹਨ ਜਿਨ੍ਹਾਂ ਦੀ ਮਿਹਨਤ ਸਦਕਾ ਕਾਲਜ ਦਾ ਨਤੀਜਾ ਸੌ ਫੀਸਦੀ ਰਿਹਾ ਹੈ।

# ਸੇਖਵਾਂ ਨੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ

ਗੁਰਦਾਸਪੁਰ, (ਜਨਕ ਮਹਾਜਨ)

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਹਰ ਤਰ੍ਹਾਂ ਦੀਆਂ ਮੁੱਢਲੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਅਤੇ ਹੁਣ ਸਰਕਾਰੀ ਸਕੂਲਾਂ ਵਿਚ ਵੀ ਬੱਚਿਆਂ ਨੂੰ ਆਧੁਨਿਕ ਢੰਗ ਨਾਲ ਸਿੱਖਿਆ ਦੇਣ ਲਈ ਆਧੁਨਿਕ ਕਲਾਸ ਰੂਮ ਬਣਾਏ ਜਾ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਸਰਕਾਰੀ ਮਿਡਲ ਸਕੂਲ ਸਰਕਾਰੀ ਗਿੱਲ ਮੰਝ ਅਤੇ ਸਰਕਾਰੀ ਮਿਡਲ ਸਕੂਲ, ਛੀਨਾ ਰੇਤਲਾ ਵਿਖੇ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਆਪਣੇ ਸੰਬੋਧਨ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚੇ ਵਿੱਚ ਵੱਡੇ ਸੁਧਾਰ ਕੀਤੇ ਗਏ ਹਨ। ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਸਰਕਾਰੀ ਮਿਡਲ ਸਕੂਲ ਗਿੱਲ ਮੰਝ ਵਿਖੇ ਖੇਡਾਂ ਦਾ ਟਰੈਕ ਬਣਾ ਕੇ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਲਈ ਇੱਕ ਵਾਲੀਬਾਲ ਦੀ ਗਰਾਊਂਡ ਮਨਜ਼ੂਰ ਹੋ ਗਈ ਹੈ ਅਤੇ ਜਲਦੀ ਹੀ ਇਸ ਉਪਰ ਕੰਮ ਸ਼ੁਰੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡ ਦੇ ਛੱਪੜ ਦੀ ਸਫ਼ਾਈ ਤੇ ਨਵੀਨੀਕਰਨ ਦਾ ਪ੍ਰੋਜੈਕਟ ਵੀ ਜਲਦ ਹੀ ਸ਼ੁਰੂ ਕੀਤਾ ਜਾਵੇਗਾ। ਸ. ਸੇਖਵਾਂ ਨੇ ਕਿਹਾ ਕਿ ਪਿੰਡ ਗਿੱਲ ਮੰਝ ਦੇ ਵਿਕਾਸ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ। ਇਸ ਮੌਕੇ ਉਨ੍ਹਾਂ ਪਿੰਡ ਤੇ ਇਲਾਕਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਆਪਣਾ ਸਾਥ ਦੇ ਕੇ ਆਪਣੇ ਸੂਬੇ ਨੂੰ ਨਸ਼ਾ ਮੁਕਤ ਤੇ ਰੰਗਲਾ ਪੰਜਾਬ ਬਣਾਉਣ ਵਿੱਚ ਯੋਗਦਾਨ ਪਾਉਣ। ਇਸ ਮੌਕੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਸਕੂਲਾਂ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਅਤੇ ਇਸ ਉਪਰੰਤ ਸਕੂਲ ਸਟਾਫ਼ ਵੱਲੋਂ ਚੇਅਰਮੈਨ ਸੇਖਵਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।



# ਗੁਰਜੀਤ ਸਿੰਘ ਗੋਰਾ ਪ੍ਰਧਾਨ ਤੇ ਡਾ. ਗੁਰਦੇਵ ਸਿੰਘ ਮੀਤ ਪ੍ਰਧਾਨ ਬਣੇ



**ਬੁਤਾਲਾ ( ਨਿਰਮਲ ਸਿੰਘ ਸੰਘਾ)**-ਕਸਬਾ ਬੁਤਾਲਾ 'ਚ ਦੁਕਾਨਦਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਦਾ ਯੋਗ ਹੱਲ ਕੱਢਣ ਲਈ ਇੱਕ ਜਥੇਬੰਦੀ ਬਣਾਈ ਗਈ ਜਿਸ ਵਿੱਚ ਸਰਬਸੰਮਤੀ ਨਾਲ ਦੁਕਾਨਦਾਰ ਯੂਨੀਅਨ ਦੇ ਪ੍ਰਧਾਨ ਗੁਰਜੀਤ ਸਿੰਘ ਗੋਰਾ ਅਤੇ ਮੀਤ ਪ੍ਰਧਾਨ ਡਾਕਟਰ ਗੁਰਦੇਵ ਸਿੰਘ ਨੂੰ ਬਣਾਇਆ ਗਿਆ ਹੈ।ਖਜ਼ਾਨਚੀ ਦੀ ਜ਼ਿੰਮੇਵਾਰੀ ਦੀਪਕ ਸੇਠ ਅਤੇ ਹੈਪੀ ਕਲਾਥ ਹਾਊਸ ਨਿਭਾਉਣਗੇ।ਇਸ ਤੋਂ ਇਲਾਵਾ ਪ੍ਰਭਜੀਤ ਸਿੰਘ ਜਨਰਲ ਸਕੱਤਰ, ਜਸਪ੍ਰੀਤ ਸਿੰਘ ਹਨੀ ਸਕੱਤਰ, ਨਿਰਮਲ ਸਿੰਘ ਸੰਘਾ ਪਰੈਸ ਸਕੱਤਰ, ਰਵੇਲ ਸਿੰਘ ਜੂਨੀਅਰ ਮੀਤ ਪ੍ਰਧਾਨ, ਮੈਂਬਰ ਸਹਿਬਾਨ ਪ੍ਰਿੰਸ, ਬਲਵਿੰਦਰ ਸਿੰਘ ਗੋਦੀ, ਚਰਨਜੀਤ ਸਿੰਘ ਚੰਨਾ, ਗੁਰਪ੍ਰੀਤ ਸਿੰਘ ਜੋਧੇ, ਗੁਰਮੀਤ ਸਿੰਘ ਅਤੇ ਸਲਾਹਕਾਰ ਯੁੱਧਬੀਰ ਸਿੰਘ ਨੂੰ ਬਣਾਇਆ ਗਿਆ ਹੈ।ਇਸ ਮੌਕੇ ਸਰਪੰਚ ਸੁਖਵਿੰਦਰ ਸਿੰਘ, ਜਗਜੀਤ ਸਿੰਘ, ਗੁਰਮੁੱਖ ਸਿੰਘ ਲਾਡੀ, ਹਰਵਿੰਦਰ ਸਿੰਘ ਬਿੱਟੂ ਅਤੇ ਸਮੂਹ ਦੁਕਾਨਦਾਰ ਹਾਜ਼ਰ ਸਨ।

# ਸੁਖਮਨੀ ਇੰਟਰਨੈਸ਼ਨਲ ਸਕੂਲ ਚਾਕਾਂਵਾਲੀ ਵਿਖੇ ਵਿਸ਼ਵ ਧਰਤੀ ਦਿਵਸ ਮਨਾਇਆ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)

ਸਾਡੀ ਸ਼ਕਤੀ ਸਾਡਾ ਗ੍ਰਹਿ 2025 ਦੇ ਇਸ ਵਿਸ਼ੇ ਦੇ ਅਧਾਰ ਤੇ ਸਟੇਟ ਐਵਾਰਡੀ ਸਵਿੰਦਰ ਸਿੰਘ ਦੇ ਵਿੱਦਿਆ ਦੇ ਮੁਨਾਰੇ ਸੁਖਮਨੀ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਚਾਕਾਂਵਾਲੀ ਵਿਖੇ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ।ਇਸ ਧਰਤੀ ਦਿਵਸ ਦੇ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਰਜਨੀ ਬਾਲਾ ਦੀ ਰਹਿਨੁਮਾਈ ਹੇਠ ਸਕੂਲ ਦੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਵੱਲੋਂ ਸਵਰਗਵਾਸੀ ਸਟੇਟ ਐਵਾਰਡੀ ਸਵਿੰਦਰ ਸਿੰਘ ਦੀ ਯਾਦ ਵਿੱਚ ਵੱਖ-ਵੱਖ ਤਰ੍ਹਾਂ ਦੇ ਪੌਦੇ ਲਗਾਏ ਗਏ।ਇਸ ਮੌਕੇ ਪ੍ਰਿੰਸੀਪਲ ਰਜਨੀ ਬਾਲਾ ਵੱਲੋਂ ਸਵਰਗੀ ਵਾਸੀ ਸਵਿੰਦਰ ਸਿੰਘ ਦੇ ਪਾਏ ਹੋਏ ਪੂਰਨਿਆਂ 'ਤੇ ਚੱਲਦਿਆਂ ਆਪਣੇ ਸਕੂਲ ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਧਰਤੀ ਮਾਂ ਨੂੰ ਹਰਾ ਭਰਾ ਅਤੇ ਪ੍ਰਦੂਸ਼ਣ ਰਹਿਤ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਆਪਣੇ ਆਉਣ ਵਾਲੇ ਭਵਿੱਖ ਨੂੰ ਸੰਵਾਰਨ ਦਾ ਸੁਨੇਹਾ ਦਿੱਤਾ ਗਿਆ।ਇਸ ਮੌਕੇ ਉਨਾਂ ਵੱਲੋਂ ਸਮੂਹ ਵਿਦਿਆਰਥੀਆਂ ਅਤੇ ਅਧਿਆਪਕ ਸਾਹਿਬਾਨ ਕੋਲੋਂ ਇਕ ਰੁੱਖ ਲਗਾਉਣ ਦਾ ਵਚਨ ਵੀ ਲਿਆ ਗਿਆ।ਇਸ ਮੌਕੇ ਸਕੂਲ ਕਲਰਕ ਮੈਡਮ ਸੁਖਦੀਪ ਕੌਰ, ਸੋਨੀਆ, ਅੰਜੂ, ਰਾਜਨਦੀਪ ਕੌਰ, ਅਲੀ ਸ਼ਾਹ ਸਿੱਧੂ, ਨਵਜੋਤ ਕੌਰ ਅਤੇ ਸੁਖਮਨੀ ਵੇਦੀ ਆਦਿ ਹਾਜ਼ਰ ਸਨ।



# ਸਾਂਝੀ ਅਧਿਆਪਕ ਕਮੇਟੀ ਤਰਨਤਾਰਨ ਦਾ ਗਠਨ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਤਰਨ ਤਾਰਨ ਜ਼ਿਲ੍ਹੇ ਦੀਆਂ ਲਗਭਗ ਸਾਰੀਆਂ ਜਥੇਬੰਦੀਆਂ ਨੇ ਇਕੱਠੇ ਹੋ ਕੇ ਸਾਂਝੀ ਅਧਿਆਪਕ ਕਮੇਟੀ ਤਰਨ ਤਾਰਨ ਦਾ ਗਠਨ ਕੀਤਾ। ਇਸ ਵਿੱਚ ਗੁਰਪ੍ਰੀਤ ਮਾੜੀ ਮੇਘਾ, ਪ੍ਰਤਾਪ ਸਿੰਘ ਠਾਠਗੜ੍ਹ, ਗੁਰਵਿੰਦਰ ਸਿੰਘ ਬੱਬੂ, ਦਵਿੰਦਰ ਸਿੰਘ ਖਹਿਰਾ, ਨਰਿੰਦਰ ਨੂਰ, ਕਵਰਦੀਪ ਸਿੰਘ ਢਿੱਲੋਂ, ਸੁਖਵੰਤ ਸਿੰਘ ਧਾਮੀ, ਬਲਜੀਤ ਟੋਮ, ਅਮਰਦੀਪ, ਸਰਬਜੀਤ ਸਿੰਘ, ਜਗਜੀਤ ਸਿੰਘ, ਮਨਜੀਤ ਸਿੰਘ ਪਾਰਸ, ਪ੍ਰਭਜੋਤ ਸਿੰਘ ਗੋਹਲਵੜ ਨੇ ਦੱਸਿਆ ਕਿ ਤਰਨ ਤਾਰਨ ਜ਼ਿਲ੍ਹੇ ਵਿੱਚ ਲਗਭਗ ਸਾਰੀਆਂ ਜਥੇਬੰਦੀਆਂ ਨੇ ਮਿਲ ਕੇ ਸਾਂਝੇ ਸੰਘਰਸ਼ ਲਈ ਇਸ ਕਮੇਟੀ ਦਾ ਗਠਨ ਕੀਤਾ ਹੈ। ਇਸ ਵਿੱਚ ਬਾਕੀ ਰਹਿੰਦੀਆਂ ਜਥੇਬੰਦੀਆਂ ਨੂੰ ਵੀ ਸ਼ਾਮਿਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ ਤਾਂ ਜੋ ਅੱਜ ਦੇ ਮੌਜੂਦਾ ਹਾਲਾਤ ਵਿੱਚ ਸਰਕਾਰ ਤੋਂ ਅਧਿਆਪਕ ਮੰਗਾਂ ਦੀ ਪੂਰਤੀ ਕਰਵਾਈ ਜਾ ਸਕੇ। 6635 ਅਤੇ ਪ੍ਰਾਇਮਰੀ ਅਧਿਆਪਕਾਂ ਨੂੰ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਆਉਂਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਵਾਇਆ ਜਾਵੇਗਾ। ਜੇਕਰ ਫੇਰ ਵੀ ਕਿਸੇ ਬਲਾਕ ਦਾ ਕੰਮ ਨਹੀਂ ਹੁੰਦਾ ਤਾਂ ਉਸ ਦਾ ਸਖਤ ਨੋਟਿਸ ਲਿਆ ਜਾਵੇਗਾ। ਪੁਲਸ ਵੈਰੀਫਿਕੇਸ਼ਨ ਆਦਿ ਕੰਮ ਵੀ ਜਲਦ ਤੋਂ ਜਲਦ ਕੀਤੇ ਜਾਣ। 5994 ਅਧਿਆਪਕਾਂ ਤੇ ਅਨੰਦਪੁਰ ਪੁਲਸ ਪ੍ਰਸ਼ਾਸਨ ਵੱਲੋਂ ਕੀਤੇ ਅੱਤਿਆਚਾਰ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਅਤੇ ਅਨੰਦਪੁਰ ਪੁਲਸ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਦਾ ਪੁਤਲਾ ਵੀ ਫੂਕਿਆ ਗਿਆ। ਅਧਿਆਪਕਾਂ ਨੂੰ ਤਨਖਾਹਾਂ ਨਾ ਮਿਲਣ 'ਤੇ ਵੀ ਚਿੰਤਾ ਜ਼ਾਹਿਰ ਕੀਤੀ ਗਈ। ਪੰਜਾਬ ਸਰਕਾਰ ਨੂੰ ਝੂਠੀ ਸਿੱਖਿਆ ਕ੍ਰਾਂਤੀ ਦਾ ਵਿਖਾਵਾ ਬੰਦ ਕਰਨ ਦੀ ਅਪੀਲ ਕੀਤੀ। ਮੰਗ ਕੀਤੀ ਗਈ ਕਿ ਮੈਡੀਕਲ ਬਿੱਲਾਂ ਦੀ ਪੂਰਤੀ ਜਲਦੀ ਕੀਤੀ ਜਾਵੇ। ਇਸ ਮੌਕੇ ਅਰਵਿੰਦਰ ਸਿੰਘ ਐਰੀ, ਸਤਨਾਮ ਸਿੰਘ, ਮਨਜੀਤ ਸਿੰਘ ਲਾਡੀ, ਅੰਮ੍ਰਿਤ ਪਾਲ ਸਿੰਘ ਬਾਕੀਪੁਰ, ਹਰਪਿੰਦਰ ਸਿੰਘ, ਗੁਰਪ੍ਰੀਤ ਸਿੰਘ ਸੀਨਾ, ਗੁਲਬਾਗ ਸਿੰਘ ਗੋਰਾ, ਮੈਡਮ ਸ਼ਰਮੀਲੀ, ਗੁਰਭੇਜ ਸਿੰਘ ਬਾਕੀਪੁਰ, ਗੁਰਪ੍ਰੀਤ ਸਿੰਘ ਭੂਰੇ ਗਿੱਲ ਆਦਿ ਹਾਜ਼ਰ ਸਨ।

# ਗਰਭਵਤੀ ਔਰਤਾਂ ਨੂੰ ਸਿਹਤ ਸੰਬੰਧੀ ਜਾਣਕਾਰੀ ਦਿੱਤੀ

**ਚੋਹਲਾ ਸਾਹਿਬ (ਰਮਨ ਚੱਢਾ)**-ਸਿਵਲ ਸਰਜਨ ਤਰਨ ਤਾਰਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਵਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਡਾਕਟਰ ਜਤਿੰਦਰ ਸਿੰਘ ਗਿੱਲ ਦੀ ਯੋਗ ਅਗਵਾਈ ਹੇਠ ਸੀ ਐੱਚ ਸੀ ਸਰਹਾਲੀ ਵਿਖੇ ਅਨੀਮੀਆ ਮੁਕਤ ਭਾਰਤ ਅਭਿਆਨ ਤਹਿਤ ਸਿਹਤ ਸਬੰਧੀ ਜਾਗਰੂਕਤਾ ਕੈਂਪ ਦੌਰਾਨ ਗਰਭਵਤੀ ਔਰਤਾਂ ਨੂੰ ਜਾਣਕਾਰੀ ਦਿੱਤੀ ਗਈ। ਇਸ ਸਮੇਂ ਡਾਕਟਰ ਸਨਦੀਪ ਕੌਰ ਮੈਡੀਕਲ ਅਫਸਰ ਵੱਲੋਂ ਗਰਭਵਤੀ ਔਰਤਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੂੰ ਆਪਣੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਗਰਭਵਤੀ ਔਰਤ ਦੇ ਪੇਟ ਵਿੱਚ ਪਲ ਰਹੇ ਬੱਚੇ ਦੀ ਸਿਹਤ ਵੀ ਠੀਕ ਰਹੇਗੀ। ਉਨ੍ਹਾਂ ਦੱਸਿਆ ਕਿ ਇਸ ਸਮੇਂ ਦੌਰਾਨ ਤਲੀਆਂ, ਮਸਾਲੇਦਾਰ ਆਦਿ ਚੀਜ਼ਾਂ ਖਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਅਤੇ ਤਾਜ਼ੀਆਂ ਪੱਤੇਦਾਰ ਹਰੀਆਂ ਸਬਜ਼ੀਆਂ ਅਤੇ ਫਲਾਂ ਦਾ ਸੇਵਨ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਗਰਭਵਤੀ ਔਰਤਾਂ ਨੂੰ ਸਮੇਂ ਸਮੇਂ ਤੇ ਆਪਣੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ ਅਤੇ ਡਾਕਟਰ ਦੀ ਸਲਾਹ ਅਨੁਸਾਰ ਲੋੜੀਂਦੀਆਂ ਦਵਾਈਆਂ ਖਾਣੀਆਂ ਚਾਹੀਦੀਆਂ ਹਨ। ਉਨ੍ਹਾਂ ਦੱਸਿਆ ਕਿ ਜੇਕਰ ਗਰਭਵਤੀ ਔਰਤਾਂ ਨੂੰ ਕਿਸੇ ਵੀ ਕਿਸਮ ਦੀ ਮੁਸ਼ਕਲ ਪੇਸ਼ ਆਵੇ ਤਾਂ ਤੁਰੰਤ ਆਪਣੇ ਨਜ਼ਦੀਕੀ ਸਿਹਤ ਕੇਂਦਰ ਵਿੱਚ ਪਹੁੰਚ ਕੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਸਮੇਂ ਐੱਲ ਐੱਚ ਵੀ ਸਵਿੰਦਰ ਕੌਰ, ਬਲਰਾਜ ਸਿੰਘ ਬੀਈਈ ਅਤੇ ਹੋਰ ਹਾਜ਼ਰ ਸਨ।



# ਇੰਸਟੀਚਿਊਟ ਫਾਰ ਦਿ ਬਲਾਈਂਡ ਨੇ 102ਵਾਂ ਸਥਾਪਨਾ ਦਿਵਸ ਮਨਾਇਆ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**—ਇੰਸਟੀਚਿਊਟ ਆਫ਼ ਦਿ ਬਲਾਈਂਡ ਵੱਲੋਂ ਆਪਣਾ 102ਵਾਂ ਸਥਾਪਨਾ ਦਿਵਸ ਕੈਂਪਸ ਵਿੱਚ ਬਹੁਤ ਧੂਮਧਾਮ ਨਾਲ ਮਨਾਇਆ ਗਿਆ।ਸਮਾਗਮ ਦੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਨੇਤਰਹੀਣ ਵਿਦਿਆਰਥੀਆਂ ਦੁਆਰਾ ਬਹੁਤ ਹੀ ਜੋਸ਼ੀਲੇ ਪ੍ਰਦਰਸ਼ਨ ਲਈ ਸਮਰਪਿਤ ਪ੍ਰਬੰਧਨ, ਸਟਾਫ, ਵਿਦਿਆਰਥੀਆਂ ਅਤੇ ਮਾਪਿਆਂ ਦੀ ਸ਼ਲਾਘਾ ਕੀਤੀ।ਡਾ. ਸਿੰਘ ਨੇ ਕਿਹਾ ਕਿ ਉਹ 1923 ਵਿੱਚ ਸਥਾਪਿਤ ਇਸ ਮਹਾਨ ਸੰਸਥਾ ਨੂੰ ਪੂਰੀ ਮਦਦ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹਨ, ਜਿਸ ਵਿੱਚ ਨੇਤਰਹੀਣ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ, ਰਹਿਣ-ਸਹਿਣ ਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ਤਾਂ ਜੋ ਵਿਦਿਆਰਥੀ ਆਪਣੀ ਸਮਰੱਥਾ ਨੂੰ ਜੀ ਸਕਣ ਅਤੇ ਆਪਣੀ ਜ਼ਿੰਦਗੀ ਵਿੱਚ ਆਤਮ-ਨਿਰਭਰ ਬਣ ਸਕਣ ਅਤੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕਰ ਸਕਣ।ਇਸ ਤੋਂ ਪਹਿਲਾਂ ਵਿਦਿਆਰਥੀਆਂ ਨੇ ਪੰਜਾਬੀ ਲੋਕ ਸੰਗੀਤ ਯੰਤਰਾਂ 'ਤੇ ਆਧਾਰਿਤ ਸਮੂਹ ਗੀਤ, ਨਾਚ, ਲਾਈਵ ਕਵਿਤਾ, ਭਜਨ ਅਤੇ ਲਾਈਵ ਆਰਕੈਸਟਰਾ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਜਿਸਦੀ ਦਰਸ਼ਕਾਂ ਨੇ ਸ਼ਲਾਘਾ ਕੀਤੀ।ਵਿਧਾਇਕ ਨੇ ਨੇਤਰਹੀਣ ਵਿਦਿਆਰਥੀਆਂ ਦੇ ਲਾਭ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ ਤੇ ਆਧਾਰਿਤ ਸਮਾਰਟ ਗਲਾਸ ਵੰਡੇ।ਬਾਅਦ ਵਿੱਚ ਪ੍ਰਧਾਨ ਅਸ਼ੋਕ ਸੇਠੀ ਅਤੇ ਸਕੱਤਰ ਅਰੁਣ ਕਪੂਰ ਨੇ ਸੰਸਥਾ ਦੀ ਰਿਪੋਰਟ ਪੇਸ਼ ਕੀਤੀ।

# ਸੀ ਐੱਚ ਸੀ ਝਬਾਲ ਵਿਖੇ 'ਵਿਸ਼ਵ ਧਰਤੀ ਦਿਵਸ' ਮਨਾਇਆ



**ਝਬਾਲ (ਮੱਖਣ ਮਨੋਜ)**—ਡਾ. ਗੁਰਪ੍ਰੀਤ ਸਿੰਘ ਰਾਏ ਸਿਵਲ ਸਰਜਨ ਜ਼ਿਲ੍ਹਾ ਤਰਨ ਤਾਰਨ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਜੀਤ ਸਿੰਘ ਰਟੌਲ ਦੀ ਯੋਗ ਅਗਵਾਈ ਹੇਠ ਸੀਐੱਚਸੀ ਝਬਾਲ ਵਿਖੇ *ਵਿਸ਼ਵ ਧਰਤੀ ਦਿਵਸ* ਮਨਾਇਆ ਗਿਆ ਜਿਸ ਵਿੱਚ ਹਸਪਤਾਲ ਦੇ ਮੈਡੀਕਲ ਅਤੇ ਪੈਰਾਮੈਡੀਕਲ ਸਟਾਫ ਦੇ ਨਾਲ ਟ੍ਰੇਨੀ ਵਿਦਿਆਰਥੀਆਂ ਅਤੇ ਸਕੂਲੀ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਨਾਲ ਹੀ ਗਰਭਵਤੀ ਔਰਤਾਂ, ਮਾਵਾਂ ਅਤੇ ਬਾਲੜੀਆਂ ਵੱਲੋਂ ਹਸਪਤਾਲ ਵਿੱਚ ਬੂਟੇ ਲਗਾ ਕੇ ਜੀਵਨ ਰੱਖਿਅਕ ਦੇਵ ਰੂਪੀ ਰੁੱਖਾਂ ਦੀ ਮਹੱਤਤਾ ਨੂੰ ਦਰਸਾਇਆ ਗਿਆ।ਇਸ ਮੌਕੇ ਮੈਡੀਕਲ ਅਫ਼ਸਰ ਡਾ. ਹਰਪ੍ਰੀਤ ਸਿੰਘ, ਗੁਰਲਾਲ ਸਿੰਘ ਬੀਈਈ, ਕੁਲਜੀਤ ਕੌਰ ਨਰਸਿੰਗ ਸਿਸਟਰ, ਮੁਨੀਸ਼ ਮਹਿਤਾ ਸੀਨੀਅਰ ਫਾਰਮੇਸੀ ਅਫ਼ਸਰ, ਅਮਨਪ੍ਰੀਤ ਕੌਰ ਸੀਐੱਚਓ., ਬਲਦੇਵ ਸਿੰਘ ਮਲਟੀਪਰਪਜ਼ ਹੈਲਥ ਵਰਕਰ (ਮੇਲ), ਵਰਿੰਦਰ ਕੌਰ ਏਐੱਨਐੱਮ.,ਸੁਖਵਿੰਦਰ ਸਿੰਘ ਦਰਜਾ ਚਾਰ, ਅੰਮ੍ਰਿਤਸਰ ਕਾਲਜ ਆਫ ਨਰਸਿੰਗ ਦੇ ਟ੍ਰੇਨੀ ਵਿਦਿਆਰਥੀ, ਸਕੂਲੀ ਵਿਦਿਆਰਥਣਾਂ ਅਤੇ ਲੋਕ ਹਾਜ਼ਰ ਸਨ।

# ਜ਼ਿਲ੍ਹਾ ਮੰਡੀਆਂ 'ਚ ਕਣਕ ਦੀ ਖ਼ਰੀਦ ਦਾ 1 ਲੱਖ ਮੀਟਰਿਕ ਟਨ ਦਾ ਅੰਕੜਾ ਪਾਰ : ਡੀ. ਸੀ.

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਤੇਜ਼ੀ ਨਾਲ ਜਾਰੀ ਹੈ ਅਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਦਾ 1 ਲੱਖ ਮੀਟਰਿਕ ਟਨ ਦਾ ਅੰਕੜਾ ਪਾਰ ਹੋ ਗਿਆ ਹੈ।ਕਿਸਾਨਾਂ ਦੀ ਫ਼ਸਲ ਖ਼ਰੀਦਣ ਤੋਂ ਬਾਅਦ 24 ਘੰਟੇ ਦੇ ਅੰਦਰ-ਅੰਦਰ ਫ਼ਸਲ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾ ਰਹੀ ਹੈ।ਜ਼ਿਲ੍ਹਾ ਗੁਰਦਾਸਪੁਰ ਵਿੱਚ ਚੱਲ ਰਹੀ ਕਣਕ ਦੀ ਖ਼ਰੀਦ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 118279 ਮੀਟਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿੱਚੋਂ 104337 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਤੱਕ ਖ਼ਰੀਦ ਏਜੰਸੀ ਪਨਗਰੇਨ ਨੇ 33622 ਮੀਟਰਿਕ ਟਨ, ਮਾਰਕਫੈੱਡ ਨੇ 31075 ਮੀਟਰਿਕ ਟਨ, ਪਨਸਪ ਨੇ 18875 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 15578 ਮੀਟਰਿਕ ਟਨ ਅਤੇ ਐੱਫ਼.ਸੀ.ਆਈ. ਨੇ 5187 ਮੀਟਰਿਕ ਟਨ ਕਣਕ ਖ਼ਰੀਦੀ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 210.26 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਖ਼ਰੀਦੀ ਗਈ ਫ਼ਸਲ ਦੀ ਲਿਫ਼ਟਿੰਗ ਵੀ ਤੇਜ਼ ਕਰ ਦਿੱਤੀ ਗਈ ਹੈ ਅਤੇ ਬੀਤੇ ਕੱਲ੍ਹ ਤੱਕ 20992 ਮੀਟਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ ਗਈ ਹੈ।

# ਪੋਪ ਫਰਾਂਸਿਸ ਦੇ ਦਿਹਾਂਤ 'ਤੇ ਤਰੇਜਾ ਨਗਰ 'ਚ 9 ਦਿਨ ਸੋਗ ਮਨਾਉਣ ਦਾ ਐਲਾਨ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)

ਰੋਮਨ ਕੈਥੋਲਿਕ ਚਰਚ ਦੇ ਪਹਿਲੇ ਲਾਤੀਨੀ ਅਮਰੀਕੀ ਨੇਤਾ ਪੋਪ ਫਰਾਂਸਿਸ ਦਾ ਦਿਹਾਂਤ 'ਤੇ ਬਲਾਕ ਧਾਰੀਵਾਲ ਦੇ 80 ਫੀਸਦੀ ਕ੍ਰਿਸਚੀਅਨ ਭਾਈਚਾਰੇ ਦੀ ਆਬਾਦੀ ਵਾਲੇ ਪਿੰਡ ਤਰੇਜਾ ਨਗਰ ਦੀ ਸਮੁੱਚੀ ਪੰਚਾਇਤ ਅਤੇ ਪਿੰਡ ਵਾਸੀਆਂ ਵੱਲੋਂ ਅਗਲੇ 9 ਦਿਨ ਸੋਗ ਮਨਾਉਣ ਦਾ ਐਲਾਨ ਕੀਤਾ। ਪਿੰਡ ਦੀ ਸਰਪੰਚ ਰਾਖਿਲ ਨੇ ਪਿੰਡ 'ਚ ਕਾਲਾ ਝੰਡਾ ਚੜ੍ਹਾ ਕੇ ਸਮੂਹ ਪਿੰਡ ਵਾਸੀਆਂ ਨੂੰ 9 ਦਿਨਾਂ ਦੌਰਾਨ ਖੁਸ਼ੀ ਦੇ ਕੰਮ-ਕਾਜ ਨਾ ਕਰਨ ਦੀ ਬੇਨਤੀ ਕੀਤੀ। ਪੰਚਾਇਤ ਅਤੇ ਪਿੰਡ ਵਾਸੀਆਂ ਨੇ ਮੋਮਬੱਤੀਆਂ ਜਗਾ ਕੇ ਪੋਪ ਫਰਾਂਸਿਸ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਕੈਥੋਲਿਕ ਕਲੀਸਿਆ ਦੇ ਪੈਰਿਸ ਪ੍ਰੀਸਟ ਅਤੇ ਧਾਰੀਵਾਲ ਡੀਨਰੀ ਦੇ ਡੀਨ ਫਾਦਰ ਜੋਸ ਪਡਿਆਟੀ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਸਮੂਹ ਕਲੀਸਿਆ ਨੂੰ ਕਿਹਾ ਇਸ ਦੁੱਖ ਦੀ ਘੜੀ ਵਿੱਚ ਸੰਯਮ ਨਾਲ ਕੰਮ ਲੈਣ ਅਤੇ ਪੋਪ ਫਰਾਂਸਿਸ ਦੀ ਆਤਮਿਕ ਸ਼ਾਂਤੀ ਲਈ ਹਰ ਰੋਜ਼ ਘਰਾਂ ਵਿੱਚ ਪ੍ਰਾਰਥਨਾ ਕੀਤੀ ਜਾਵੇ। ਮਸੀਹ ਆਗੂਆਂ ਕਿਹਾ ਪੋਪ ਫਰਾਂਸਿਸ ਨੇ ਪੂਰੀ ਜ਼ਿੰਦਗੀ ਪ੍ਰਮੇਸ਼ਵਰ ਅਤੇ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਕੀਤੀ। ਵਿਸ਼ਵ ਸ਼ਾਂਤੀ ਲਈ ਕੀਤੇ ਉਪਰਾਲਿਆਂ ਲਈ ਉਹ ਰਹਿੰਦੀ ਦੁਨੀਆ ਤੱਕ ਯਾਦ ਰਹਿਣਗੇ। ਇਸ ਮੌਕੇ ਪਿੰਡ ਦੀ ਸਰਪੰਚ ਰਾਖਿਲ, ਪੰਚ ਕਸਤਿਨਾ, ਮਧੂ, ਸੋਫੀਆ (ਬਿੰਧ), ਯੂਸਫ਼ ਮਸੀਹ (ਸਾਰੇ ਪੰਚ), ਪ੍ਰਧਾਨ ਰਾਜੂ, ਸਾਬਕਾ ਸਰਪੰਚ ਕਮਲਾ ਰਾਜ, ਸਾਬਕਾ ਪੰਚ ਰਾਜਵਿੰਦਰ ਕੌਰ, ਡਾਇਓਸਿਸ ਆਫ ਜਲੰਧਰ ਲੈਟੀ ਕਮਿਸ਼ਨ ਦੇ ਮੈਂਬਰ ਰਾਕੇਸ਼ ਵਿਲੀਅਮ, ਲੈਟੀ ਕਮਿਸ਼ਨ ਦੇ ਸਾਬਕਾ ਡਾਇਰੈਕਟਰ ਸਮਾਉਣ ਯੂਸਫ਼ ਸੰਧੂ, ਨੰਬਰਦਾਰ ਦੋਮਿਨਿਕ ਸਹੋਤਾ, ਵਿਕਟਰ ਮਸੀਹ, ਰਤਨ ਪ੍ਰੇਮ ਪੌਲ, ਐਵਰੈਸਟ ਸੰਧੂ, ਯੂਸਫ਼ ਰੋਮੀ, ਰਮਨ ਸਾਗਰ, ਫਰਾਂਸਿਸ ਦੀਵਾਨ (ਚੰਦੂ) ਆਦਿ ਹਾਜ਼ਰ ਸਨ।

# ਕਟਾਰੂਚੱਕ ਵੱਲੋਂ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਨਿੰਦਾ

**ਪਠਾਨਕੋਟ (ਦਵਿੰਦਰ ਸਿੰਘ)**-ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਪਹਿਲਗਾਮ ਵਿੱਚ ਸੈਲਾਨੀਆਂ ਤੇ ਅੱਤਵਾਦੀਆਂ ਵੱਲੋਂ ਕੀਤਾ ਗਿਆ ਹਮਲਾ ਬਹੁਤ ਹੀ ਮੰਦਭਾਗੀ ਘਟਨਾ ਹੈ, ਨਿਰਦੋਸ਼ ਲੋਕਾਂ ਦਾ ਕਤਲ ਕਰ ਦੇਣਾ ਇਨਸਾਨੀਅਤ ਨਹੀਂ ਹੈ। ਪਾਕਿਸਤਾਨ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਨਹੀਂ ਆ ਰਿਹਾ, ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਮੰਦਭਾਗੀ ਘਟਨਾ 'ਤੇ ਸਖਤ ਕਦਮ ਚੁੱਕੇ।ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਇੱਕ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਅੰਦਰ ਅਜਿਹੀ ਦਰਿੰਦਗੀ ਦਾ ਨੰਗਾ ਨਾਚ ਜੋ ਅੱਤਵਾਦੀਆਂ ਵੱਲੋਂ ਪੇਸ਼ ਕੀਤਾ ਹੈ ਮੈਂ ਇਸ ਦੀ ਪੂਰੀ ਤਰ੍ਹਾਂ ਨਾਲ ਨਿੰਦਾ ਕਰਦਾ ਹਾਂ ਅਤੇ ਜਿਨ੍ਹਾਂ ਨਿਰਦੋਸ਼ ਲੋਕਾਂ ਨੇ ਇਸ ਆਤੰਕੀ ਹਮਲੇ ਦੌਰਾਨ ਜਾਨਾਂ ਗਵਾਈਆਂ ਹਨ, ਉਨ੍ਹਾਂ ਦੇ ਪਰਿਵਾਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਾ ਹਾਂ।

# ਪੁਲ ਹੇਠੋਂ ਰਸਤਾ ਬਣਾਉਣ ਆਏ ਕਰੱਸ਼ਰ ਮਾਲਕਾਂ ਨੂੰ ਪਿੰਡ ਵਾਸੀਆਂ ਬੇਰੰਗ ਭੇਜਿਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਨੇੜਲੇ ਪਿੰਡ ਚੱਕ ਮੀਰਪੁਰ ਵਿਖੇ ਲੈਫ਼ਟ ਬੈਂਕ ਕਨਾਲ ਦੇ ਪੁਲ ਹੇਠੋਂ ਕਰੱਸ਼ਰ ਮਾਲਕਾਂ ਵੱਲੋਂ ਜੇ ਸੀ ਬੀ ਨਾਲ ਜਬਰੀ ਰਸਤਾ ਬਣਾਉਣ ਨੂੰ ਲੈ ਕੇ ਪਿੰਡ ਵਾਸੀਆਂ ਨੇ ਵਿਰੋਧ ਕੀਤਾ। ਪਿੰਡ ਚੱਕ ਮੀਰਪੁਰ ਦੀ ਮਹਿਲਾ ਸਰਪੰਚ ਕਮਲੇਸ਼ ਕੁਮਾਰੀ, ਪੰਚ ਕੁਲਦੀਪ ਕੌਰ ਅਤੇ ਅਮਰੀਕ ਕੌਰ ਨੇ ਦੱਸਿਆ ਕਿ ਅੱਜ ਬਾਅਦ ਦੁਪਹਿਰ ਕਰੱਸ਼ਰ ਮਾਲਕਾਂ ਨੇ ਪਿੰਡ ਦੀ ਅਬਾਦੀ ਤੋਂ ਕੁੱਝ ਦੂਰੀ 'ਤੇ ਲੈਫ਼ਟ ਬੈਂਕ ਕਨਾਲ (ਐਲ ਬੀ ਸੀ) ਦੇ ਪੁਲ ਹੇਠੋਂ ਸ਼ਮਸ਼ਾਨ ਘਾਟ ਤੇ ਖਤਾਨਾਂ ਨੂੰ ਜਾਂਦੇ ਰਸਤੇ ਰਾਹੀਂ ਮਾਈਨਿੰਗ ਸਮੱਗਰੀ ਲੈ ਕੇ ਜਾਣ ਵਾਲੀਆਂ ਗੱਡੀਆਂ ਦੇ ਲਾਂਘੇ ਲਈ ਜੇ ਸੀ ਬੀ ਲਗਾ ਕੇ ਰਸਤੇ ਨੂੰ ਬਣਾਉਣਾ ਸ਼ੁਰੂ ਕਰ ਦਿੱਤਾ। ਮੌਕੇ 'ਤੇ ਇੱਕਠੇ ਪਿੰਡ ਵਾਸੀਆਂ ਨੇ ਇਸ ਦਾ ਵਿਰੋਧ ਕੀਤਾ।ਇਲਾਕੇ ਵਿਚ ਕਰੱਸ਼ਰ ਅਤੇ ਖਣਨ ਮਾਫੀਆ ਤੋਂ ਲੋਕ ਡਾਢੇ ਔਖੇ ਹਨ। ਇਸ ਦੇ ਬਾਵਜੂਦ ਕਰੱਸ਼ਰ ਮਾਲਕ ਆਪਣੀਆਂ ਗੱਡੀਆਂ ਦੇ ਲਾਂਘੇ ਲਈ ਆਏ ਦਿਨ ਪਿੰਡਾਂ ਫਿਰਨੀਆਂ ਵਿੱਚੋਂ ਰਸਤੇ ਕੱਢਣ ਦੀਆਂ ਨਾਕਾਮ ਕੋਸ਼ਿਸ਼ਾਂ ਆਮ ਕਰਦੇ ਰਹਿੰਦੇ ਹਨ। ਪਿੰਡ ਨਿਵਾਸੀ ਕੈਪਟਨ ਜੋਗਿੰਦਰ ਸਿੰਘ, ਸੇਵਾਮੁਕਤ ਲੈਕਚਰਾਰ ਸੁਰਿੰਦਰ ਸਿੰਘ, ਗੁਰਦਿਆਲ ਸਿੰਘ, ਅਸ਼ੋਕ ਕੁਮਾਰ, ਰਮੇਸ਼ ਲਾਲ ਆਦਿ ਨੇ ਦੱਸਿਆ ਕਿ ਬਿਆਸ ਦਰਿਆ ਵਿੱਚ ਕਰੱਸ਼ਰ ਮਾਲਕਾਂ ਵੱਲੋਂ ਕੀਤੇ ਜਾ ਰਹੇ ਅੰਨ੍ਹੇਵਾਹ ਖਣਨ ਕਾਰਨ ਜ਼ਮੀਨ ਦੋਜ਼ ਪਾਣੀ ਦਾ ਪੱਧਰ ਨੀਵਾਂ ਚੱਲਾ ਗਿਆ ਹੈ, ਇਲਾਕੇ ਦੀ ਭੂਗੋਲਿਕ ਦਿੱਖ ਬਦਲ ਚੁੱਕੀ ਹੈ। ਭਾਰੀ ਬਰਸਾਤ ਦੌਰਾਨ ਹੜ੍ਹਾਂ ਦਾ ਖਤਰਾ ਵਧ ਗਿਆ ਹੈ। ਇਨ੍ਹਾਂ ਗੱਲਾਂ ਤੋਂ ਦੁਖੀ ਹੋ ਕੇ ਪੀੜਤ ਲੋਕ ਪਿਛਲੇ ਲੰਮੇ ਸਮੇਂ ਖਣਨ ਅਤੇ ਕਰੱਸ਼ਰਾਂ ਦਾ ਵਿਰੋਧ ਕਰ ਰਹੇ ਹਨ। ਲੋਕਾਂ ਦੇ ਸੰਘਰਸ਼ ਦਾ ਖਣਨ ਮਾਫੀਆ, ਕਰੱਸ਼ਰ ਕਾਰੋਬਾਰੀਆਂ ਅਤੇ ਰਾਜ ਸਰਕਾਰ ਦੇ ਕੰਨਾਂ 'ਤੇ ਜੂੰ ਤੱਕ ਨਹੀਂ ਸਰਕ ਰਹੀ। ਅੱਜ ਫਿਰ ਕਰੱਸ਼ਰ ਮਾਲਕਾਂ ਨੇ ਸੋਚੀ ਸਮਝੀ ਸਾਜਿਸ਼ ਤਹਿਤ ਸਰਕਾਰੀ ਨਹਿਰ ਦੇ ਪੁਲ ਦੇ ਹੇਠਾਂ ਜੇ ਸੀ ਬੀ ਮਸ਼ੀਨ ਨਾਲ ਖੁਦਾਈ ਕਰਕੇ ਭਾਰੀ ਭਰਕਮ ਗੱਡੀਆਂ ਦੀ ਆਵਾਜਾਈ ਲਈ ਰਸਤਾ ਬਣਾਉਣ ਦੀ ਕੋਸ਼ਿਸ਼ ਕੀਤੀ। ਪਿੰਡ ਵਾਸੀਆਂ ਦੇ ਡਟਵੇਂ ਵਿਰੋਧ ਤੋਂ ਬਾਅਦ ਕਰੱਸ਼ਰ ਮਾਲਕਾਂ ਨੂੰ ਕੰਮ ਵਿਚਾਲੇ ਛੱਡ ਕੇ ਵਾਪਸ ਜਾਣਾ ਪਿਆ। ਮੌਕੇ 'ਤੇ ਪਹੁੰਚੀ ਏ ਐਸ ਆਈ ਨਰੇਸ਼ ਕੁਮਾਰ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਲੋਕਾਂ ਦੇ ਰੋਹ ਨੂੰ ਸ਼ਾਂਤ ਕੀਤਾ। ਪਿੰਡ ਵਾਸੀਆਂ ਨੇ ਐਲਾਨ ਕੀਤਾ ਕਿ ਉਹ ਪਿੰਡ ਵਿੱਚੋਂ ਕਰੱਸ਼ਰਾਂ ਦੀਆਂ ਗੱਡੀਆਂ ਨਹੀਂ ਲੰਘਣ ਦੇਣਗੇ।

# ਅਮਰੀਕਾ 'ਚ ਪੰਜਾਬੀ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਸੁਲਤਾਨਪੁਰ ਲੋਧੀ ਇਲਾਕੇ 'ਚ ਉਸ ਸਮੇਂ ਸੋਗ ਦੀ ਲਹਿਰ ਦੌੜ ਗਈ ਜਦੋਂ ਅਮਰੀਕਾ ਵਿਚ



ਇਲਾਕੇ ਦੇ ਨੌਜਵਾਨ ਦੀ ਸੜਕ ਹਾਦਸੇ ਵਿਚ ਮੌਤ ਹੋਣ ਦਾ ਦੁਖ਼ਦਾਈ ਸਮਾਚਾਰ ਪ੍ਰਾਪਤ ਹੋਇਆ। ਮ੍ਰਿਤਕ ਦੀ ਪਹਿਚਾਣ ਗੁਰਮਿੰਦਰ ਸਿੰਘ (31) ਪੁੱਤਰ ਜਰਨੈਲ ਸਿੰਘ ਵਜੋਂ ਹੋਈ ਹੈ। ਮ੍ਰਿਤਕ ਜ਼ਿਲ੍ਹਾ ਕਪੂਰਥਲਾ ਦੇ ਹਲਕਾ ਸੁਲਤਾਨਪੁਰ ਲੋਧੀ ਦੇ ਪਿੰਡ ਭਾਗੋਅਰਾਈਆਂ ਦਾ ਰਹਿਣ ਵਾਲਾ ਸੀ।ਗੁਰਵਿੰਦਰ ਸਿੰਘ ਉਰਫ ਗੁਰਵਿੰਦਰ ਚੀਮਾ ਰੁਜ਼ਗਾਰ ਲਈ 2018 ਵਿੱਚ ਵਿਦੇਸ਼ ਗਿਆ ਸੀ ਪਰ ਅਚਾਨਕ ਉਸ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਨੌਜਵਾਨ ਦੀ ਮੌਤ ਦੀ ਖ਼ਬਰ ਮਿਲਦਿਆਂ ਪਿੰਡ 'ਚ ਮਾਤਮ ਛਾ ਗਿਆ। ਮ੍ਰਿਤਕ ਨੌਜਵਾਨ ਅਜੇ ਕੁਆਰਾ ਸੀ। ਜਾਣਕਾਰੀ ਅਨੁਸਾਰ ਨੌਜਵਾਨ ਅਮਰੀਕਾ ਦੇ ਰੀਡਲੇ ਸ਼ਹਿਰ ਸ਼ਾਮ ਸਮੇਂ ਸੈਰ ਕਰ ਰਿਹਾ ਸੀ। ਇਸ ਦੌਰਾਨ ਪਿੱਛੋਂ ਆ ਰਹੀਆਂ ਦੋ ਗੱਡੀਆਂ ਵੱਲੋਂ ਲਾਪਰਵਾਹੀ ਕਰਦਿਆਂ ਉਸ ਨੂੰ ਦਰੜ ਦਿੱਤਾ ਗਿਆ। ਜਿਸ ਕਾਰਨ ਗੁਰਮਿੰਦਰ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਹਾਲਾਂਕਿ ਐਂਬੂਲੈਂਸ ਦੀ ਮਦਦ ਦੇ ਨਾਲ ਉਸ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਪਰੰਤੂ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਮੌਕੇ ਇਲਾਕੇ ਦੀਆਂ ਮੁੱਖ ਸ਼ਖ਼ਸੀਅਤਾਂ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਵਾਰ ਨਾਲ ਦੁੱਖ ਸਾਂਝਾ ਕੀਤਾ।

# ਓਮ ਬਿਰਲਾ ਨੇ ਐੱਲ ਪੀ ਯੂ ਦੇ ਸਾਲਾਨਾ ਉਤਸਵ 'ਏਕ ਭਾਰਤ ਏਕ ਵਿਸ਼ਵ' ਦਾ ਕੀਤਾ ਉਦਘਾਟਨ

**ਜਲੰਧਰ (ਸ਼ੈਲੀ ਐਲਬਰਟ)**

ਏਕਤਾ ਅਤੇ ਸੱਭਿਆਚਾਰਕ ਸਦਭਾਵਨਾ ਦੇ ਇੱਕ ਸ਼ਾਨਦਾਰ ਜਸ਼ਨ ਵਿੱਚ, ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਉਸ ਸਮੇਂ ਜੀਵੰਤ ਹੋ ਗਈ ਜਦੋਂ ਲੋਕ ਸਭਾ ਦੇ ਸਪੀਕਰ, ਓਮ ਬਿਰਲਾ ਨੇ ਯੂਨੀਵਰਸਿਟੀ ਕੈਂਪਸ ਵਿੱਚ ਸਾਲਾਨਾ ਤਿਉਹਾਰ 'ਏਕ ਭਾਰਤ, ਏਕ ਵਿਸ਼ਵ' ਦਾ ਉਦਘਾਟਨ ਕੀਤਾ।ਤਿੰਨ ਦਿਨਾਂ ਦਾ ਇਹ ਮੈਗਾ ਪ੍ਰੋਗਰਾਮ 'ਰੰਗ ਦੇ ਭਾਰਤ - ਕਲਾ ਅਤੇ ਸੱਭਿਆਚਾਰ ਰਾਹੀਂ ਦੇਸ਼ ਭਗਤੀ ਦਾ ਜਸ਼ਨ' ਥੀਮ ਹੇਠ ਆਯੋਜਿਤ ਕੀਤਾ ਗਿਆ ਸੀ।ਹਜ਼ਾਰਾਂ ਵਿਦਿਆਰਥੀ ਭਾਗੀਦਾਰਾਂ, 30 ਚੁਣੇ ਹੋਏ ਪ੍ਰਦਰਸ਼ਨੀ ਸਟਾਲਾਂ ਅਤੇ 40,000 ਤੋਂ ਵੱਧ ਉਤਸ਼ਾਹੀ ਦਰਸ਼ਕਾਂ ਦੇ ਨਾਲ, ਇਹ ਤਿਉਹਾਰ ਨੌਜਵਾਨਾਂ, ਵਿਭਿੰਨਤਾ ਅਤੇ ਸੱਭਿਆਚਾਰਕ ਪ੍ਰਗਟਾਵੇ ਦਾ ਇੱਕ ਬੇਮਿਸਾਲ ਜਸ਼ਨ ਬਣ ਗਿਆ।ਹਾਜ਼ਰੀਨ ਨੂੰ ਸੰਬੋਧਨ ਕਰਦੇ ਹੋਏ, ਲੋਕ ਸਭਾ ਦੇ ਮਾਨਯੋਗ ਸਪੀਕਰ, ਸ਼੍ਰੀ ਓਮ ਬਿਰਲਾ ਨੇ ਨੌਜਵਾਨਾਂ ਨੂੰ ਸਿੱਖਿਅਤ ਕਰਨ ਵਿੱਚ ਐਲਪੀਯੂ ਦੇ ਸ਼ਾਨਦਾਰ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਕਿਹਾ, ਐਲ ਪੀ ਯੂ ਇੱਕ ਵਿਲੱਖਣ ਯੂਨੀਵਰਸਿਟੀ ਹੈ ਜਿੱਥੇ 40,000 ਤੋਂ ਵੱਧ ਵਿਦਿਆਰਥੀ ਇੱਕੋ ਕੈਂਪਸ ਵਿੱਚ ਇਕੱਠੇ ਰਹਿੰਦੇ ਹਨ ਅਤੇ ਪੜ੍ਹਦੇ ਹਨ, ਜਿਸ ਵਿੱਚ 50 ਤੋਂ ਵੱਧ ਦੇਸ਼ਾਂ ਦੇ ਸਿਖਿਆਰਥੀ ਸ਼ਾਮਲ ਹਨ।200 ਤੋਂ ਵੱਧ ਪ੍ਰੋਗਰਾਮਾਂ ਵਿੱਚ, ਵਿਦਿਆਰਥੀ ਸਿੱਖਿਆ, ਖੋਜ ਅਤੇ ਇੱਥੋਂ ਤੱਕ ਕਿ ਅਧਿਆਪਨ ਵਿੱਚ ਵੀ ਲੱਗੇ ਹੋਏ ਹਨ। ਤੁਸੀਂ ਸੱਚਮੁੱਚ ਖੁਸ਼ਕਿਸਮਤ ਹੋ ਕਿ ਤੁਸੀਂ ਅਜਿਹੀ ਸੰਸਥਾ ਦਾ ਹਿੱਸਾ ਹੋ।ਦੋ



ਦਹਾਕਿਆਂ ਤੋਂ ਵੱਧ ਸਮੇਂ ਤੋਂ, ਐਲ ਪੀ ਯੂ ਸਿੱਖਿਆ ਦੇ ਖੇਤਰ ਵਿੱਚ ਇੱਕ ਮੋਹਰੀ ਰਿਹਾ ਹੈ, ਸਮੇਂ ਦੇ ਨਾਲ ਨਿਰੰਤਰ ਵਿਕਸਤ ਹੋ ਰਿਹਾ ਹੈ। ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਨੇ ਓਮ ਬਿਰਲਾ ਦਾ ਨਿੱਘਾ ਸਵਾਗਤ ਕੀਤਾ ਅਤੇ ਐਲ ਪੀ ਯੂ ਕੈਂਪਸ ਵਿੱਚ ਉਨ੍ਹਾਂ ਦੀ ਸ਼ਾਨਦਾਰ ਮੌਜੂਦਗੀ ਲਈ ਧੰਨਵਾਦ ਕੀਤਾ। ਡਾ. ਮਿੱਤਲ ਨੇ ਕਿਹਾ, 'ਐਲ ਪੀ ਯੂ ਵਸੁਧੈਵ ਕੁਟੁੰਬਕਮ ਦੀ ਭਾਵਨਾ ਵਿੱਚ ਵਿਸ਼ਵਾਸ ਰੱਖਦਾ ਹੈ ਅਤੇ ਉਸ ਅਨੁਸਾਰ ਜੀਉਂਦਾ ਹੈ-ਦੁਨੀਆ ਇੱਕ ਪਰਿਵਾਰ ਹੈ।

# ਮਾਹਿਲਪੁਰ ਤੋਂ ਝੰਜੋਵਾਲ ਵਾਇਆ ਕਹਾਰਪੁਰ ਲਿੰਕ ਰੋਡ 'ਤੇ ਕੰਮ ਸ਼ੁਰੂ



**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)**

ਚੱਬੇਵਾਲ ਵਿਧਾਨ ਸਭਾ ਹਲਕੇ ਦੇ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਲਈ ਇੱਕ ਹੋਰ ਮਹੱਤਵਪੂਰਣ ਕਦਮ ਚੁੱਕਿਆ ਗਿਆ ਹੈ।ਲਗਭਗ 2.25 ਕਰੋੜ ਰੁਪਏ ਦੀ ਲਾਗਤ ਨਾਲ ਮਾਹਿਲਪੁਰ ਤੋਂ ਝੰਜੋਵਾਲ ਵਾਇਆ ਕਹਾਰਪੁਰ ਲਿੰਕ ਰੋਡ ਦਾ ਨਿਰਮਾਣ ਕੰਮ ਸ਼ੁਰੂ ਕੀਤਾ ਗਿਆ ਹੈ।ਇਸ ਸੜਕ ਦੇ ਬਣਨ ਨਾਲ ਹਜ਼ਾਰਾਂ ਲੋਕਾਂ ਨੂੰ ਰਾਹਤ ਮਿਲੇਗੀ, ਜੋ ਕਾਫੀ ਸਮੇਂ ਤੋਂ ਵਧੀਆ ਆਵਾਜਾਈ ਦੀ ਸਹੂਲਤ ਦੀ ਮੰਗ ਕਰ ਰਹੇ ਸਨ।3.72 ਕਿਲੋਮੀਟਰ ਲੰਬੀ ਇਹ ਸੜਕ ਹੁਣ 18 ਫੁੱਟ ਚੌੜੀ ਬਣਾਈ ਜਾ ਰਹੀ ਹੈ, ਜਿਸ ਨਾਲ ਆਉਣ-ਜਾਣ ਵਿੱਚ ਅਸਾਨੀ ਹੋਵੇਗੀ ਤੇ ਇਲਾਕੇ ਵਿੱਚ ਟ੍ਰੈਫਿਕ ਦੀ ਸਥਿਤੀ ਵਿੱਚ ਵੱਡਾ ਸੁਧਾਰ ਆਏਗਾ।ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਸਾਂਸਦ ਡਾ. ਰਾਜਕੁਮਾਰ ਚੱਬੇਵਾਲ ਨੇ ਮੌਕੇ 'ਤੇ ਪਹੁੰਚ ਕੇ ਕੰਮ ਦਾ ਜਾਇਜ਼ਾ ਲਿਆ ਅਤੇ ਕਿਹਾ, ਇਹ ਲਿੰਕ ਰੋਡ ਸਿਰਫ ਇੱਕ ਨਿਰਮਾਣ ਪਰੋਜੈਕਟ ਨਹੀਂ, ਸਗੋਂ ਇਲਾਕੇ ਦੇ ਸਮਾਜਿਕ ਤੇ ਆਰਥਿਕ ਵਿਕਾਸ ਦੀ ਮਜ਼ਬੂਤ ਨੀਂਹ ਹੈ।ਇਸ ਨਾਲ ਨਾ ਸਿਰਫ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਿਆ ਜਾਵੇਗਾ, ਸਗੋਂ ਸਥਾਨਕ ਗੁਰਦੁਆਰਾ ਸ੍ਰੀ ਸ਼ਹੀਦਾਂ ਸਿੰਘਾਂ ਸਾਹਿਬ ਜੀ ਤੱਕ ਪਹੁੰਚ ਵੀ ਅਸਾਨ ਹੋ ਜਾਵੇਗੀ।ਉਨ੍ਹਾਂ ਅੱਗੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਆਵਾਜਾਈ ਵਿੱਚ ਨਾ ਸਿਰਫ ਸਹੂਲਤ ਮਿਲੇਗੀ, ਸਗੋਂ ਉਨ੍ਹਾਂ ਦੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਵੀ ਵੱਡਾ ਬਦਲਾਅ ਆਵੇਗਾ। ਉਨ੍ਹਾਂ ਦੱਸਿਆ ਕਿ ਸੜਕ ਨੂੰ ਟਿਕਾਊ ਅਤੇ ਸੁਰੱਖਿਅਤ ਬਣਾਉਣ ਲਈ ਆਧੁਨਿਕ ਇੰਜੀਨੀਅਰਿੰਗ ਤਕਨਾਲੋਜੀਆਂ ਦੀ ਵਰਤੋਂ ਕੀਤੀ ਜਾਵੇਗੀ, ਜਿਸ ਨਾਲ ਇਹ ਸੜਕ ਮੌਸਮੀ ਮਾਰ ਤੋਂ ਵੀ ਸੁਰੱਖਿਅਤ ਰਹੇਗੀ ਅਤੇ ਲੰਬੇ ਸਮੇਂ ਤੱਕ ਟਿਕਾਊ ਬਣੀ ਰਹੇਗੀ।ਡਾ. ਚੱਬੇਵਾਲ ਨੇ ਕਿਹਾ ਕਿ ਇਨ੍ਹਾਂ ਤਰ੍ਹਾਂ ਦੇ ਵਿਕਾਸ ਕਾਰਜਾਂ ਰਾਹੀਂ ਪਿੰਡਾਂ ਨੂੰ ਮੁੱਖ ਧਾਰਾ ਨਾਲ ਜੋੜਿਆ ਜਾ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਲਾਕੇ ਵਿੱਚ ਹੋਰ ਵੀ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਵਾਲੇ ਪਰੋਜੈਕਟ ਸ਼ੁਰੂ ਕੀਤੇ ਜਾਣਗੇ।ਪਿੰਡ ਵਾਸੀਆਂ ਨੇ ਇਸ ਪਹਿਲ ਦਾ ਸੁਆਗਤ ਕਰਦਿਆਂ ਸਾਂਸਦ ਦਾ ਧੰਨਵਾਦ ਕੀਤਾ ਅਤੇ ਉਮੀਦ ਜਤਾਈ ਕਿ ਇਸ ਸੜਕ ਦੇ ਨਿਰਮਾਣ ਨਾਲ ਇਲਾਕੇ ਦੇ ਵਿਕਾਸ ਨੂੰ ਨਵੀਂ ਰਫ਼ਤਾਰ ਮਿਲੇਗੀ।

# ਐੱਸ ਡੀ ਐੱਮ ਨੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਮਾਰਕੀਟ ਕਮੇਟੀ ਟਾਂਡਾ ਅਧੀਨ ਆਉਂਦੀ ਅਨਾਜ ਮੰਡੀ ਟਾਂਡਾ ਵਿਖੇ ਅੱਜ ਐਸ.ਡੀ.ਐਮ ਟਾਂਡਾ ਪਰਮਪ੍ਰੀਤ ਸਿੰਘ ਨੇ ਅਚਨਚੇਤ ਮੰਡੀ ਦਾ ਦੌਰਾ ਕਰਦੇ ਹੋਏ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਉਨਾਂ ਦੇ ਨਾਲ ਸੁਪਰਡੈਂਟ ਸੁਖਵਿੰਦਰ ਸਿੰਘ, ਸੈਕਟਰੀ ਮਾਰਕੀਟ ਕਮੇਟੀ ਟਾਂਡਾ ਹਰਪ੍ਰੀਤ ਸਿੰਘ ਜੌਹਲ, ਆੜਤੀ ਐਸੋਸੀਏਸ਼ਨ ਦੇ ਪ੍ਰਧਾਨ ਅਵਤਾਰ ਸਿੰਘ ਸੈਣੀ, ਮੰਡੀ ਸੁਪਰਵਾਈਜ਼ਰ ਅਮਰਜੀਤ ਸਿੰਘ ਜੌਨੀ, ਮੰਡੀ ਸੁਪਰਵਾਈਜ਼ਰ ਨਵਦੀਪ ਸਿੰਘ ਵੀ ਮੌਜੂਦ ਸਨ। ਇਸ ਮੌਕੇ ਐਸ.ਡੀ.ਐਮ ਪਰਮਪ੍ਰੀਤ ਸਿੰਘ ਨੇ ਅਨਾਜ ਮੰਡੀ ਟਾਂਡਾ ਦਾ ਦੌਰਾ ਕਰਦੇ ਹੋਏ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਦੀਆਂ ਵੱਖ-ਵੱਖ ਸਮੱਸਿਆਵਾਂ ਸੁਣੀਆਂ। ਇਸ ਤੋਂ ਇਲਾਵਾ ਉਹਨਾਂ ਕਣਕ ਦੀ ਹੋ ਰਹੀ ਖਰੀਦ ਸਬੰਧੀ ਜਾਇਜ਼ਾ ਲੈਂਦੇ ਹੋਏ ਕਣਕ ਤੋਲਣ ਵਾਲੇ ਕੰਡਿਆਂ ਦਾ ਨਿਰੀਖਣ ਵੀ ਕੀਤਾ। ਐਸ.ਡੀ.ਐਮ ਨੇ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਇਸ ਚੀਜ਼ ਨੂੰ ਪੁਖਤਾ ਕਰਨ ਲਈ ਉਨ੍ਹਾਂ ਇਹ ਦੌਰਾ ਕੀਤਾ ਜਿਸ ਦੌਰਾਨ ਪਾਇਆ ਗਿਆ ਕਿ ਅਨਾਜ ਮੰਡੀ ਟਾਂਡਾ ਵਿੱਚ ਕਣਕ ਦੀ ਖਰੀਦ ਸੁਚਾਰੂ ਢੰਗ ਨਾਲ ਚੱਲ ਰਹੀ ਹੈ ਅਤੇ ਇੱਕਾਂ ਦੁੱਕਾ ਸਮੱਸਿਆਵਾਂ ਨੂੰ ਛੱਡ ਕੇ ਹੋ ਰਹੀ ਖਰੀਦ ਤੋਂ ਕਿਸਾਨ, ਆੜ੍ਹਤੀ ਤੇ ਲੇਬਰ ਪੂਰੀ ਤਰ੍ਹਾਂ ਸੰਤੁਸ਼ਟ ਹੈ।ਇਸ ਮੌਕੇ ਉਨ੍ਹਾਂ ਦੱਸਿਆ ਕਿ ਅਨਾਜ ਮੰਡੀ ਟਾਂਡਾ ਤੋਂ ਇਲਾਵਾ ਦਾਣਾ ਮੰਡੀ ਟਾਂਡਾ ਦੇ ਵੱਖ-ਵੱਖ ਸਹਾਇਕ ਖਰੀਦ ਕੇਂਦਰਾਂ ਦਾ ਵੀ ਦੌਰਾ ਕੀਤਾ ਗਿਆ ਹੈ। ਉਧਰ ਮਾਰਕੀਟ ਕਮੇਟੀ ਟਾਂਡਾ ਦੇ ਸੈਕਟਰੀ ਹਰਪ੍ਰੀਤ ਸਿੰਘ ਜੌਹਲ ਅਤੇ ਦੀ ਮੰਡੀ ਸੁਪਰਵਾਈਜ਼ਰ ਅਮਰਜੀਤ ਸਿੰਘ ਜੌਨੀ ਨੇ ਦੱਸਿਆ ਕਿ ਮੌਜੂਦਾ ਕਣਕ ਦੇ ਸੀਜ਼ਨ ਦੌਰਾਨ ਦਾਣਾ ਮੰਡੀ ਟਾਂਡਾ ਵਿੱਚ ਹੁਣ ਤੱਕ 64 ਲੱਖ 553 ਕੁਇੰਟਲ, ਖਰੀਦ ਕੇਂਦਰ ਮਿਆਣੀ ਵਿੱਚ 24 ਲੱਖ 736 ਕੁਇੰਟਲ, ਜਲਾਲਪੁਰ ਵਿੱਚ 1379 ਕੁਇੰਟਲ ਨੰਬੂਹ ਵਿੱਚ 10639 ਕੁਇੰਟਲ, ਖੋਖਰ 21540 ਕੁਇੰਟਲ, ਕੰਧਾਲਾ ਜੱਟਾਂ 715 ਕੁਇੰਟਲ, ਘੋੜਾਵਾਹਾ 1410 ਕੁਇੰਟਲ ਤੇ ਕੰਧਾਲਾ ਸ਼ੇਖਾ 255 ਕੁਇੰਟਲ ਕਣਕ ਦੀ ਖਰੀਦ ਵੱਖ-ਵੱਖ ਖਰੀਦ ਏਜੰਸੀਆਂ ਜਿਵੇਂ ਮਾਰਕਫੈਡ , ਪਨਸਪ, ਪਨਗਰੇਨ ਅਤੇ ਐਫ.ਸੀ.ਆਈ ਵੱਲੋਂ ਕੀਤੀ ਜਾ ਚੁੱਕੀ ਹੈ।

# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਵਾਤਾਵਰਣ ਦਿਵਸ ਮਨਾਇਆ

**ਕਪੂਰਥਲਾ, (ਹਨੀ)**

ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਵਾਤਾਵਰਣ ਦਿਵਸ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਸਕੂਲ ਦੇ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਉਚੇਚੇ ਤੌਰ 'ਤੇ ਸਮਾਗਮ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਸਕੂਲ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨਾਲ ਸਕੂਲ ਦੇ ਵਿਹੜੇ ਵਿੱਚ ਛਾਂਦਾਰ ਤੇ ਫਲਦਾਰ ਪੌਦੇ ਲਗਾਏ ਗਏ।ਇਸ ਮੌਕੇ ਬੋਲਦਿਆਂ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਨੇ ਕਿਹਾ ਕਿ ਸਾਡੀ ਨੌਜਵਾਨ ਪੀੜੀ ਨੂੰ ਰੁੱਖਾਂ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ, ਉਨ੍ਹਾਂ ਕਿਹਾ ਕਿ ਰੁੱਖ ਹੀ ਮਨੁੱਖੀ ਜੀਵਨ ਦਾ ਆਧਾਰ ਹਨ, ਜੋ ਸਾਨੂੰ ਕਈ ਪ੍ਰਕਾਰ ਦੀਆਂ ਬਿਮਾਰੀਆਂ ਤੋਂ ਵੀ ਬਚਾਉਂਦੇ ਹਨ।ਉਨ੍ਹਾਂ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਤਾਜ਼ਾ ਅਤੇ



ਸ਼ੁੱਧ ਵਾਤਾਵਰਣ ਮਿਲ ਸਕੇ।ਇਸ ਦੌਰਾਨ ਸੀਨੀਅਰ ਵਿੰਗ ਅਤੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਦਰਮਿਆਨ ਡੈਕਲਾਮੇਸ਼ਨ ਪ੍ਰਤੀਯੋਗਿਤਾ ਕਰਵਾਈ ਗਈ, ਜਦਕਿ ਕੇ ਜੀ ਵਿੰਗ ਦੇ ਬੱਚਿਆਂ ਨੇ ਟਰੀ ਪਲਾਂਟੇਸ਼ਨ ਦੀ ਗਤੀਵਿਧੀ ਵਿੱਚ ਹਿੱਸਾ ਲਿਆ।

# ਨਸ਼ੀਲੀਆਂ ਗੋਲੀਆਂ ਸਮੇਤ ਇੱਕ ਗ੍ਰਿਫ਼ਤਾਰ

**ਟਾਂਡਾ ਉੜਮੁੜ, (ਜਸਵਿੰਦਰ ਸਿੰਘ, ਓਂਕਾਰ ਸਿੰਘ)**-ਜ਼ਿਲ੍ਹਾ ਪੁਲਸ ਮੁਖੀ ਸੰਦੀਪ ਕੁਮਾਰ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਟਾਂਡਾ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਵਿੱਢੀ ਗਈ ਮੁਹਿੰਮ ਤਹਿਤ ਟਾਂਡਾ ਪੁਲਸ ਨੇ ਇੱਕ ਵਿਅਕਤੀ ਨੇ ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀਥਾਣਾ ਟਾਂਡਾ ਦੇ ਮੁਖੀ ਇੰਸਪੈਕਟਰ ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਡੀ.ਐਸ.ਪੀ ਸਬ ਡਵੀਜ਼ਨ ਟਾਂਡਾ ਦਵਿੰਦਰ ਸਿੰਘ ਬਾਜਵਾ ਦੀ ਅਗਵਾਈ ਵਿੱਚ ਟਾਂਡਾ ਪੁਲਸ ਦੇ ਏ.ਐਸ.ਆਈ ਦਰਸ਼ਨ ਸਿੰਘ ਦੀ ਟੀਮ ਵੱਲੋਂ ਚੰਡੀਗੜ੍ਹ ਕਲੋਨੀ ਨਜ਼ਦੀਕ ਗ੍ਰਿਫਤਾਰ ਕੀਤੇ ਗਏ ਵਿਅਕਤੀ ਦੀ ਪਹਿਚਾਣ ਪਰਮਪਾਲ ਸਿੰਘ ਵਾਸੀ ਖਰਲ ਖੁਰਦ ਵਜੋਂ ਹੋਈ ਅਤੇ ਪੁਲਸ ਵੱਲੋਂ ਉਸ ਦੀ ਤਲਾਸ਼ੀ ਲਏ ਜਾਣ 'ਤੇ ਉਸ ਕੋਲੋਂ 107 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਉਹਨਾਂ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ 'ਚ ਧਰਤੀ ਦਿਵਸ ਮਨਾਇਆ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** – ਬਾਬੇ ਕੇ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਧਰਤੀ ਦਿਵਸ ਦੇ ਮੌਕੇ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਸ ਮੌਕੇ ਸਾਰੇ ਵਿਦਿਆਰਥੀਆਂ ਨੇ ਵੱਖ-ਵੱਖ ਗਤਿਵਿਧੀਆਂ ਵਿੱਚ ਭਾਗ ਲਿਆ।ਕਿੰਡਰਗਾਰਟਨ ਦੇ ਬੱਚਿਆਂ ਨੇ ਧਰਤੀ ਦਿਵਸ ਨੂੰ ਸਮਰਪਿਤ ਕਲਾ ਤੇ ਕਰਾਫਟ ਦੀਆਂ ਪ੍ਰਦਰਸ਼ਨੀਆ ਕੀਤੀਆਂ। ਪਹਿਲੀ ਤੋਂ ਛੇਵੀਂ ਕਲਾਸ ਦੇ ਵਿਦਿਆਰਥੀਆਂ ਨੇ ਰੁੱਖ ਲਗਾਏ। ਉੱਚ ਕਲਾਸਾਂ (ਸਤਵੀਂ ਤੋਂ ਬਾਰ੍ਹਵੀਂ) ਦੇ ਵਿਦਿਆਰਥੀਆਂ ਲਈ ਪੋਸਟਰ ਬਣਾਉਣ ਦੀ ਗਤੀਵਿਧੀ ਕਰਵਾਈ ਗਈ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੱਦਾਮ ਖਾਨ ਨੇ ਧਰਤੀ ਦੇ ਮਹੱਤਵ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਧਰਤੀ ਦੀ ਸੁਰੱਖਿਆ ਲਈ ਜ਼ਿੰਮੇਵਾਰ ਨਾਗਰਿਕ ਬਣਨ। ਡਿਪਟੀ ਡਾਇਰੈਕਟਰ/ਪ੍ਰਿੰਸਿਪਲ ਸਰਗਮ ਥਿੰਦ ਨੇ ਵੀ ਵਿਦਿਆਰਥੀਆਂ ਨੂੰ ਵਾਤਾਵਰਣ ਬਚਾਉਣ ਦੀ ਅਹਿਮੀਅਤ ਬਾਰੇ ਉਤਸ਼ਾਹਤ ਕੀਤਾ। ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੀ ਭਾਗੀਦਾਰੀ ਦੀ ਸਾਰਾਹਨਾ ਕੀਤੀ ਗਈ।

# ਰਿਆਤ ਬਾਹਰਾ ਫੈਸ਼ਨ ਡਿਜ਼ਾਇਨ ਵਿਭਾਗ ਵੱਲੋਂ ਫੈਸ਼ਨਿਸਟਾ-2025 ਦਾ ਆਯੋਜਨ

**ਹੁਸ਼ਿਆਰਪੁਰ, (ਬਲਬੀਰ ਸਿੰਘ ਸੈਣੀ)**

ਰਿਆਤ ਬਾਹਰਾ ਇੰਸਟੀਚਿਊਟ ਆਫ ਮੈਨੇਜਮੈਂਟ ਦੇ ਫੈਸ਼ਨ ਡਿਜ਼ਾਇਨ ਵਿਭਾਗ ਵੱਲੋਂ ਆਯੋਜਿਤ ਕੀਤੇ ਗਏ ਫੈਸ਼ਨ ਸ਼ੋਅ ਫੈਸ਼ਨਿਸਟਾ-2025 ਦੌਰਾਨ ਵਿਦਿਆਰਥੀਆਂ ਨੇ ਆਪਣੀ ਰਚਨਾਤਮਕਤਾ ਅਤੇ ਡਿਜ਼ਾਇਨ ਕੌਸ਼ਲ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਹ ਸ਼ੋਅ ਨਵੇਂ ਉਭਰਦੇ ਡਿਜ਼ਾਇਨਰਾਂ ਲਈ ਇੱਕ ਵੱਡਾ ਮੰਚ ਸਾਬਤ ਹੋਇਆ, ਜਿਸ ਵਿੱਚ ਪਰੰਪਰਾਵਾਂ ਅਤੇ ਆਧੁਨਿਕਤਾ ਦਾ ਸੁੰਦਰ ਮੇਲ ਵੇਖਣ ਨੂੰ ਮਿਲਿਆ।ਕਾਰਜਕ੍ਰਮ ਦੀ ਸ਼ੁਰੂਆਤ ਫੈਸ਼ਨ ਬੁਟਿਕ ਬਾਈ ਸਰੋਜ ਨਾਕੜਾ ਵੱਲੋਂ ਪੇਸ਼ ਕੀਤੇ ਗਏ ਸਪਾਂਸਰ ਰਾਊਂਡ ਨਾਲ ਹੋਈ।ਕੁੱਲ 18 ਕਲੇਕਸ਼ਨ ਰੈਂਪ 'ਤੇ ਪੇਸ਼ ਕੀਤੇ ਗਏ, ਜਿਨ੍ਹਾਂ ਵਿੱਚ ਟਿਕਾਊ ਫੈਸ਼ਨ, ਸੰਸਕ੍ਰਿਤਕ ਵਿਭਿੰਨਤਾ ਅਤੇ ਭਵਿੱਖ ਦੀ ਸੋਚ ਦੀ ਝਲਕ ਸਾਫ਼ ਦਿੱਖੀ।ਵਿਦਿਆਰਥੀਆਂ ਨੇ ਆਪਣੇ ਕਲੇਕਸ਼ਨਾਂ ਰਾਹੀਂ ਰੰਗਾਂ, ਹਥਕਲਾਵਾਂ ਅਤੇ ਡਿਜ਼ਾਇਨ ਦੀ ਗਹਿਰਾਈ ਨੂੰ ਦਰਸਾਇਆ, ਜਿਸਨੂੰ ਦਰਸ਼ਕਾਂ ਵੱਲੋਂ ਭਰਪੂਰ ਪ੍ਰਸ਼ੰਸਾ ਮਿਲੀ।ਇਸ ਮੌਕੇ ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ, ਕੈਂਪਸ ਡਾਇਰੈਕਟਰ ਡਾ. ਚੰਦਰ



ਮੋਹਨ, ਮੈਨੇਜਮੈਂਟ ਕਾਲਜ ਦੇ ਪ੍ਰਿੰਸਪਲ ਡਾ. ਹਰਿੰਦਰ ਗਿਲ, ਅਤੇ ਇੰਜੀਨੀਅਰਿੰਗ ਕਾਲਜ ਦੇ ਪ੍ਰਿੰਸਪਲ ਡਾ. ਗੁਰਜੀਤ ਸਿੰਘ ਸਮੇਤ ਕਈ ਵਿਸ਼ੇਸ਼ ਮਹਿਮਾਨ ਮੌਜੂਦ ਰਹੇ।ਇਸ ਸਫਲ ਆਯੋਜਨ ਦੀ ਅਗਵਾਈ ਫੈਸ਼ਨ ਡਿਜ਼ਾਇਨ ਵਿਭਾਗ ਦੇ ਇੰਚਾਰਜ ਪ੍ਰੋ. ਚਰਨਪ੍ਰੀਤ ਸਿੰਘ ਨੇ ਕੀਤੀ, ਜਦਕਿ ਕੋਆਰਡੀਨੇਸ਼ਨ ਦੀ ਜ਼ਿੰਮੇਵਾਰੀ ਪ੍ਰੋ. ਤੇਜਸਵੀ ਚੌਧਰੀ ਨੇ ਨਿਭਾਈ।

# ਗੁਰਦੁਆਰਾ ਬਾਬਾ ਯੱਖ ਜੀ ਵਿਖੇ ਬੂਟਿਆਂ ਦਾ ਲੰਗਰ ਲਗਾਇਆ

**ਮਹਿਟੀਆਣਾ (ਜਗਤਾਰ ਭੁੰਗਰਨੀ)**

ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਮਹਾਰਾਜ ਵੱਲੋਂ ਵਰਸਾਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਡਿਸਪੈਂਸਰੀ ਅਤੇ ਲੈਬੋਰਟਰੀ ਦੇ ਸਹਿਯੋਗ ਨਾਲ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ (ਰਜਿ.) ਅਜਨੋਹਾ ਵਲੋਂ 16 ਵਾਂ ਬੂਟਿਆਂ ਦਾ ਲੰਗਰ ਗੁਰਦੁਆਰਾ ਸਾਹਿਬ ਬਾਬਾ ਯੱਖ ਜੀ ਪਿੰਡ ਨਰੂੜ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਹੇਠ ਲਗਾਇਆ ਗਿਆ । ਬੂਟਿਆਂ ਦੇ ਲੰਗਰ ਵਿੱਚ ਟਾਹਲੀ, ਨਿੰਮ, ਸੁਹਾਜਣਾ, ਛਤਰੀ ਵਾਲੀ ਡੇਕ, ਅਰਜੁਨ, ਸੁਖਚੈਨ, ਅੰਬ, ਆੜੂ, ਆਲੂ ਬੁਖਾਰਾ, ਜਾਮਣ ਦਾ ਬੂਟਾ ਅਤੇ ਗੁਲਾਬ ਦੇ ਫੁੱਲਾਂ ਦਾ ਬੂਟਾ ਆਦਿ 1000 ਬੂਟੇ ਵੰਡੇ ਗਏ।ਇਸ ਮੌਕੇ ਹਾਜ਼ਰ ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਪ੍ਰਧਾਨ ਜਸਵੀਰ ਸਿੰਘ, ਖਜ਼ਾਨਚੀ ਕੁਲਵਰਨ





ਸਿੰਘ, ਉਂਕਾਰ ਸਿੰਘ, ਗੁਰਪਾਲ ਸਿੰਘ ਨਡਾਲੋਂ, ਸੁਰਿੰਦਰ ਪਾਲ ਸਿੰਘ ਅਜਨੋਹਾ, ਨਿਰਮਲ ਸਿੰਘ, ਰਾਵਲ ਸਿੰਘ, ਭੁਪਿੰਦਰ ਸਿੰਘ, ਕਮਲਜੀਤ ਸਿੰਘ ਰਾਣਾ ਅਜਨੋਹਾ, ਪਰਮਿੰਦਰ ਸਿੰਘ,ਪ੍ਰੇਮ ਨਾਥ, ਮਨਜੀਤ ਕੌਰ, ਉਰਮਲਾ, ਪਰਮਜੀਤ ਕੌਰ, ਰਜਿੰਦਰ ਕੌਰ, ਹਰਜਿੰਦਰ ਸਿੰਘ, ਸੁਰਜੀਤ ਕੌਰ, ਰਾਜ ਰਾਣੀ, ਕਮਲਜੀਤ ਸਿੰਘ, ਕਾਲਾ, ਫਰਨਾ, ਬਲਜੀਤ ਕੌਰ, ਜੁਝਾਰ ਸਿੰਘ, ਸਾਹਿਬਪ੍ਰੀਤ ਸਿੰਘ, ਕੁਵਰ ਸਿੰਘ, ਗੁਰਜਿੰਦਰ ਸਿੰਘ, ਜਸਕਰਨ ਸਿੰਘ ਆਦਿ ਹਾਜ਼ਰ ਸਨ।

# ਪੀਰ ਬਾਬਾ ਰੋਡੇ ਸ਼ਾਹ ਦੇ ਦਰਬਾਰ 'ਤੇ ਕਰਵਾਇਆ ਛਿੰਝ ਮੇਲਾ



**ਕਾਲਾ ਸੰਘਿਆਂ (ਮਨਜੀਤ ਮਾਨ)**

ਪਿੰਡ ਜੱਲੋਵਾਲ ਮਾਧੋਪੁਰ ਦੇ ਪੀਰ ਬਾਬਾ ਰੋਡੇ ਸ਼ਾਹ ਜੀ ਦੇ ਦਰਬਾਰ 'ਤੇ ਸਲਾਨਾ ਛਿੰਝ ਮੇਲਾ ਪਿੰਡ ਦੀ ਸਮੂਹ ਗ੍ਰਾਮ ਪੰਚਾਇਤ, ਨਗਰ ਨਿਵਾਸੀਆਂ ਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਐ। ਇਸ ਮੇਲੇ ਦਾ ਉਦਘਾਟਨ ਸਾਬਕਾ ਸੇਵਾ ਮੁਕਤ ਇੰਸਪੈਕਟਰ ਸਰਪੰਚ ਕੁਲਵੰਤ ਸਿੰਘ, ਸਰਪੰਚ, ਇੰਸਪੈਕਟਰ ਬਲਵਿੰਦਰ ਸਿੰਘ, ਜਗਦੀਸ਼ ਸਿੰਘ ਇੰਸਪੈਕਟਰ ਪੰਜਾਬ ਪੁਲਸ, ਜਸਪਾਲ ਸਿੰਘ ਇੰਸਪੈਕਟਰ ਪੰਜਾਬ ਪੁਲਸ, ਗੁਰਮੇਲ ਸਿੰਘ, ਤੇਜਪਾਲ ਸਿੰਘ ਸਾਬਕਾ ਸਰਪੰਚ, ਪ੍ਰਸ਼ੋਤਮ ਲਾਲ ਤੇ ਸੁਖਵਿੰਦਰ ਸਿੰਘ ਚਾਹਲ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਛਿੰਝ ਮੇਲੇ ਦੌਰਾਨ ਸੰਨੀ ਕਾਲਾ ਸੰਘਿਆਂ, ਭੁਪਿੰਦਰ ਅਜਨਾਲਾ, ਅਮਰੀਕ ਵਾਲੋਕੀ ਜੇਤੂ ਰਹੇ। ਪਟਕੇ ਦੀ ਕੁਸ਼ਤੀ ਧਰਮਿੰਦਰ ਕੁਹਾਲੀ ਤੇ ਭੁਪਿੰਦਰ ਅਜਨਾਲਾ ਦਰਮਿਆਨ ਬਰਾਬਰ ਰਹੀ। ਇਸ ਮੌਕੇ ਕੁਮੈਂਟਰੀ ਸੋਢੀ ਟਿੱਬਾ, ਦਵਿੰਦਰ ਕਿਲੀ ਤੇ ਨਾਇਤੀ ਜੱਲੋਵਾਲ ਵੱਲੋਂ ਕੀਤੀ ਗਈ। ਇਸ ਮੌਕੇ ਪਹਿਲਵਾਨੀ ਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੀਆਂ ਸ਼ਖ਼ਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਬਾਬਾ ਨਛੱਤਰ ਸਿੰਘ, ਰੇਸ਼ਮ ਸਿੰਘ, ਹਾਕਮ ਸਿੰਘ, ਪਿਆਰਾ ਸਿੰਘ ਖਾਲਸਾ, ਜੀਵਨ ਕੁਮਾਰ, ਸਾਬਕਾ ਕਬੱਡੀ ਖਿਡਾਰੀ ਬਿੱਲਾ ਕਾਲਾ ਸੰਘਿਆਂ, ਸਾਬਕਾ ਕਬੱਡੀ ਖਿਡਾਰੀ ਜੋਗਾ ਕਾਲਾ ਸੰਘਿਆਂ, ਸਾਬੀ ਰਸੂਲਪੁਰੀ ਜ਼ਿਲ੍ਹਾ ਪ੍ਰਧਾਨ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਪੰਮਾ ਮੱਟੂ, ਮੱਟੂ ਟੈਂਟ ਹਾਊਸ ਉੱਗੀ ਦਾ ਸਨਮਾਨ ਵੀ ਕੀਤਾ ਗਿਆ।

# ਢਾਹਾਂ ਕਲੇਰਾਂ ਨਰਸਿੰਗ ਕਾਲਜ 'ਚ ਸਹੁੰ ਚੁੱਕ ਸਮਾਗਮ



**ਬੰਗਾ (ਅਵਤਾਰ ਕਲੇਰ)**

ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ-ਕਲੇਰਾਂ ਵਿਖੇ ਨਵੇਂ ਨਰਸਿੰਗ ਵਿਦਿਆਰਥੀਆਂ ਨੇ ਆਪਣੇ ਨਰਸਿੰਗ ਕਿੱਤੇ ਪ੍ਰਤੀ ਵਫ਼ਾਦਾਰ ਰਹਿਣ ਅਤੇ ਮਨੁੱਖਤਾ ਦੀ ਸੇਵਾ ਕਰਨ ਲਈ ਸਹੁੰ ਚੁੱਕੀ। ਸਮਾਗਮ ਦਾ ਉਦਘਾਟਨ ਮੁੱਖ ਮਹਿਮਾਨ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਸ਼ਮ੍ਹਾ ਰੌਸ਼ਨ ਕਰ ਕੇ ਕੀਤਾ। ਕੁਲਵਿੰਦਰ ਸਿੰਘ ਢਾਹਾਂ ਨੇ ਨਵੇਂ ਵਿਦਿਆਰਥੀਆਂ ਨੂੰ ਜੀ ਆਇਆਂ ਕਹਿੰਦੇ ਹੋਏ ਕਿਹਾ ਕਿ ਨਰਸਿੰਗ ਦਾ ਕਿੱਤਾ ਇੱਕ ਪਵਿੱਤਰ ਰੁਜ਼ਗਾਰ ਹੈ, ਜਿਸ ਵਿਚ ਕੰਮ ਕਰਨ ਦੇ ਨਾਲ ਕਮਾਈ ਅਤੇ ਮਨੁੱਖਤਾ ਦੀ ਸੇਵਾ ਵੀ ਹੁੰਦੀ ਹੈ । ਇਸ ਮੌਕੇ ਉਹਨਾਂ ਨੇ ਨਵੇਂ ਨਰਸਿੰਗ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਵੀ ਭੇਟ ਕੀਤੀਆਂ। ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਨੇ ਨਰਸਿੰਗ ਦੀ ਜਨਮਦਾਤੀ ਫਲੋਰੈਂਸ ਨਾਇਟਿੰਗੇਲ ਦੇ ਜੀਵਨ ਸੰਘਰਸ਼ ਅਤੇ ਨਰਸਿੰਗ ਕਿੱਤੇ ਨੂੰ ਉਨ੍ਹਾਂ ਦੀ ਦੇਣ ਬਾਰੇ ਜਾਣਕਾਰੀ ਦਿੱਤੀ ਅਤੇ ਨਵੇਂ ਵਿਦਿਆਰਥੀਆਂ ਨੂੰ ਨਰਸਿੰਗ ਕਿੱਤੇ ਵਿੱਚ ਇਮਾਨਦਾਰੀ ਰੱਖਣ ਲਈ ਪ੍ਰੇਰਿਆ। ਇਸ ਮੌਕੇ ਮੈਡਮ ਵੰਦਨਾ ਬਸਰਾ ਨੇ ਸਟੇਜ ਸੰਚਾਲਨ ਕਰਦੇ ਹੋਏ ਨਵੇਂ ਨਰਸਿੰਗ ਵਿਦਿਆਰਥੀਆਂ ਨੂੰ ਨਰਸਿੰਗ ਦੀ ਸਹੁੰ ਚੁਕਾਉਣ ਦੀ ਰਸਮ ਅਦਾ ਕਰਵਾਈ । ਕਾਲਜ ਦੇ ਨਵੇਂ ਨਰਸਿੰਗ ਵਿਦਿਆਰਥੀਆਂ ਨੇ ਆਧੁਨਿਕ ਨਰਸਿੰਗ ਦੀ ਮੋਢੀ ਫਲੋਰੈਂਸ ਨਾਈਟਇੰਗੇਲ ਦੇ ਸਾਹਮਣੇ ਮੋਮਬੱਤੀਆਂ ਜਗਾ ਕੇ ਨਰਸਿੰਗ ਕਿੱਤੇ ਪ੍ਰਤੀ ਪੂਰੀ ਇਮਾਨਦਾਰੀ ਰੱਖਣ ਦੀ ਸਮੂਹਿਕ ਰੂਪ ਵਿਚ ਸਹੁੰ ਚੁੱਕੀ। ਇਸ ਸਹੁੰ ਚੁੱਕ ਸਮਾਗਮ ਵਿੱਚ ਜਗਜੀਤ ਸਿੰਘ ਸੋਢੀ ਮੀਤ ਸਕੱਤਰ ਟਰੱਸਟ, ਰਮਨਦੀਪ ਕੌਰ ਵਾਈਸ ਪ੍ਰਿੰਸੀਪਲ, ਮੈਡਮ ਸੁਖਮਿੰਦਰ ਕੌਰ ਉੱਭੀ, ਮੈਡਮ ਰਾਬੀਆ ਹਾਟਾ ਅਤੇ ਹੋਰ ਅਧਿਆਪਕਾਂ ਨੇ ਵੀ ਸ਼ਿਰਕਤ ਕੀਤੀ।

# ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਇਨਾਮ ਵੰਡ ਸਮਾਰੋਹ

**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਓਂਕਾਰ ਸਿੰਘ)**-ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆ ਵਿਖੇ ਸਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਮਾਤਾ ਸਾਹਿਬ ਕੌਰ ਸਿੱਖਿਆ ਸੰਸਥਾਵਾਂ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੀ ਪ੍ਰਧਾਨਗੀ ਤੇ ਪ੍ਰਿੰਸੀਪਲ ਅੰਜੂ ਬਾਲਾ ਦੀ ਅਗਵਾਈ ਹੇਠ ਕਰਵਾਏ ਗਏ ਇਸ ਇਨਾਮ ਵੰਡ ਸਮਾਰੋਹ ਵਿਚ ਉਘੇ ਸਮਾਜ ਸੇਵੀ ਆਗੂ ਰਸ਼ਪਾਲ ਸਿੰਘ ਬੱਚਾ ਜੀਵੀ ਗਵਰਨਰ ਲਾਇਨ ਇੰਟਰਨੈਸ਼ਨਲ 321 ਡੀ ਨੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਦ ਕਿ ਇਸ ਮੌਕੇ ਸੁਖਦੇਵ ਰਾਜ ਜੰਗੀ, ਸਰਪੰਚ ਗੁਰਚਰਨ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਸਾਲ 2024- 25 ਸਾਲ ਦੌਰਾਨ ਵਿਦਿਅਕ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਪਹਿਲੀ ਤੋਂ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਵਧੀਆ ਪੁਜ਼ੀਸ਼ਨਾਂ ਹਾਸਲ ਕਰਨ 'ਤੇ ਸਨਮਾਨਤ ਕੀਤਾ ਗਿਆ। ਇਨਾਮ ਵੰਡ ਸਮਾਰੋਹ ਦੀ ਸ਼ੁਰੂਆਤ ਸਕੂਲ ਦੇ ਬੱਚਿਆਂ ਨੇ ਇੱਕ ਧਾਰਮਿਕ ਸ਼ਬਦ ਗਾਇਨ ਕਰਕੇ ਕੀਤੀ ਉਪਰੰਤ ਗਿੱਧਾ ਭੰਗੜਾ ਪੇਸ਼ ਕਰਕੇ ਇਨਾਮ ਵੰਡ ਸਮਾਰੋਹ ਦੀ ਰੌਣਕ ਨੂੰ ਵਧਾਇਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਅੰਜੂ ਬਾਲਾ ਵੱਲੋਂ ਸਕੂਲ ਦੀ ਪ੍ਰਾਪਤੀਆਂ ਤੇ ਵਿੱਦਿਅਕ ਖੇਤਰ ਵਿੱਚ ਪਾਏ ਜਾ ਰਹੇ ਅਹਿਮ ਯੋਗਦਾਨ ਪ੍ਰਤੀ ਚਾਨਣਾ ਪਾਇਆ ਗਿਆ । ਸੰਸਥਾ ਦੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਨੇ ਸੰਸਥਾ ਵੱਲੋਂ ਵਿਦਿਅਕ ਖੇਤਰ ਵਿੱਚ ਦਿੱਤੀਆਂ ਜਾ ਰਹੀਆਂ ਸੇਵਾਵਾਂ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਸੇਵਾ ਦੇ ਨਾਲ ਨਾਲ ਜਿੱਥੇ ਬੱਚਿਆਂ ਨੂੰ ਸਿੱਖਿਆ



ਦਿੱਤੀ ਜਾਂਦੀ ਹੈ ਉੱਥੇ ਇਨਾਂ ਬੱਚਿਆਂ ਨੂੰ ਗੁਰਮਤਿ ਸਿਖਲਾਈ ਦੇ ਨਾਲ ਨਾਲ ਉਹਨਾਂ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਵੀ ਜੋੜ ਕੇ ਰੱਖਿਆ ਜਾਦਾ ਹੈ। ਇਸ ਮੌਕੇ ਉਨਾਂ ਨੇ ਆਈਆਂ ਸ਼ਖਸੀਅਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਉਪਰੰਤ ਰਸ਼ਪਾਲ ਸਿੰਘ ਬੱਚਾਜੀਵੀ ਨੇ ਕਿਹਾ ਕਿ ਇਲਾਕੇ ਵਿੱਚ ਅਜਿਹੀਆਂ ਸੰਸਥਾਵਾਂ ਵਿਦਿਆ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾ ਰਹੀਆਂ ਹਨ। ਇਸ ਮੌਕੇ ਸਕੂਲ ਸਟਾਫ ਵਿੱਚ ਪਰਮਜੀਤ ਕੌਰ, ਜਸਵਿੰਦਰ ਕੌਰ, ਜਸਵੀਰ ਕੌਰ, ਤਰਨਜੀਤ ਕੌਰ, ਰਾਜਵਿੰਦਰ ਕੌਰ, ਨੀਰਜ ਕੁਮਾਰ, ਦਮਨਜੀਤ ਕੌਰ, ਮਨਪ੍ਰੀਤ ਕੌਰ, ਡਿੰਪਲ ,ਸੁਖਵਿੰਦਰ ਕੌਰ, ਜੋਤੀ ਰਾਣੀ ਵੀ ਹਾਜ਼ਰ ਸਨ।

# ਕੁਸਮ ਲਤਾ ਵੱਲੋਂ ਸਰਕਾਰੀ ਹਾਈ ਸਕੂਲ ਮੌ ਸਾਹਿਬ ਨੂੰ ਵਾਟਰ ਕੂਲਰ ਤੇ ਆਰ ਓ ਭੇਟ



**ਫਿਲੌਰ (ਨਿਰਮਲ)**- ਮੈਡਮ ਕੁਸਮ ਲਤਾ ਸੁਪਤਨੀ ਸ੍ਰੀ ਦੇਸ ਰਾਜ ਵਾਸੀ ਲੁਧਿਆਣਾ ਵੱਲੋਂ ਆਪਣੇ ਬੱਚਿਆਂ ਦੇ ਆਸਟ੍ਰੇਲੀਆ ਵਿੱਚ ਪੱਕੇ ਹੋਣ ਦੀ ਖੁਸ਼ੀ ਵਿੱਚ ਸਰਕਾਰੀ ਹਾਈ ਸਕੂਲ ਮਾਓ ਸਾਹਿਬ ਨੂੰ 50000 ਦੀ ਲਾਗਤ ਮੁੱਲ ਦਾ ਵਾਟਰ ਕੂਲਰ ਤੇ ਆਰ ਓ ਭੇਟ ਕੀਤਾ ਗਿਆ। ਓਹਨਾਂ ਨਾਲ ਖਾਸ ਤੌਰ 'ਤੇ ਇਸ ਸਕੂਲ ਤੋਂ ਬਦਲੀ ਕਰਵਾ ਚੁੱਕੇ ਸਾਇੰਸ ਅਧਿਆਪਕਾ ਜਸਮੀਤ ਕੌਰ ਹਾਜ਼ਰ ਸਨ। ਇਸ ਮੌਕੇ ਸਰਕਰੀ ਹਾਈ ਸਕੂਲ ਮਾਓ ਸਾਹਿਬ ਦੇ ਸਮੂਹ ਸਟਾਫ, ਸਕੂਲ ਮੈਨਜਮੈਂਟ ਕਮੇਟੀ ਤੇ ਪਿੰਡ ਦੀ ਸਮੁੱਚੀ ਪੰਚਾਇਤ ਵਲੋਂ ਮੈਡਮ ਕੁਸਮ ਲਤ ਦੇ ਪਰਵਾਰ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਇੰਚਾਰਜ ਕਰਨੈਲ ਫਿਲੌਰ, ਸਰਪੰਚ ਪਰਮਿੰਦਰ ਕੌਰ, ਚੇਅਰਮੈਨ ਲਖਵਿੰਦਰ ਸਿੰਘ ਮਿੰਟਾ, ਸਾਬਕਾ ਸਰਪੰਚ ਪ੍ਰੇਮ ਸਿੰਘ, ਸਟਾਫ਼ ਮੈਬਰਾਂ ਵਿੱਚ ਜਗਜੀਵਨ ਸਿੰਘ, ਲੇਖ ਰਾਜ ਪੰਜਾਬੀ, ਅਮਨਦੀਪ, ਰੋਹਿਤ ਸੋਬਤੀ, ਪੁਸ਼ਪਿੰਦਰ ਕੌਰ, ਰੀਨਾ ਰਾਣੀ, ਰਾਜਦੀਪ ਕੌਰ, ਸਰੋਜ ਰਾਣੀ, ਹਰਵਿੰਦਰ ਕੌਰ, ਆਰਤੀ, ਸਵਰਨਜੀਤ ਕੌਰ, ਪਰਵੀਨ ਕੌਰ, ਆਦਿ ਹਾਜ਼ਰ ਸਨ।

# ਨਿਜ਼ਾਮਦੀਨਪੁਰ ਵਿਖੇ ਬਾਬਾ ਸਾਹਿਬ ਦਾ 134ਵਾਂ ਜਨਮ ਦਿਵਸ ਮਨਾਇਆ

**ਕਿਸ਼ਨਗੜ੍ਹ, (ਸੁਖਜੀਤ ਕੁਮਾਰ)**

ਨਜ਼ਦੀਕੀ ਪਿੰਡ ਨਿਜ਼ਾਮਦੀਨਪੁਰ ਵਿਖੇ ਭਾਰਤ ਰਤਨ ਡਾ. ਬੀ.ਆਰ.ਅੰਬੇਡਕਰ ਦਾ 134ਵਾਂ ਜਨਮ ਦਿਵਸ ਡਾ. ਬੀ.ਆਰ. ਅੰਬੇਡਕਰ ਮਿਸ਼ਨ ਅਤੇ ਵੈਲਫੇਅਰ ਸੋਸਾਇਟੀ (ਰਜਿ.) ਅੱਡਾ ਕਿਸ਼ਨਗੜ੍ਹ, ਡਾ. ਬੀ.ਆਰ.ਅੰਬੇਡਕਰ ਨੌਜਵਾਨ ਸਭਾ, ਸਮੂਹ ਨਗਰ ਨਿਵਾਸੀ ਤੇ ਗ੍ਰਾਮ ਪੰਚਾਇਤ ਨਿਜ਼ਾਮਦੀਨਪੁਰ ਆਦਿ ਸਾਰਿਆਂ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਮੌਕੇ ਸਮਾਗਮ 'ਚ ਪਹੁੰਚੀਆਂ ਹੋਈਆਂ ਸ਼ਖ਼ਸੀਅਤਾਂ ਵਿੱਚੋਂ ਤਹਿਸੀਲਦਾਰ ਵਿਜੇ ਕੁਮਾਰ ਅਹੀਰ, ਸੇਵਾ ਮੁਕਤ ਚੀਫ ਇੰਜੀਨੀਅਰ ਸੋਮਨਾਥ ਮਾਹੀ, ਪ੍ਰੇਮ ਕੁਮਾਰ ਕੈਲੇ ਰੇਲਵੇ ਅਫਸਰ, ਮੈਡਮ ਮੀਨਾ ਮਾਹੀ ਡਿਪਟੀ ਸਕੱਤਰ, ਸੇਵਾ ਮੁਕਤ ਪ੍ਰਿੰਸੀਪਲ ਚਰਨਾ ਰਾਮ, ਸੇਵਾ ਮੁਕਤ ਪ੍ਰਿੰਸੀਪਲ ਗਿਰਦਾਰੀ ਲਾਲ ਪਚਰੰਗਾ, ਸੇਵਾ ਮੁਕਤ ਲੈਕਚਰਾਰ ਸੁਰਜੀਤ ਲਾਲ ਸਹੋਤਾ, ਸਰਪੰਚ ਗੁਰਧਿਆਨ ਸਿੰਘ, ਪ੍ਰਧਾਨ ਮਹਿੰਦਰ ਕੁਮਾਰ ਕਨੂੰਨਗੋ, ਵਾਇਸ ਪ੍ਰਧਾਨ ਮਨੋਹਰ ਬੈਂਸ ਜੰਡੂਸਿੰਘਾ, ਬਾਬਾ ਸੁਖਦੇਵ ਸੁੱਖੀ ਬੱਲਾਂ, ਬੂਟਾ ਸਿੰਘ ਸੰਘਵਾਲ, ਸੇਵਾ ਮੁਕਤ ਰੇਂਜ ਅਫਸਰ ਸਤਪਾਲ ਸਿੰਘ ਬੰਗੜ, ਸੇਵਾ ਮੁਕਤ ਕਾਨੂੰਨਗੋ ਸਾਲਗ ਰਾਮ ਸਰੋਆ, ਆਪ ਆਗੂ ਬੀ.ਸੀ. ਸੁਰੀਲਾ, ਸਾਬਕਾ ਸਰਪੰਚ ਗੁਰਦਿਆਲ ਸਿੰਘ, ਸਾਬਕਾ ਸਰਪੰਚ ਰਾਜੇਸ਼ ਕੁਮਾਰ ਸਰਮਸਤਪੁਰ, ਸਰਪੰਚ ਡਾ. ਗੁਰਬਖ਼ਸ਼ ਸੁਆਮੀ ਕਿਸ਼ਨਗੜ੍ਹ ਆਦਿ ਵੱਲੋਂ ਸਾਂਝੇ ਤੌਰ 'ਤੇ ਬਾਬਾ ਸਾਹਿਬ ਦੀ ਪ੍ਰਤਿਮਾ ਨੂੰ ਫੁੱਲਮਾਲਾਵਾਂ ਅਰਪਿਤ ਕੀਤੀਆਂ ਗਈਆਂ। ਇਸ ਮੌਕੇ ਪ੍ਰਗਤੀ ਕਲਾ ਕੇਂਦਰ ਲਾਂਦੜਾ ਦੀ ਸਮੁੱਚੀ ਰੰਗਕਰਮੀ ਟੀਮ ਵੱਲੋਂ ਨਿਰਦੇਸ਼ਕ ਸੋਢੀ ਰਾਣਾ ਦੀ ਅਗਵਾਈ 'ਚ ਬਾਬਾ ਸਾਹਿਬ ਦੇ ਜੀਵਨ, ਮਿਸ਼ਨ 'ਤੇ ਅਧਾਰਿਤ ਵੱਖ-ਵੱਖ ਕੋਰੀਓਗਰਾਫੀਆਂ ਦੀਆਂ ਬੇਹਤਰੀਨ ਪੇਸ਼ਕਾਰੀਆਂ ਕੀਤੀਆਂ ਗਈਆਂ। ਇਸ ਮੌਕੇ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਨਿਜ਼ਾਮਦੀਨਪੁਰ ਦੇ ਪਹਿਲੀ ਤੋਂ ਲੈ ਕੇ ਪੰਜਵੀਂ ਤੱਕ ਦੀਆਂ ਜਮਾਤਾਂ ਵਿੱਚੋਂ ਪਹਿਲਾ, ਦੂਸਰਾ ਤੇ ਤੀਸਰਾ ਸਥਾਨ ਹਾਸਲ ਕਰਨ ਵਾਲੇ



ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਤਹਿਸੀਲਦਾਰ ਵਿਜੇ ਕੁਮਾਰ ਅਹੀਰ, ਚੀਫ ਇੰਜੀਨੀਅਰ ਸੋਮਨਾਥ ਮਾਹੀ, ਪ੍ਰੇਮ ਕੁਮਾਰ ਕੈਲੇ ਰੇਲਵੇ ਅਫਸਰ, ਮੈਡਮ ਮੀਨਾ ਮਾਹੀ ਡਿਪਟੀ ਸਕੱਤਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਪਟਿਆਲਾ, ਸੇਵਾ ਮੁਕਤ ਲੈਕਚਰਾਰ ਸੁਰਜੀਤ ਲਾਲ ਸਹੋਤਾ, ਮਨੋਹਰ ਬੈਂਸ ਜੰਡੂਸਿੰਘਾ ਆਦਿ ਨੇ ਸਾਂਝੇ ਤੌਰ 'ਤੇ ਆਖਿਆ ਕਿ ਆਓ ਆਪਾਂ ਸਾਰੇ ਉਨਾਂ ਦੇ ਆਰੰਭੇ ਸੰਘਰਸ਼ ਦੇ ਕਾਰਵਾਂ ਨੂੰ ਹਮੇਸ਼ਾ ਅੱਗੇ ਵਧਦਾ ਰੱਖਣ ਲਈ ਅਤੇ ਉਨ੍ਹਾਂ ਦੇ ਸੰਵਿਧਾਨ ਦੇ ਮੂਲ ਢਾਂਚੇ ਨੂੰ ਬਚਾਉਣ ਹਿੱਤ ਦ੍ਰਿੜ ਸੰਕਲਪ ਲਈਏ। ਇਸ ਮੌਕੇ ਲੈਕਚਰਾਰ ਸੁਰਜੀਤ ਲਾਲ ਨੇ ਬਾਬਾ ਸਾਹਿਬ ਦੇ ਤਿੰਨ ਉਪਦੇਸ਼ਾਂ ਵਿੱਚੋਂ ਪਹਿਲੇ ਨੰਬਰ 'ਤੇ ਬੱਚਿਆਂ ਦੀ ਪੜ੍ਹਾਈ 'ਤੇ ਮਾਪਿਆਂ ਨੂੰ ਵਿਸ਼ੇਸ਼ ਤੌਰ 'ਤੇ ਜ਼ੋਰ ਦੇਣ ਲਈ ਅਪੀਲ ਕੀਤੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਏ ਹੋਏ ਵਿਸ਼ੇਸ਼ ਮਹਿਮਾਨਾਂ, ਇਲਾਕੇ ਦੇ ਪਤਵੰਤੇ ਸੱਜਣਾਂ ਤੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਾਲੀਆਂ ਸ਼ਖਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਹੋਰਾਂ ਤੋਂ ਇਲਾਵਾ ਲੈਕਚਰਾਰ ਸੁਰਜੀਤ ਸਿੰਘ ਜੱਸਲ, ਗੁਰਕ੍ਰਿਪਾਲ ਸਿੰਘ ਮਹੇ, ਐਸ ਆਈ ਰਜੇਸ਼ ਕੁਮਾਰ ਵਿਰਦੀ, ਸ਼ਮਸ਼ੇਰ ਭਾਰਤੀ, ਸਾਬਕਾ ਸਰਪੰਚ ਪਰਮਜੀਤ ਕੁਮਾਰ ਕਿਸ਼ਨਗੜ੍ਹ, ਸਾਬਕਾ ਸਰਪੰਚ ਸੁਰਿੰਦਰ ਬੰਗੜ ਕਰਾੜੀ, ਮਾ. ਪ੍ਰਵੀਨ ਕੁਮਾਰ ਕਰਾੜੀ, ਸਾਬਕਾ ਸਰਪੰਚ ਮਨਦੀਪ ਸਿੰਘ, ਜੈ ਪ੍ਰਕਾਸ਼ ਨਰਾਇਣ ਬਿਆਸ ਪਿੰਡ, ਦੀਪਕ ਸੋਂਧੀ ਕਾਲਾ ਬੱਕਰਾ, ਸੂਬੇਦਾਰ ਰੇਸ਼ਮ ਲਾਲ, ਗੁਰਮੀਤ ਰਾਮ, ਹਰਬਿਲਾਸ ਸਿੰਘ, ਮਲਕੀਤ ਸਿੰਘ ਲਾਲੀ ਨਿਜ਼ਾਮਦੀਨਪੁਰ, ਮਾ. ਵਿਜੇ ਕੁਮਾਰ ਪਚਰੰਗਾ, ਡਾ. ਮੱਖਣ ਲਾਲ ਨੁੱਸੀ, ਸੇਵਾ ਮੁਕਤ ਐਸ.ਡੀ.ਓ. ਬਲਵਿੰਦਰ ਬੰਗੜ, ਸਤਪਾਲ ਗਦਾਈਪੁਰ, ਬੀਪੀਈਓ ਸੂਰਤੀ ਲਾਲ, ਨੰਬਰਦਾਰ ਸੁਰੇਸ਼ ਕੁਮਾਰ ਬੁਲੰਦਪੁਰ, ਲੇਖਕ ਸਤਵਿੰਦਰ ਮਦਾਰਾਂ, ਮੁੱਖ ਅਧਿਆਪਕਾ ਮੈਡਮ ਸੰਤੋਸ਼ ਕੁਮਾਰੀ, ਮਨਜੀਤ ਰਾਏ ਬੱਲ, ਮਾ. ਰਿਸ਼ੀ ਕੁਮਾਰ, ਸੁੱਚਾ ਸਿੰਘ, ਰੇਸ਼ਮ ਲਾਲ, ਨਰਿੰਦਰ ਕੁਮਾਰ, ਬਲਜੀਤ ਸਿੰਘ ਪੰਚ, ਅਮਰਜੀਤ ਜੱਸਲ, ਮਾ. ਨਰੇਸ਼ ਕੁਮਾਰ, ਸੰਸਾਰੀ ਲਾਲ, ਰਾਜ ਕੁਮਾਰ, ਅਸ਼ੋਕ ਕੁਮਾਰ, ਨਰੇਸ਼ ਕੁਮਾਰ ਵਿਰਦੀ ਸਲੇਮਪੁਰ ਮੁਸਲਮਾਨਾਂ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੰਚ ਸੰਚਾਲਨ ਦੀਆਂ ਸੇਵਾਵਾਂ ਸਕੱਤਰ ਮਨੋਹਰ ਬੈਂਸ ਜੰਡੂ ਸਿੰਘਾ ਵੱਲੋਂ ਨਿਭਾਈਆਂ ਗਈਆਂ। ਅੰਤ 'ਚ ਲੰਗਰ ਦੇ ਅਟੁੱਟ ਭੰਡਾਰੇ ਵਰਤਾਏ ਗਏ।

# ਕੰਗਣਾ ਬੇਟ ਵਿਖੇ ਮਮਤਾ ਦਿਵਸ ਮਨਾਇਆ



**ਬਲਾਚੌਰ (ਜਸਵਿੰਦਰ ਬੈਂਸ)**-ਸਿਵਲ ਸਰਜਨ ਗੁਰਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਬ ਸੈਂਟਰ ਕੰਗਣਾ ਬੇਟ ਵਿਖੇ ਮਮਤਾ ਦਿਵਸ ਮਨਾਇਆ ਗਿਆ।ਜਿਸ ਦੌਰਾਨ ਸਟੇਟ ਪ੍ਰੋਜੈਕਟ ਅਫਸਰ ਡਾ. ਮੀਤ ਵੱਲੋਂ ਵਿਸ਼ੇਸ਼ ਤੌਰ 'ਤੇ ਚੈਕਿੰਗ ਕੀਤੀ ਗਈ।ਉਨ੍ਹਾਂ ਵੱਲੋਂ ਵੈਕਸੀਨ ਦੇ ਰੱਖ ਰਖਾਵ, ਵਾਈਨ ਪਾਲਸੀ ਅਤੇ ਰਜਿਸਟਰ ਵਰਕ ਆਦਿ ਦੀ ਜਾਂਚ ਕੀਤੀ ਗਈ। ਚੈਕਿੰਗ ਦੌਰਾਨ ਜਿੱਥੇ ਸਮੁੱਚੇ ਸਟਾਫ ਮੈਂਬਰ ਹਾਜ਼ਰ ਪਾਏ ਗਏ ਉਥੇ ਉਨ੍ਹਾਂ ਸਮੁੱਚੇ ਕੰਮ ਕਾਜ ਪ੍ਰਤੀ ਵੀ ਪੂਰੀ ਤਸੱਲੀ ਪ੍ਰਗਟਾਈ।ਇਸ ਦੌਰਾਨ ਗਰਭਵਤੀ ਔਰਤਾਂ ਦਾ ਟੀਕਾਕਰਨ ਕੀਤਾ ਗਿਆ ਅਤੇ ਉਨ੍ਹਾਂ ਨੂੰ ਪੋਸ਼ਟਿਕ ਅਹਾਰ ਲੈਣ ਲਈ ਪ੍ਰੇਰਿਤ ਕੀਤਾ ਗਿਆ।ਔਰਤਾਂ ਨੂੰ ਆਪਣਾ ਜਣੇਪਾ ਸਰਕਾਰੀ ਹਸਪਤਾਲਾਂ ਵਿੱਚ ਕਰਵਾਉਣ ਲਈ ਵੀ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਜਸਬੀਰ ਕੌਰ ਹੈਲਥ ਸੁਪਰਵਾਈਜਰ, ਸਰਬਜੀਤ ਕੌਰ ਏ ਐਨ ਐਮ, ਮਨਜੀਤ ਸਿੰਘ, ਮਿਹਰ ਕੌਰ, ਪੁਸ਼ਪਾ ਰਾਣੀ, ਮਨਜੀਤ ਕੌਰ, ਅੰਜੂ ਬਾਲਾ, ਸਮੁੱਚੇ ਆਸ਼ਾ ਵਰਕਰ ਅਤੇ ਸਟਾਫ ਮੈਂਬਰ ਹਾਜ਼ਰ ਸਨ।